
ਪ੍ਰਕਾਸ਼ਨ ਨੰ : 374

# ਜੀਵਨ ਗਾਥਾ
# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ



ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਰੁਪਏ 17

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਕਾਸ਼ਨ ਨੰ: 374

# ਜੀਵਨ ਗਾਥਾ
# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਲੇਖਕ

ਸ: ਕਿਰਪਾਲ ਸਿੰਘ 'ਚੰਦਨ'

ਪ੍ਰਕਾਸ਼ਕ

ਸਿੱਖ ਮਿਸ਼ਨਰੀ ਕਾਲਜ (ਰਜਿ:)

ਲੁਧਿਆਣਾ।

# ਤਤਕਰਾ


I. ਆਦਿ ਕਥਨ ...5

II. ਜਨਮ ਤੇ ਬਚਪਨ ...9

ਜਨਮ–9; ਪ੍ਰਿਥੀ ਚੰਦ ਦੇ ਕੋਝੇ ਯਤਨ–9; ਸੀਤਲਾ ਨਿਕਲੀ–11; ਪੜ੍ਹਾਈ ਅਤੇ ਸ਼ਸਤਰ ਵਿਦਿਆ–12; ਗੁਰਿਆਈ ਦੀ ਜ਼ਿੰਮੇਵਾਰੀ–13

III. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਭਾਵ ...15

ਡਰੋਲੀ ਗਏ–17

IV. ਚੜ੍ਹਦੀ ਕਲਾ ਦਾ ਸੰਚਾਰ ...20

ਹੁਕਮਨਾਮੇ ਭੇਜੇ–21; ਸ੍ਰੀ ਅਕਾਲ ਤਖ਼ਤ ਸਾਹਿਬ–22; ਸ਼ਹਿਰ ਦੀ ਸੁਰੱਖਿਆ–25; ਲੋਹਗੜ੍ਹ ਕਿਲ੍ਹਾ–26; ਗੁਰੂ ਜੀ ਦੀ ਫ਼ੌਜ–26; ਚੜ੍ਹਦੀ ਕਲਾ ਦੇ ਹੁਲਾਰੇ–27

V. ਨਜ਼ਰਬੰਦੀ ਤੇ ਰਿਹਾਈ ...29

ਸਿੱਖ ਲਹਿਰ ਨੂੰ ਦਬਾਉਣ ਦਾ ਯਤਨ–29; ਸੱਚੇ ਪਾਤਸ਼ਾਹ ਦਾ ਸਿੱਖ–32; ਨਜ਼ਰਬੰਦੀ (ਗ੍ਰਿਫ਼ਤਾਰੀ)–33; ਪੰਜਾਬ ਦੇ ਹਾਲਾਤ–36; ਚੰਦੂ ਦੀਆਂ ਸਾਜ਼ਿਸ਼ਾਂ–37; ਰਿਹਾਈ–37; ਬੰਦੀਛੋੜ ਦਾਤਾ–38; ਗੁਰੂ ਹਰਿਗੋਬਿੰਦ ਸਾਹਿਬ ਦਾ ਪਰਿਵਾਰ–38

VI. ਮੁੜ ਪੰਜਾਬ ਵਿਚ ...40

ਸਿੱਖ ਸੰਗਤਾਂ ਮੁੜ ਸਰਗਰਮ–40; ਚੰਦੂ ਦੀ ਮੌਤ–41; ਮਿਹਰਬਾਨ ਨਾਲ ਮੇਲ–41; ਪੰਜਾਬ ਵਿਚ ਧਰਮ ਪ੍ਰਚਾਰ-ਯਾਤਰਾ–42; ਮਾਝੇ ਦੇ ਪਿੰਡਾਂ ਵਿਚ–42; ਮਾਈ ਸੁਲੱਖਣੀ 'ਤੇ ਬਖ਼ਸ਼ਿਸ਼–42; ਦੁਆਬੇ ਦੀ ਪ੍ਰਚਾਰ-ਫੇਰੀ–43; ਮਾਲਵੇ ਵਿਚ–44; ਜਹਾਂਗੀਰ ਦਰਬਾਰ ਸਾਹਿਬ ਵਿਚ–45; ਸ੍ਰੀ ਹਰਗੋਬਿੰਦਪੁਰ–46

VII. ਕਸ਼ਮੀਰ ਦੀ ਪ੍ਰਚਾਰ ਯਾਤਰਾ ...48

ਪ੍ਰਚਾਰ ਯਾਤਰਾ ਆਰੰਭ–49; ਮਾਤਾ ਭਾਗਭਰੀ ਦੀ ਭੇਟਾ–49; ਭਾਈ ਕੱਟੂ ਸ਼ਾਹ–50; ਗੁਜਰਾਤ ਵਿਚ–51; ਬੀਬੀ ਕੌਲਾਂ ਦਾ ਗੁਰਬਾਣੀ ਨਾਲ ਪਿਆਰ–53; ਗੁਰੂ ਦਾ ਘੋੜਾ, ਗੁਰੂ ਜੀ ਕੋਲ–54; (ਗੁਰੂ) ਤੇਗ ਬਹਾਦਰ ਜੀ ਦਾ ਪ੍ਰਕਾਸ਼–54

VIII. ਰਾਜ-ਬਦਲੀ ਤੇ ਹੋਰ ਸਮਾਚਾਰ ...55

ਜਹਾਂਗੀਰ ਦਾ ਅੰਤਲਾ ਸਮਾਂ–55; ਸ਼ਾਹਜਹਾਨ ਤਖ਼ਤ ਤੇ ਬੈਠਾ–56; ਬਾਬਾ ਗੁਰਦਿੱਤਾ ਜੀ ਦਾ ਵਿਆਹ–56; ਕੀਰਤਪੁਰ ਦੀ ਨੀਂਹ ਰੱਖਣੀ–56; ਬੀਬੀ ਕੌਲਾਂ ਦਾ ਅੰਮ੍ਰਿਤਸਰ ਆਉਣਾ–57; ਬਾਬਾ ਅਟੱਲ ਰਾਇ ਜੀ ਦਾ ਦਿਹਾਂਤ–58; ਮਾਤਾ ਗੰਗਾ ਜੀ ਦਾ ਅਕਾਲ ਚਲਾਣਾ–58; ਬਾਬਾ ਸ੍ਰੀ ਚੰਦ ਜੀ ਨਾਲ ਮੇਲ–59; ਬਾਬਾ ਸ੍ਰੀ ਚੰਦ ਜੀ ਦਾ ਦਿਹਾਂਤ–60; (ਗੁਰੂ) ਹਰਿ ਰਾਇ ਜੀ ਦਾ ਜਨਮ–60; ਡਰੋਲੀ ਜਾਣਾ–60; ਗੁਰੂ ਤੇ ਸਿੱਖਾਂ ਦਾ ਪਿਆਰ–61; ਮਾਤਾ ਦਮੋਦਰੀ ਜੀ ਦਾ ਅਕਾਲ ਚਲਾਣਾ–62; ਬਾਬਾ ਬੁੱਢਾ ਜੀ ਦਾ ਦਿਹਾਂਤ–62

(4)

IX. ਨਾਨਕ ਮਤੇ ਦੀ ਪ੍ਰਚਾਰ-ਯਾਤਰਾ ...63
ਗੜ੍ਹਵਾਲ ਰਿਆਸਤ ਵੱਲ–64

X. ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗ ...66
ਸਰਕਾਰ ਦੀ ਨੀਤੀ–66, ਪਹਿਲਾ ਜੰਗ ਰੁਹੇਲੇ (ਸ੍ਰੀ ਹਰਿਗੋਬਿੰਦਪੁਰ) ਦਾ–67, ਦੂਜਾ ਜੰਗ ਅੰਮ੍ਰਿਤਸਰ ਦਾ–69, ਤੀਜਾ ਜੰਗ ਮੇਹਰਾਜ (ਮਰਾੜ) ਦਾ–70, ਚੌਥਾ ਜੰਗ ਕਰਤਾਰਪੁਰ ਦਾ–72, ਪੰਜਵਾਂ ਜੰਗ ਪਲਾਹੀ ਸਾਹਿਬ (ਫਗਵਾੜੇ) ਦਾ–74

XI. ਕੀਰਤਪੁਰ ਸਾਹਿਬ ਵਿਖੇ ਨਿਵਾਸ ...75
ਪ੍ਰਸਿੱਧ ਵਿਅਕਤੀ ਦਰਸ਼ਨਾਂ ਨੂੰ ਆਏ–75, ਮੂਰਤੀ ਪੂਜਾ ਦਾ ਵਿਰੋਧ–75, ਧਰਮ ਪ੍ਰਚਾਰ ਦੇ ਕਾਰਜ–75, ਪ੍ਰਚਾਰਕ ਸਿੱਖ–77, ਕੁਰੂਕੇਸ਼ਤਰ ਜਾਣਾ–77, ਪਠਾਣਾਂ ਨਾਲ ਮੁੱਠ-ਭੇੜ–78, ਬੁੱਢਣ ਸ਼ਾਹ ਨਾਲ ਮਿਲਾਪ–78, ਭਾਈ ਗੁਰਦਾਸ ਜੀ ਦਾ ਦਿਹਾਂਤ –79, ਬਾਬਾ ਗੁਰਦਿੱਤਾ ਜੀ ਦਾ ਅਕਾਲ ਚਲਾਣਾ–79, ਬਾਬਾ ਧੀਰ ਮੱਲ ਦੀ ਈਰਖਾ–79, ਗੁਰੂ ਪ੍ਰੇਮ ਤੇ ਹੁਕਮ ਮੰਨਣ ਦੀਆਂ ਸਾਖੀਆਂ–80, (ਗੁਰੂ) ਹਰਿ ਰਾਇ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ–82, ਜੋਤੀ ਜੋਤਿ ਸਮਾਉਣਾ–82

XII. ਸਾਖੀਆਂ ਤੋਂ ਸਿਖਿਆ ...83
ਗੁਰੂ ਦਾ ਹੁਕਮ ਮੰਨਣਾ–83; ਸਿੱਖਾਂ ਨੂੰ ਸਵੱਰਗ ਦੀ ਲੋੜ ਨਹੀਂ–83; ਗੁਰੂ ਤੇ ਪ੍ਰਭੂ ਚਰਨਾਂ ਦੀ ਪ੍ਰੀਤ ਹੀ ਸਭ ਤੋਂ ਉੱਤਮ ਹੈ–85; ਕਰਾਮਾਤ–ਰੱਬੀ ਹੁਕਮ ਦਾ ਵਿਰੋਧ–86; ਸਿੱਖ ਦੀ ਸੇਵਾ–ਗੁਰੂ ਦੀ ਸੇਵਾ–86; ਗੁਰਬਾਣੀ ਦਾ ਸ਼ੁੱਧ ਉਚਾਰਨ–ਗੁਰਬਾਣੀ ਦਾ ਸਤਿਕਾਰ–87; ਗੁਰੂ ਤੇ ਸਿੱਖ ਦਾ ਪਿਆਰ–88

XIII. ਦੀਨ ਦੁਨੀ ਦਾ ਪਾਤਸ਼ਾਹ ...90
ਰੂਹਾਨੀਅਤ ਦੇ ਪੈਗੰਬਰ–91; ਗੁਰੂ ਨਾਨਕ ਜੋਤਿ ਦੇ ਧਾਰਨੀ–92; ਗੁਰਸਿੱਖਾਂ ਨਾਲ ਪਿਆਰ–93; ਨਿਮਾਣਿਆਂ ਦੇ ਮਾਣ–94; ਭਗਤੀ ਤੇ ਸ਼ਕਤੀ ਦੇ ਸੁਮੇਲ ਨੂੰ ਪ੍ਰਗਟ ਕਰਨ ਵਾਲੇ–95; ਕੌਮੀ ਸੰਗਠਨ ਨੂੰ ਮਜ਼ਬੂਤ ਕਰਨ ਵਾਲੇ–96; ਪ੍ਰਚਾਰ ਪ੍ਰਬੰਧ–96; ਸਫ਼ਲ ਜੰਗੀ ਜਰਨੈਲ ਤੇ ਨਿਪੁੰਨ ਯੋਧਾ–97; ਊਜਾਂ ਦਾ ਉੱਤਰ–99; ਅਗਵਾਈ ਦਾ ਸਮੁੱਚਾ ਪ੍ਰਭਾਵ–100

XIV. ਮੀਰੀ ਤੇ ਪੀਰੀ ਦਾ ਸਿਧਾਂਤ ...102
ਮੀਰੀ ਤੇ ਪੀਰੀ ਦਾ ਅਰਥ–102; ਪੀਰੀ ਤੋਂ ਸੱਖਣੀ ਮੀਰੀ–104; ਮੀਰੀ ਤੋਂ ਸੱਖਣੀ ਪੀਰੀ–104; ਮੀਰੀ ਤੇ ਪੀਰੀ ਦਾ ਸੁਮੇਲ–105; ਪੀਰੀ ਵਿਚੋਂ ਮੀਰੀ ਦਾ ਜਨਮ–108; ਮੀਰੀ-ਪੀਰੀ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ–109; ਮੀਰੀ ਦੇ ਅਭਾਵ ਨਾਲ ਧਾਰਮਿਕ ਗੁਲਾਮੀ–111; ਮੀਰੀ-ਪੀਰੀ ਦੇ ਸਿਧਾਂਤ ਦਾ ਵਿਕਾਸ–113; ਛੇਵੇਂ ਪਾਤਸ਼ਾਹ ਵੇਲੇ ਮੀਰੀ-ਪੀਰੀ ਪਰਗਟ ਰੂਪ ਵਿਚ–114; ਛੇਵੀਂ ਪਾਤਸ਼ਾਹੀ ਦੇ ਮਗਰੋਂ–116

XV. ਹਵਾਲੇ ...118

# ਆਦਿ ਕਥਨ

ਮਾਨਵਤਾ ਦੇ ਹਿਤਕਾਰੀ ਤੇ ਵਿਸ਼ਵ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤੀ ਸਮਾਜ ਦੀ ਦਸ਼ਾ ਬੜੀ ਤਰਸਯੋਗ ਸੀ। ਜੀਵਨ ਦੇ ਹਰ ਖੇਤਰ-ਧਾਰਮਿਕ, ਸਮਾਜਕ, ਆਰਥਕ ਤੇ ਰਾਜਨੀਤਕ—ਵਿਚ ਪੂਰੀ ਤਰ੍ਹਾਂ ਨਿਘਾਰ ਆ ਚੁੱਕਾ ਸੀ। ਜਨ ਸਾਧਾਰਣ ਪੁਜਾਰੀਆਂ, ਸਮਾਜਕ ਆਗੂਆਂ, ਪੂੰਜੀਪਤੀਆਂ ਅਤੇ ਸ਼ਾਸਕਾਂ ਦੀ ਲੁੱਟ ਦਾ ਸ਼ਿਕਾਰ ਹੋ ਰਿਹਾ ਸੀ। ਅਕਾਲ-ਰੂਪ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਅਜਿਹੀ ਦਰਦਨਾਕ ਦਸ਼ਾ ਵਿਚੋਂ ਕੱਢਣ ਲਈ ਸੰਪੂਰਨ ਕ੍ਰਾਂਤੀ ਦੀ ਲਹਿਰ ਚਲਾਈ ਅਤੇ ਇਸ ਲਹਿਰ ਦੀ ਸਫ਼ਲਤਾ ਲਈ ਉਨ੍ਹਾਂ ਨੇ ਲੰਮੇ ਸਮੇਂ ਦਾ ਪ੍ਰੋਗਰਾਮ ਉਲੀਕਿਆ ਅਤੇ ਆਪਣੇ ਦਸ ਜਾਮਿਆਂ ਵਿਚ ਇਕ ਆਦਰਸ਼ਕ ਸਮਾਜ ਸਿਰਜਣ ਦਾ ਫੈਸਲਾ ਕੀਤਾ। ਆਪ ਜੀ ਨੇ ਜਿਥੇ ਵਿਚਾਰਧਾਰਕ ਸੇਧ ਪ੍ਰਦਾਨ ਕੀਤੀ ਉਥੇ ਦੇਸ਼-ਵਿਦੇਸ਼ ਵਿਚ ਇਸ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਅਤੇ ਹਰ ਬੇਇਨਸਾਫ਼ੀ, ਅਤਿਆਚਾਰ, ਵਿਤਕਰੇ, ਸਮਾਜਕ ਬੁਰਾਈ ਤੇ ਸ਼ਾਸਕਾਂ ਦੀਆਂ ਗ਼ਲਤ ਨੀਤੀਆਂ ਵਿਰੁੱਧ ਸੰਘਰਸ਼ ਛੇੜਿਆ। ਆਪ ਜੀ ਦੇ ਪੰਜਵੇਂ ਜਾਮੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਇਸ ਸੰਪੂਰਨ ਕ੍ਰਾਂਤੀ ਦੀ ਲਹਿਰ ਆਪਣੇ ਜੋਬਨ ਨੂੰ ਜਾ ਅੱਪੜੀ। ਜਿਥੇ ਪੁਰਾਤਨ ਪੰਥੀਆਂ ਅਤੇ ਜਾਤ-ਅਭਿਮਾਨੀਆਂ ਨੇ ਇਸਦੀ ਪ੍ਰਗਟ ਤੇ ਲੁਕਵੇਂ ਰੂਪ ਵਿਚ ਵਿਰੋਧਤਾ ਕੀਤੀ; ਉਥੇ ਸਮੇਂ ਦੇ ਸ਼ਾਸਕਾਂ ਨੇ ਵੀ ਇਸ ਨੂੰ ਭੰਡਣਾ ਸ਼ੁਰੂ ਕੀਤਾ ਅਤੇ ਇਸ ਨੂੰ ਖ਼ਤਮ ਕਰਨ ਦੇ ਭਰਪੂਰ ਯਤਨ ਕੀਤੇ। ਇਹ ਨੀਤੀ ਬਾਦਸ਼ਾਹ ਜਹਾਂਗੀਰ ਦੀ ਸਵੈ-ਜੀਵਨੀ, ਤੁਜ਼ਕ-ਇ-ਜਹਾਂਗੀਰੀ, ਤੋਂ ਭਲੀ-ਭਾਂਤ ਪ੍ਰਗਟ ਹੋ ਜਾਂਦੀ ਹੈ। ਉਹ ਲਿਖਦਾ ਹੈ :

"ਗੋਇੰਦਵਾਲ ਵਿਚ, ਜੋ ਬਿਆਸ ਨਦੀ ਦੇ ਕਿਨਾਰੇ 'ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸ ਦੇ ਤੌਰ-ਤਰੀਕਿਆਂ ਤੇ ਸਿਖਿਆ ਨਾਲ ਕਈ ਸਿੱਧੇ ਸਾਦੇ ਹਿੰਦੂ ਅਤੇ ਮੂਰਖ ਤੇ ਬੇਸਮਝ ਮੁਸਲਮਾਨ ਉਸ ਦੀ ਰਹੁ-ਰੀਤੀ ਦੇ ਜਾਲ ਵਿਚ ਫਸ ਚੁੱਕੇ ਸਨ। ਉਸਨੇ ਆਪਣੇ ਪੀਰ ਅਤੇ ਵਲੀ ਹੋਣ ਦਾ ਡੰਕਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਭੋਲੇ-ਭਾਲੇ ਅਤੇ ਅੰਞਾਣ ਲੋਕ ਉਸ ਪ੍ਰਤਿ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। **ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖ਼ਿਆਲ ਆਪਣੇ ਆਪ ਆਉਂਦਾ ਰਿਹਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ, ਜਾਂ ਉਸ (ਗੁਰੂ ਅਰਜਨ ਦੇਵ ਜੀ) ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ।**[1]

ਜਹਾਂਗੀਰ ਨੇ ਆਪਣੇ ਈਰਖਾ ਭਰੇ ਨੀਚ ਵਿਕਾਰਾਂ ਨੂੰ ਅਮਲੀ ਸ਼ਕਲ ਦੇਣ ਲਈ ਗੁਰੂ ਅਰਜਨ ਦੇਵ ਜੀ ਨੂੰ ਉਸਦੇ ਬਾਗ਼ੀ ਪੁੱਤਰ ਖੁਸਰੋ ਦੀ ਸਹਾਇਤਾ ਕਰਨ ਦੀ ਝੂਠੀ ਕਹਾਣੀ ਘੜ ਕੇ ਸ਼ਹੀਦ ਕਰ ਦਿੱਤਾ, ਜਿਹਾ ਕਿ ਉਸ ਨੇ ਤੁਜ਼ਕ-ਇ-ਜਹਾਂਗੀਰੀ ਵਿਚ

ਆਪ ਮੰਨਿਆ ਹੈ :

"ਇਨ੍ਹਾਂ ਦਿਨਾਂ ਵਿਚ ਖੁਸਰੋ ਨੇ ਇਹ ਦਰਿਆ ਪਾਰ ਕੀਤਾ। ਇਸ ਜਾਹਿਲ ਤੇ ਹਕੀਰ ਖੁਸਰੋ ਨੇ ਇਰਾਦਾ ਕੀਤਾ ਕਿ ਉਹ ਇਸ ਦੇ ਨਜ਼ਦੀਕ ਹੋਵੇ। ਉਸ ਨੇ ਗੁਰੂ ਦੇ ਰਹਿਣ ਦੇ ਡੇਰੇ ਜਾ ਪੜਾਅ ਕੀਤਾ। ਇਹ (ਗੁਰੂ ਅਰਜਨ ਦੇਵ ਜੀ) ਉਸ ਨੂੰ ਮਿਲਿਆ ਅਤੇ ਕਈ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ ਉਸ ਦੇ ਮੱਥੇ ਉੱਤੇ ਲਾਈ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਸਮਝਦੇ ਹਨ। ਜਦ ਇਹ ਗੱਲ ਮੇਰੇ ਕੰਨਾਂ ਵਿਚ ਪਈ, ਤਦ ਮੈਂ ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। **ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਅਤੇ ਉਸ ਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਸ ਦਾ ਮਾਲ-ਅਸਬਾਬ ਜ਼ਬਤ ਕਰਕੇ ਉਸ ਨੂੰ 'ਸਿਆਸਤ' ਅਤੇ 'ਯਾਸਾ' ਦੇ ਸਖ਼ਤ ਕਾਨੂੰਨਾਂ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।"**

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਤੇ ਸਮੇਂ ਦੇ ਹਾਕਮਾਂ ਦੇ ਰੰਗ-ਢੰਗ ਤੋਂ ਇਹ ਗੱਲ ਸਪੱਸ਼ਟ ਹੋ ਗਈ ਕਿ ਸ਼ਾਂਤਮਈ ਯਤਨਾਂ ਦਾ ਯੁੱਗ ਸਮਾਪਤ ਹੋ ਗਿਆ ਹੈ ਤੇ ਸਿੱਖ ਲਹਿਰ ਦੇ ਬਚਾਓ ਤੇ ਇਸ ਨੂੰ ਚਲਦੀ ਰੱਖਣ ਲਈ ਹਥਿਆਰਬੰਦ ਸੰਘਰਸ਼ ਦੀ ਲੋੜ ਹੈ। ਹੁਣ ਐਸੇ ਸੂਰਬੀਰ ਯੋਧਿਆਂ ਦੀ ਲੋੜ ਹੈ ਜਿਨ੍ਹਾਂ ਬਾਰੇ ਭਗਤ ਕਬੀਰ ਜੀ ਨੇ ਫ਼ੁਰਮਾਇਆ ਸੀ :

**ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥**

*(ਮਾਰੂ, ਕਬੀਰ ਜੀ, ਪੰਨਾ ੧੧੦੫)*

ਅਤੇ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਇੰਝ ਵੰਗਾਰ ਪਾਈ ਸੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**

*(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ ੧੪੧੨)*

ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਸੰਪੂਰਨ ਕ੍ਰਾਂਤੀ ਦੀ ਲਹਿਰ, ਧਰਮ ਦੀ ਹੋਂਦ ਅਤੇ ਮਾਨਵੀ ਹੋਂਦ ਦੀ ਰਾਖੀ ਲਈ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਆਪ ਪੀਰ (ਧਾਰਮਿਕ ਆਗੂ) ਤਾਂ ਪਹਿਲਾਂ ਹੀ ਸਨ, ਮੀਰ (ਰਾਜਨੀਤਕ ਆਗੂ) ਵੀ ਬਣ ਗਏ। ਆਪ ਜੀ ਨੇ ਭਗਤੀ ਅਤੇ ਸ਼ਕਤੀ, ਧਰਮ ਤੇ ਰਾਜਨੀਤੀ ਦੇ ਸੁਮੇਲ ਨੂੰ ਅਮਲੀ ਸ਼ਕਲ ਦਿਤੀ। ਆਪ ਦੇ ਸਮੇਂ ਸਿੱਖ ਸਹੀ ਅਰਥਾਂ ਵਿਚ 'ਸੰਤ-ਸਿਪਾਹੀ' ਬਣ ਗਏ।

ਹਥਿਆਰਬੰਦ ਸੰਘਰਸ਼ ਸਮੇਂ ਦੀ ਲੋੜ ਸੀ ਅਤੇ ਇਸ ਤੋਂ ਸਿਵਾ ਕੋਈ ਹੋਰ ਚਾਰਾ ਵੀ ਨਹੀਂ ਸੀ। ਇਹ ਰਾਹ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦੀ ਸੇਧ ਵਿਚ ਅਤੇ ਗੁਰੂ ਅਰਜਨ ਦੇਵ ਜੀ ਦੇ ਹੁਕਮਾਂ ਅਨੁਸਾਰ ਚੁਣਿਆ ਗਿਆ ਸੀ। ਇਥੇ ਲਿਖਣਾ ਕੁਥਾਂ ਨਹੀਂ

ਹੋਵੇਗਾ ਕਿ ਬਾਬਰ ਦੇ ਹਮਲੇ (ਸੰਨ 1521) ਸਮੇਂ ਜਦ ਇਥੋਂ ਦੇ ਪਠਾਣ ਹਾਕਮਾਂ ਨੂੰ ਜਲਾਲਤ ਭਰੀ ਹਾਰ ਦਾ ਮੂੰਹ ਵੇਖਣਾ ਪਿਆ, ਤਾਂ ਗੁਰੂ ਨਾਨਕ ਦੇਵ ਜੀ ਨੇ, ਜੋ ਉਥੇ ਮੌਜੂਦ ਸਨ, ਫ਼ੁਰਮਾਇਆ ਕਿ ਐਸਾ ਤਾਂ ਹੋਣਾ ਹੀ ਸੀ ਕਿਉਂਕਿ ਜਦੋਂ ਹਥਿਆਰਾਂ ਦੇ ਅਭਿਆਸ ਕਰਨ ਦਾ ਸਮਾਂ ਸੀ, ਉਦੋਂ ਤਾਂ ਪਠਾਣ ਹਾਕਮ ਨਾਚ-ਗਾਣੇ, ਸ਼ਰਾਬ ਦੇ ਦੌਰਾਂ ਅਤੇ ਰੰਗ-ਰਲੀਆਂ ਮਨਾਉਣ ਵਿਚ ਮਸਤ ਸਨ ਤੇ ਇਸ ਲਈ ਹੁਣ ਜੰਗ ਦੇ ਸਮੇਂ ਸ਼ਰਮਸਾਰ ਹੋਣਾ ਪਿਆ ਹੈ ਤੇ ਖੁਆਰੀ ਹੋਈ ਹੈ। ਆਪ ਜੀ ਨੇ ਆਸਾ ਰਾਗ ਵਿਚ ਉਚਾਰੇ ਇਕ ਸ਼ਬਦ ਵਿਚ ਉਪ੍ਰੋਕਤ ਲੜਾਈ ਦਾ ਵਰਣਨ ਕਰਦਿਆਂ ਹੋਇਆਂ ਫ਼ੁਰਮਾਇਆ :

ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ॥ ੪॥
ਮੁਗਲ ਪਠਾਣਾ ਭਈ ਲੜਾਈ, ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ, ਓਨ੍ਹੀ ਹਸਤਿ ਚਿੜਾਈ॥
ਜਿਨ੍ ਕੀ ਚੀਰੀ ਦਰਗਹ ਪਾਟੀ, ਤਿਨ੍ਹਾ ਮਰਣਾ ਭਾਈ॥ ੫॥

*(ਆਸਾ, ਮ: ੧, ਪੰਨਾ ੪੧੭-੧੮)*

[ਅਰਥ : ਪਠਾਣ ਹਾਕਮਾਂ ਨੇ ਜਦ ਇਹ ਸੁਣਿਆ ਕਿ ਮੀਰ (ਬਾਦਸ਼ਾਹ) ਬਾਬਰ ਹਮਲਾ ਕਰਕੇ ਆ ਰਿਹਾ ਹੈ, ਤਾਂ ਉਨ੍ਹਾਂ ਨੇ ਅਨੇਕ ਪੀਰ-ਫ਼ਕੀਰ ਰੋਕ ਕੇ ਆਪਣੇ ਕੋਲ ਰੱਖ ਲਏ ਤਾਂ ਜੁ ਉਹ ਟੂਣੇ-ਜਾਦੂ ਕਰ ਕੇ ਅਤੇ ਤਸਬੀਆਂ ਫੇਰ-ਫੇਰ ਕੇ ਬਾਬਰ ਦੇ ਹਮਲੇ ਨੂੰ ਰੋਕ ਦੇਣ, ਜਾਂ ਕਿਸੇ ਕਰਾਮਾਤੀ ਸ਼ਕਤੀ ਨਾਲ ਬਾਬਰ ਦੀ ਫ਼ੌਜ ਨੂੰ ਅੰਨ੍ਹਾ ਕਰ ਕੇ ਹਮਲਾ ਕਰਨ ਦੇ ਅਸਮਰਥ ਬਣਾ ਦੇਣ। ਪਰ ਹਮਲਾ ਰੋਕਿਆ ਨਾ ਜਾ ਸਕਿਆ ਤੇ ਨਾ ਹੀ ਮੁਗ਼ਲ ਫ਼ੌਜਾਂ ਨੂੰ ਅੰਨ੍ਹਾ ਕੀਤਾ ਜਾ ਸਕਿਆ। ਬੜੇ ਬੜੇ ਪੱਕੇ ਮਕਾਨ, ਧਰਮ ਅਸਥਾਨ ਤੇ ਪੱਕੇ-ਮਜ਼ਬੂਤ ਮਹਲ ਬਾਬਰ ਦੀਆਂ ਫ਼ੌਜਾਂ ਵਲੋਂ ਲਾਈਆਂ ਅੱਗਾਂ ਨਾਲ ਜਲ ਗਏ। ਪਠਾਣ ਰਾਜ ਕੁਮਾਰਾਂ ਨੂੰ ਮੁਗ਼ਲਾਂ ਨੇ ਟੋਟੇ-ਟੋਟੇ (ਮੁਛਿ ਮੁਛਿ) ਕਰ ਕੇ ਮਿੱਟੀ ਵਿਚ ਰੋਲ ਦਿੱਤਾ। ਪੀਰਾਂ-ਫ਼ਕੀਰਾਂ ਦੇ ਜਾਦੂ ਟੂਣਿਆਂ ਤੇ ਤਸਬੀਆਂ (ਮਾਲਾਂ) ਦੇ ਪ੍ਰਭਾਵ ਨਾਲ ਕੋਈ ਮੁਗ਼ਲ ਫ਼ੌਜੀ ਅੰਨ੍ਹਾ ਨਾ ਹੋਇਆ ਅਤੇ ਕਿਸੇ ਪੀਰ-ਸਾਧ ਨੇ ਕਰਾਮਾਤ ਨਾ ਦਿਖਲਾਈ। ੪।

ਮੁਗ਼ਲਾਂ ਅਤੇ ਪਠਾਣਾਂ ਦਾ ਭਾਰੀ ਜੰਗ ਹੋਇਆ ਅਤੇ ਦੋਹਾਂ ਧਿਰਾਂ ਨੇ ਜੰਗ ਵਿਚ ਤਲਵਾਰ ਚਲਾਈ। ਮੁਗ਼ਲਾਂ ਨੇ ਨਿਸ਼ਾਨੇ ਬੰਨ੍ਹ-ਬੰਨ੍ਹ ਕੇ ਬੰਦੂਕਾਂ ਚਲਾਈਆਂ (ਭਾਵ, ਭਾਰੀ ਨੁਕਸਾਨ ਕੀਤਾ)। ਪਠਾਣਾਂ ਨੇ ਵੀ ਮੁਕਾਬਲਾ ਕੀਤਾ ਤੇ ਹੱਥ ਵਿਚ ਬੰਦੂਕਾਂ ਉਨ੍ਹਾਂ ਨੇ ਵੀ ਚੁੱਕੀਆਂ, ਪਰ ਉਹ ਹੱਥਾਂ ਵਿਚ ਹੀ ਚਿੜ-ਚਿੜ ਕਰ ਕੇ ਫਿਹਲ ਹੋ ਗਈਆਂ (ਭਾਵ, ਵੈਰੀ ਦਾ ਨੁਕਸਾਨ ਨਹੀਂ ਕਰ ਸਕੀਆਂ। ਕਰਦੀਆਂ ਵੀ ਕਿਵੇਂ? ਜਦੋਂ ਬੰਦੂਕ ਚਲਾਣੀ ਸਿੱਖਣ ਦਾ ਸਮਾਂ ਸੀ, ਉਦੋਂ ਪਠਾਣ ਰੰਗ-ਰਲੀਆਂ ਮਨਾਉਣ ਵਿਚ ਮਸਤ ਸਨ)। ਰੱਬ ਦੀ ਦਰਗਾਹ ਤੋਂ ਹੀ ਜਿਨ੍ਹਾਂ ਦੀ ਉਮਰ ਦੀ ਚਿੱਠੀ ਫਟ ਗਈ ਸੀ ਅਥਵਾ ਜਿਨ੍ਹਾਂ ਦੀ ਮੌਤ ਦਾ ਸਮਾਂ ਪੁੱਜ ਚੁੱਕਾ ਸੀ, ਉਨ੍ਹਾਂ ਪਠਾਣ ਫ਼ੌਜਾਂ ਨੇ ਮਰਨਾ ਹੀ ਸੀ। ੫।]

ਸੋ ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਜਰਵਾਣਿਆਂ ਨੂੰ ਸਿੱਧੇ ਰਾਹ

ਤੇ ਲਿਆਉਣ ਲਈ ਹਥਿਆਰਾਂ ਦੀ ਸ਼ਕਤੀ ਦੀ ਲੋੜ ਹੈ—ਸੰਕਟ ਸਮੇਂ ਕੀਤੀਆਂ ਬੇਨਤੀਆਂ ਅਤੇ ਲਾਚਾਰੀ ਵਿਚ ਕੀਤੇ ਪਾਠ ਤੇ ਪੜ੍ਹੇ ਮੰਤਰ ਵਿਅਰਥ ਜਾਂਦੇ ਹਨ। ਇਹ ਹੀ ਵਿਚਾਰ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਆਪਣੇ ਛੇਵੇਂ ਜਾਮੇ ਵਿਚ, ਸਿੱਖ ਲਹਿਰ ਦੀ ਰੱਖਿਆ ਲਈ, ਅਮਲੀ ਸ਼ਕਲ ਦਿੱਤੀ।

ਛੇਵੇਂ ਪਾਤਸ਼ਾਹ ਜੀ ਦੀਆਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਸਮੇਂ ਦੇ ਸ਼ਾਸਕ ਜਹਾਂਗੀਰ ਨੇ ਉਨ੍ਹਾਂ ਨੂੰ ਕੈਦ ਕਰ ਕੇ ਵੇਖ ਲਿਆ ਅਤੇ ਸ਼ਾਹ ਜਹਾਨ ਦੇ ਸਮੇਂ ਲੜਾਈਆਂ ਵੀ ਹੋਈਆਂ, ਪਰ ਸਿੱਖ ਲਹਿਰ ਦੇ ਵੇਗ ਵਿਚ ਰੁਕਾਵਟ ਨਾ ਪਾਈ ਜਾ ਸਕੀ। ਸਗੋਂ ਮੁਸੀਬਤਾਂ ਨੇ ਸਿੱਖਾਂ ਵਿਚ ਆਤਮ-ਵਿਸ਼ਵਾਸ ਨੂੰ ਪਰਪੱਕ ਕੀਤਾ ਤੇ ਉਹ ਆਉਣ ਵਾਲੇ ਹਰ ਖ਼ਤਰੇ ਲਈ ਆਪਣੇ ਆਪ ਨੂੰ ਯੋਗ ਸਮਝਣ ਲੱਗ ਪਏ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੂਰਬਲੇ ਸਤਿਗੁਰਾਂ ਦੀ ਤਰ੍ਹਾਂ ਨਾਮ-ਬਾਣੀ ਦਾ ਪ੍ਰਚਾਰ ਕੀਤਾ ਤੇ ਲੋਕਾਈ ਨੂੰ ਪ੍ਰਭੂ-ਚਰਨਾਂ ਨਾਲ ਜੋੜਿਆ। ਗੁਰੂ ਨਾਨਕ ਦੇਵ ਜੀ ਦੇ ਮਗਰੋਂ ਆਪ ਪਹਿਲੇ ਸਤਿਗੁਰੂ ਸਨ ਜਿਨ੍ਹਾਂ ਨੇ ਲੰਮੀਆਂ-ਲੰਮੀਆਂ ਯਾਤਰਾਵਾਂ ਕੀਤੀਆਂ ਤੇ ਸਿੱਖ ਮੱਤ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਇਨ੍ਹਾਂ ਯਾਤਰਾਵਾਂ ਦੇ ਦੌਰਾਨ ਹੀ ਆਪ ਨੇ ਦੀਨ-ਦੁਖੀਆਂ ਅਤੇ ਬਿਮਾਰੀਆਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ ਕੀਤੀ ਅਤੇ ਸ਼ਰਧਾਲੂ ਸਿੱਖਾਂ ਦੀ ਸਾਰ ਲਈ ਤੇ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰਨ ਕੀਤੀਆਂ।

ਆਪ ਨੇ ਉਦਾਸੀ ਸਾਧੂਆਂ ਨੂੰ ਵੀ ਸਿੱਖੀ ਦੇ ਪ੍ਰਚਾਰ ਵਿਚ ਲਾ ਦਿੱਤਾ।

ਆਪ ਦੇ ਗੁਰੂ-ਕਾਲ ਵਿਚ ਗੁਰੂ ਨਾਨਕ ਦੇਵ ਜੀ ਦੀ ਚਲਾਈ ਸੰਪੂਰਨ ਕ੍ਰਾਂਤੀ ਦੀ ਲਹਿਰ ਹੋਰ ਬਲਵਾਨ ਹੋਈ। ਧਾਰਮਕ ਤੇ ਸਮਾਜਕ ਖੇਤਰ ਵਿਚ ਇਸ ਦਾ ਸਿੱਕਾ ਪਹਿਲਾਂ ਹੀ ਚਲਦਾ ਸੀ, ਹੁਣ ਰਾਜਸੀ ਖੇਤਰ ਵਿਚ ਵੀ ਇਸ ਨੇ ਆਪਣਾ ਲੋਹਾ ਮੰਨਵਾ ਲਿਆ। ਆਪ ਤੋਂ ਮਗਰਲੇ ਦੋ ਸਤਿਗੁਰਾਂ ਦੇ ਸਮੇਂ ਹਾਕਮਾਂ ਨੇ ਕੋਈ ਸਖ਼ਤ ਕਦਮ ਨਾ ਚੁੱਕਿਆ—ਕੋਈ ਲੜਾਈ ਨਾ ਹੋਈ, ਭਾਵੇਂ ਕਿ ਸਤਿਗੁਰੂ ਆਪਣੇ ਨਾਲ ਫ਼ੌਜਾਂ ਰੱਖਦੇ ਸਨ। ਧਰਮ-ਪ੍ਰਚਾਰ ਵਿਚ ਕੋਈ ਵੀ ਵਿਘਨ ਨਾ ਪਾਇਆ ਗਿਆ ਅਤੇ ਸਿੱਖ-ਵਿਰੋਧੀ ਸ਼ਕਤੀਆਂ ਵੀ ਸੁਸਤ ਹੋ ਗਈਆਂ। ਨੌਵੇਂ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਵੀ ਸ਼ਾਇਦ ਹਕੂਮਤ ਸ਼ਾਂਤ ਹੀ ਰਹਿੰਦੀ ਜੇਕਰ ਸਤਿਗੁਰੂ ਜੀ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ ਉਨ੍ਹਾਂ ਦੇ ਧਰਮ ਦੀ ਰੱਖਿਆ ਦੀ ਜ਼ਿੰਮੇਵਾਰੀ ਆਪਣੇ ਉੱਤੇ ਨਾ ਲੈ ਲੈਂਦੇ।

ਇਹ ਸਾਰਾ ਪਰਿਵਰਤਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਕਾਰਨ ਹੀ ਸੰਭਵ ਹੋਇਆ। ਉਨ੍ਹਾਂ ਦੇ ਪਰਉਪਕਾਰਾਂ ਦਾ ਜ਼ਿਕਰ ਪੁਸਤਕ ਦੇ ਅਗਲੇ ਪੰਨਿਆਂ ਤੇ ਕੀਤਾ ਜਾਵੇਗਾ।

ਆਸ ਹੈ, ਇਹ ਪੁਸਤਕ ਕੁਝ ਇਤਿਹਾਸਕਾਰਾਂ ਵਲੋਂ ਸਿੱਖ ਲਹਿਰ ਬਾਰੇ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਵਿਚ ਵੀ ਸਹਾਈ ਹੋਵੇਗੀ।

—ਕਿਰਪਾਲ ਸਿੰਘ 'ਚੰਦਨ'

# ਜਨਮ ਤੇ ਬਚਪਨ

ਸਿੱਖ ਇਤਿਹਾਸਕਾਰਾਂ ਨੇ ਆਮ ਤੌਰ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਦੀ ਮਿਤੀ 19 ਜੂਨ, ਸੰਨ 1595 ਮੰਨੀ ਹੈ। ਕਿਸੇ ਕਿਸੇ ਨੇ 9 ਜੂਨ ਜਾਂ 14 ਜੂਨ ਵੀ ਲਿਖੀ ਹੈ, ਪਰ ਸੰਨ ਸਭ ਨੇ 1595 ਹੀ ਲਿਖਿਆ ਹੈ ਪਰ ਭੱਟ ਵਹੀਆਂ, ਜਿਨ੍ਹਾਂ ਨੂੰ ਕੁਝ ਇਤਿਹਾਸਕਾਰ ਸਭ ਤੋਂ ਪੁਰਾਣੇ ਇਤਿਹਾਸਕ ਸ੍ਰੋਤ ਮੰਨਦੇ ਹਨ, ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦੀ ਤ੍ਰੀਕ 19 ਜੂਨ 1590 ਮੰਨੀ ਹੈ। ਏਸੇ ਲਈ ਡਾ: ਹਰਜਿੰਦਰ ਸਿੰਘ ਦਿਲਗੀਰ, ਡਾ: ਜਸਬੀਰ ਸਿੰਘ (ਬਾਰਾਮੂਲਾ), ਪ੍ਰੋ: ਪਿਆਰਾ ਸਿੰਘ 'ਪਦਮ', ਸ: ਮਹਿੰਦਰ ਸਿੰਘ ਜੋਸ਼ ਆਦਿਕਾਂ ਨੇ ਭੱਟ ਵਹੀਆਂ ਦੀ ਤ੍ਰੀਕ ਨੂੰ ਹੀ ਸਹੀ ਮੰਨਿਆ ਹੈ। ਡਾ: ਸੁਖਦਿਆਲ ਸਿੰਘ ਨੇ ਵੀ ਸੰਨ 1590 ਮੰਨਿਆ ਹੈ।

ਭੱਟ ਵਹੀ ਮੁਲਤਾਨੀ ਸਿੰਧੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਜਨਮ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ :

**"ਬਧਾਈ ਲੀ ਸ੍ਰੀ ਹਰਿਗੋਬਿੰਦ ਜੀ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਬਤ ਸੋਲਾਂ ਸੈ ਸੰਤਾਲੀਸ ਮਾਂਹ ਅਸਾਢ ਦਿਹੁੰ ਇਕੀਸ ਗਿਆ, ਸਵਾ ਪਹਿਰ ਰੈਣ ਰਹੀ ਮਾਤਾ ਗੰਗਾ ਜੀ ਕੇ ਉਦਰ ਥੀਂ ਗਾਮ ਬਡਾਲੀ ਪਰਗਣਾ ਗੁਰੂ ਚੱਕ ਮੇਂ, ਏਕ ਚਮਤਕਾਰੀ ਬਾਲ ਪੈਦਾ ਹੂਆ, ਨਾਉਂ ਸ੍ਰੀ ਹਰਿਗੋਬਿੰਦ ਜੀ ਰਾਖਾ।**

*(ਗੁਰੂ ਕੀਆਂ ਸਾਖੀਆਂ/ਸੰਪਾ: ਪ੍ਰੋ: ਪਿਆਰਾ ਸਿੰਘ ਪਦਮ/ਪੰਨਾ 29)*

ਕੇਸਰ ਸਿੰਘ (ਛਿੱਬਰ) ਨੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਉਪ੍ਰੋਕਤ ਮਿਤੀ ਨੂੰ ਹੀ ਠੀਕ ਮੰਨਿਆ ਹੈ। ਉਹ ਲਿਖਦਾ ਹੈ :

**"ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ।**
**ਸੰਮਤੁ ਸੋਲਾਂ ਸੈ ਗਏ ਸੈਤਾਲੀ।**
**ਹਾੜ ਮਾਸ ਦਿਨ ਬੀਤੇ ਇੱਕੀ। ਮਾਤਾ ਗੰਗਾ ਜੀ**
**ਦੇ ਉਦਰੋਂ...ਗੁਰੂ ਅਰਜਨ ਦੇ ਘਰਿ**
**ਗੁਰ ਰਾਮਦਾਸ ਦਾ ਪੋਤਾ।"**

ਸੋ ਗੁਰੂ ਹਰਿਗੋਬਿੰਦ ਸਾਹਿਬ ਦਾ ਜਨਮ 19 ਜੂਨ, ਸੰਨ 1595 ਨੂੰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ, ਛੇ ਕੁ ਮੀਲਾਂ ਦੀ ਵਿੱਥ 'ਤੇ ਪਿੰਡ ਵਡਾਲੀ ਵਿਖੇ, ਗੁਰੂ ਅਰਜਨ ਸਾਹਿਬ ਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ। 'ਵਡਾਲੀ' ਨੂੰ ਅੱਜਕੱਲ੍ਹ 'ਗੁਰੂ ਕੀ ਵਡਾਲੀ' ਆਖਦੇ ਹਨ।

### *ਪ੍ਰਿਥੀ ਚੰਦ ਦੇ ਕੋਝੇ ਯਤਨ*

(ਗੁਰੂ) ਹਰਿਗੋਬਿੰਦ ਸਾਹਿਬ ਦੇ ਜਨਮ ਦੀ ਜਿਥੇ ਸਾਰੀਆਂ ਸੰਗਤਾਂ ਨੇ ਖ਼ੁਸ਼ੀ ਮਨਾਈ, ਉਥੇ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਬਾਬਾ ਪ੍ਰਿਥੀ ਚੰਦ ਨੂੰ ਇਸ ਦਾ ਬਹੁਤ ਦੁਖ ਹੋਇਆ। ਉਹ ਅਨੇਕਾਂ ਯਤਨ ਕਰਨ ਦੇ ਬਾਵਜੂਦ ਵੀ ਗੁਰਗੱਦੀ 'ਤੇ ਕਬਜ਼ਾ ਕਰਨ ਵਿਚ

ਸਫ਼ਲ ਨਹੀਂ ਸੀ ਹੋਇਆ। ਫਿਰ ਉਹ ਇਸ ਆਸ 'ਤੇ ਜਿਊਣ ਲੱਗਾ ਕਿ ਉਸਦੇ ਪੁੱਤਰ ਮਿਹਰਬਾਨ ਨੂੰ ਤਾਂ ਗੱਦੀ ਅਵੱਸ਼ ਮਿਲ ਜਾਵੇਗੀ ਕਿਉਂਕਿ ਪੰਜਵੇਂ ਪਾਤਸ਼ਾਹ ਦੇ ਘਰ ਕੋਈ ਸੰਤਾਨ ਨਹੀਂ ਸੀ ਹੋਈ। (ਗੁਰੂ) ਹਰਿਗੋਬਿੰਦ ਸਾਹਿਬ ਦੇ ਜਨਮ ਨੇ ਉਸ ਦੀਆਂ ਸਾਰੀਆਂ ਆਸਾਂ 'ਚੇ ਪਾਣੀ ਫੇਰ ਦਿੱਤਾ। ਪਰ ਉਸ ਨੇ ਈਰਖਾ ਦਾ ਰਾਹ ਨਾ ਛੱਡਿਆ ਤੇ ਬਾਲਕ ਹਰਿਗੋਬਿੰਦ ਨੂੰ ਜਾਨੋਂ ਮਾਰਨ ਦੀਆਂ ਤਰਕੀਬਾਂ ਸੋਚਣ ਲੱਗਾ। ਆਪਣੇ ਨੀਚ ਵਿਚਾਰਾਂ ਨੂੰ ਅਮਲੀ ਸ਼ਕਲ ਦੇਣ ਲਈ ਉਸ ਨੇ ਕਈ ਯਤਨ ਕੀਤੇ, ਪਰ ਪ੍ਰਭੂ ਦੀ ਕ੍ਰਿਪਾ ਸਦਕਾ ਉਸ ਦਾ ਹਰ ਵਾਰ ਖ਼ਾਲੀ ਗਿਆ।

ਪ੍ਰਿਥੀ ਚੰਦ ਨੇ ਸਭ ਤੋਂ ਪਹਿਲਾਂ ਇਕ ਦਾਈ ਨੂੰ ਅੰਮ੍ਰਿਤਸਰੋਂ ਵਡਾਲੀ ਭੇਜਿਆ। ਉਸ ਨੂੰ ਕਿਹਾ ਕਿ ਉਹ ਥਣਾਂ ਨੂੰ ਜ਼ਹਿਰ ਲਗਾ ਕੇ ਬਾਲਕ ਨੂੰ ਦੁੱਧ ਚੁੰਘਾਵੇ। ਦਾਈ ਨੇ ਥਣਾਂ 'ਤੇ ਜ਼ਹਿਰ ਪੋਚ ਲਿਆ ਤੇ ਚੰਗੇ ਸੁਥਰੇ ਕੱਪੜੇ ਪਾ ਕੇ ਵਡਾਲੀ ਵੱਲ ਤੁਰ ਪਈ ਪਰ ਜ਼ਹਿਰ ਦਾ ਅਸਰ ਦਾਈ ਦੇ ਆਪਣੇ ਉਤੇ ਹੀ ਇੰਨਾ ਹੋਇਆ ਕਿ ਵਡਾਲੀ ਪੁਜਦਿਆਂ ਸਾਰ ਹੀ ਉਸ ਦੀ ਮੌਤ ਹੋ ਗਈ। ਇੰਞ ਪ੍ਰਿਥੀ ਚੰਦ ਦਾ ਪਹਿਲਾ ਯਤਨ ਅਸਫ਼ਲ ਹੋ ਗਿਆ।

ਇਸ ਦੇ ਮਗਰੋਂ ਪ੍ਰਿਥੀ ਚੰਦ ਨੇ ਇਕ ਸਪੇਰੇ ਨੂੰ ਗੰਢਿਆ ਤੇ ਉਸ ਨੂੰ ਕਿਹਾ ਕਿ ਉਹ ਸੱਪ ਲੈ ਜਾ ਕੇ ਬਾਲਕ ਦੇ ਕੋਲ ਛੱਡ ਦੇਵੇ। ਸਪੇਰੇ ਨੇ ਇਵੇਂ ਹੀ ਕੀਤਾ। ਕਿਸੇ ਨੇ ਬਾਲਕ ਕੋਲ ਸੱਪ ਵੇਖਿਆ ਤੇ ਸ਼ੋਰ ਮਚਾ ਦਿੱਤਾ। ਸਪੇਰੇ ਨੂੰ ਲੋਕਾਂ ਨੇ ਫੜ ਲਿਆ ਤੇ ਸੱਪ ਮਾਰ ਦਿੱਤਾ। ਇਹ ਵੀ ਕਿਹਾ ਜਾਂਦਾ ਹੈ ਕਿ ਬਾਲ-ਗੁਰੂ ਨੇ ਸੱਪ ਦੀ ਸਿਰੀ ਫੇਹ ਸੁੱਟੀ ਸੀ ਤੇ ਸੱਪ ਮਰ ਗਿਆ। ਸੋ, ਪ੍ਰਿਥੀ ਚੰਦ ਦਾ ਦੂਜਾ ਵਾਰ ਵੀ ਖਾਲੀ ਗਿਆ।

ਗੁਰੂ ਅਰਜਨ ਦੇਵ ਜੀ ਪ੍ਰਚਾਰ ਤੇ ਲੋਕ-ਭਲਾਈ ਦੇ ਕਾਰਜਾਂ ਦੀ ਦੂਜੀ ਫੇਰੀ ਤੋਂ ਵਾਪਿਸ ਵਡਾਲੀ ਆਏ। ਇਥੋਂ ਆਪ ਅੰਮ੍ਰਿਤਸਰ ਆ ਗਏ ਤੇ ਨਾਲ ਪਰਿਵਾਰ ਨੂੰ ਵੀ ਲੈ ਆਏ।

ਪ੍ਰਿਥੀ ਚੰਦ ਵੀ ਅੰਮ੍ਰਿਤਸਰ ਹੀ ਰਹਿੰਦਾ ਸੀ। ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੀ ਸ਼ਹਿਰ ਵਿਚ ਬਹੁਤ ਬਦਨਾਮੀ ਹੋ ਰਹੀ ਸੀ, ਤਾਂ ਭੀ ਉਹ ਬਾਜ਼ ਨਾ ਆਇਆ ਤੇ ਉਸ ਨੇ ਬਾਲ-ਗੁਰੂ ਉਤੇ ਇਕ ਹੋਰ ਮਾਰੂ ਹਮਲਾ ਕੀਤਾ। ਉਸ ਨੇ ਇਕ ਖਿਡਾਵੇ ਨੂੰ ਕਿਹਾ ਕਿ ਉਹ ਦਹੀਂ ਵਿਚ ਜ਼ਹਿਰ ਮਿਲਾ ਕੇ ਬਾਲ-ਗੁਰੂ ਨੂੰ ਖੁਆ ਦੇਵੇ। ਉਹ ਖਿਡਾਵਾ ਜ਼ਹਿਰ ਮਿਲਿਆ ਦਹੀਂ ਲੈ ਕੇ ਗਿਆ, ਪਰ (ਗੁਰੂ) ਹਰਿਗੋਬਿੰਦ ਜੀ ਨੇ ਖਾਣ ਤੋਂ ਨਾਂਹ ਕਰ ਦਿੱਤੀ। ਜਦ ਪਾਪੀ-ਖਿਡਾਵੇ ਨੇ ਬਦੋ-ਬਦੀ ਖਿਲਾਉਣਾ ਚਾਹਿਆ ਤਾਂ ਬਾਲਕ-ਗੁਰੂ ਨੇ ਚੀਕ-ਚਿਹਾੜਾ ਪਾ ਦਿੱਤਾ। ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਮੌਕੇ ਤੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਕੀਤੀ ਤੇ ਇੰਨਾ ਪਛਤਾਵਾ ਹੋਇਆ ਕਿ ਉਸ ਨੂੰ ਸੂਲ ਪੈ ਗਿਆ ਤੇ ਉਸਦੀ ਮੌਤ ਹੋ ਗਈ। ਖਿਡਾਵਾ ਜਾਤ ਦਾ ਬ੍ਰਾਹਮਣ ਸੀ। ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਉਚਾਰੇ ਇਕ ਸ਼ਬਦ (**ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥ ੧॥**) ਵਿਚ ਇਸ ਉਚ-ਜਾਤੀਏ ਖਿਡਾਵੇ ਦੀ ਨੀਚ ਹਰਕਤ ਦਾ ਜ਼ਿਕਰ ਕੀਤਾ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੧੩੭ 'ਤੇ ਅੰਕਤ ਹੈ।

ਇਨ੍ਹਾਂ ਦਿਨਾਂ ਵਿਚ ਲਾਹੌਰ ਤੋਂ ਖ਼ਬਰਾਂ ਪੁੱਜੀਆਂ ਕਿ ਉਥੇ ਭਿਆਨਕ ਕਾਲ ਪੈ ਗਿਆ

ਹੈ, ਬਿਮਾਰੀਆਂ ਫੈਲ ਗਈਆਂ ਹਨ ਤੇ ਭੁੱਖ-ਮਰੀ ਕਾਰਨ ਸੈਂਕੜੇ ਲੋਕ ਰੋਜ਼ ਮਰ ਰਹੇ ਹਨ। ਇਹ ਸੁਣ ਕੇ ਸਤਿਗੁਰੂ ਜੀ ਲਾਹੌਰ ਲਈ ਚਲ ਪਏ। ਹੋਰ ਸਿੱਖਾਂ ਦੇ ਨਾਲ ਆਪ ਨੇ (ਮਾਤਾ) ਗੰਗਾ ਜੀ ਤੇ ਬਾਲਕ (ਗੁਰੂ) ਹਰਿਗੋਬਿੰਦ ਨੂੰ ਵੀ ਨਾਲ ਹੀ ਲੈ ਲਿਆ। ਪ੍ਰਿਥੀ ਚੰਦ ਦੀਆਂ ਨੀਚ ਕਰਤੂਤਾਂ ਕਾਰਨ ਪਰਿਵਾਰ ਨੂੰ ਪਿਛੇ ਛੱਡਿਆ ਨਹੀਂ ਸੀ ਜਾ ਸਕਦਾ।

ਮਾਝੇ ਦੇ ਪਿੰਡਾਂ ਵਿਚ ਦੀ ਹੁੰਦੇ ਹੋਏ ਸਤਿਗੁਰੂ ਜੀ ਲਾਹੌਰ ਪੁੱਜੇ। ਲਾਹੌਰ ਦੀ ਹਾਲਤ ਬਹੁਤ ਭੈੜੀ ਸੀ। ਇਕ ਤਾਂ ਅੰਨ-ਦਾਣੇ ਦੀ ਕਮੀ ਕਾਰਨ ਲੋਕ ਭੁੱਖ ਦੀ ਮਾਰ ਸਹਿ ਰਹੇ ਸਨ, ਦੂਜੇ ਮੌਸਮੀ ਤਾਪ ਤੇ ਸੀਤਲਾ (ਚੀਚਕ) ਆਦਿ ਬਿਮਾਰੀਆਂ ਦਾ ਜ਼ੋਰ ਵਧ ਰਿਹਾ ਸੀ। ਭੁੱਖ ਤੇ ਬਿਮਾਰੀਆਂ ਕਾਰਨ ਮਰੇ ਹੋਏ ਲੋਕਾਂ ਦੀਆਂ ਲੋਥਾਂ ਨਾਲ ਸ਼ਹਿਰ ਦੇ ਬਾਜ਼ਾਰ ਭਰੇ ਪਏ ਸਨ। ਉਨ੍ਹਾਂ ਨੂੰ ਸ਼ਹਿਰ ਵਿਚੋਂ ਚੁੱਕ ਕੇ ਬਾਹਰ ਦੱਬਣ-ਸਾੜਨ ਦਾ ਕੋਈ ਤਸੱਲੀਬਖ਼ਸ਼ ਪ੍ਰਬੰਧ ਵੀ ਨਹੀਂ ਸੀ।

ਇਸ ਸਮੇਂ ਦਸਵੰਧ ਦੀ ਮਾਇਆ ਕੰਮ ਆਈ। ਗੁਰੂ ਅਰਜਨ ਦੇਵ ਜੀ ਨੇ ਭੁੱਖਿਆਂ ਲਈ ਲੰਗਰ ਲਾਏ, ਮੁਰਦਿਆਂ ਦੀ ਸੰਭਾਲ ਕੀਤੀ, ਬਿਮਾਰਾਂ ਲਈ ਦਵਾਈਆਂ ਦਾ ਪ੍ਰਬੰਧ ਕੀਤਾ ਤੇ ਯਤੀਮ ਬੱਚਿਆਂ ਨੂੰ ਸੰਭਾਲਿਆ। ਗੁਰੂ ਜੀ ਲਗਾਤਾਰ ਅੱਠ ਮਹੀਨੇ ਇਸ ਸੇਵਾ-ਸੰਭਾਲ ਵਿਚ ਜੁਟੇ ਰਹੇ। ਫਿਰ ਆਪ ਲਾਹੌਰ ਦੇ ਦੱਖਣ ਪਾਸੇ ਦੇ ਪਿੰਡਾਂ ਵੱਲ ਚੱਲ ਪਏ। ਕਾਲ-ਪੀੜਤ ਤੇ ਰੋਗ-ਗ੍ਰਸਤ ਲੋਕਾਂ ਨੂੰ ਢਾਰਸ ਦਿੱਤੀ ਤੇ ਇਲਾਜ ਦਾ ਪ੍ਰਬੰਧ ਕੀਤਾ ਅਤੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ ਖੂਹ ਲਗਵਾਏ। ਸੰਨ 1598 ਦੇ ਅਖ਼ੀਰ ਤੇ ਆਪ ਵਾਪਸ ਅੰਮ੍ਰਿਤਸਰ ਆ ਗਏ। ਇਸ ਤਰ੍ਹਾਂ ਪਿਤਾ-ਗੁਰੂ ਦੇ ਨਾਲ (ਗੁਰੂ) ਹਰਿਗੋਬਿੰਦ ਜੀ ਨੂੰ ਆਪਣੀ ਬਾਲ-ਉਮਰ ਰੋਗ-ਗ੍ਰਸਤ ਇਲਾਕਿਆਂ ਵਿਚ ਗੁਜ਼ਾਰਨੀ ਪਈ।

ਗੁਰੂ ਅਰਜਨ ਦੇਵ ਜੀ ਕੁਝ ਸਮਾਂ ਅੰਮ੍ਰਿਤਸਰ ਵਿਚ ਠਹਿਰਨ ਮਗਰੋਂ ਪਹਾੜ ਵਾਲੇ ਪਾਸੇ ਤੁਰ ਪਏ ਤੇ ਰਾਵੀ ਦੇ ਕੰਢੇ ਤੱਕ ਪਿੰਡਾਂ ਵਿਚ ਗਏ। ਆਪ ਸਹਸਰਾ, ਰਮਦਾਸ, ਡੇਰਾ ਬਾਬਾ ਨਾਨਕ, ਕਲਾਨੌਰ ਆਦਿ ਹੁੰਦੇ ਹੋਏ ਪਿੰਡ ਬਾਰਠ ਪੁੱਜੇ, ਜਿਥੇ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨਿਵਾਸ ਰੱਖਦੇ ਸਨ। ਉਨ੍ਹਾਂ ਨੂੰ ਮਿਲੇ ਤੇ ਇਲਾਕੇ ਵਿਚ ਧਰਮ ਪ੍ਰਚਾਰ ਤੇ ਲੋਕ-ਭਲਾਈ ਦੇ ਕੰਮਾਂ ਵਿਚ ਲੱਗੇ ਰਹੇ। ਦੋ ਕੁ ਸਾਲਾਂ ਦਾ ਚੱਕਰ ਲਾਉਣ ਮਗਰੋਂ ਆਪ ਸੰਨ 1601 ਦੇ ਆਰੰਭ ਵਿਚ ਵਾਪਸ ਅੰਮ੍ਰਿਤਸਰ ਆ ਗਏ। ਇਸ ਪ੍ਰਚਾਰ ਫੇਰੀ ਵਿਚ ਵੀ (ਗੁਰੂ) ਹਰਿਗੋਬਿੰਦ ਜੀ ਉਨ੍ਹਾਂ ਦੇ ਨਾਲ ਹੀ ਸਨ।

### *ਸੀਤਲਾ ਨਿਕਲੀ*

ਕਾਲ-ਪੀੜਤਾਂ ਅਤੇ ਸੀਤਲਾ ਆਦਿਕ ਰੋਗਾਂ ਦੀ ਮਾਰ ਥੱਲੇ ਆਏ ਲੋਕਾਂ ਦੀ ਸੇਵਾ-ਸੰਭਾਲ ਸਮੇਂ ਬਾਲਕ (ਗੁਰੂ) ਹਰਿਗੋਬਿੰਦ ਜੀ ਵੀ ਪਿਤਾ ਗੁਰੂ ਅਰਜਨ ਦੇਵ ਜੀ ਦੇ ਨਾਲ ਤਿੰਨ-ਚਾਰ ਸਾਲ ਰਹੇ ਸਨ। ਵਾਪਸ ਅੰਮ੍ਰਿਤਸਰ ਪਹੁੰਚਣ ਸਮੇਂ ਉਨ੍ਹਾਂ ਤੇ ਵੀ ਸੀਤਲਾ ਦਾ ਅਸਰ ਹੋ ਗਿਆ। ਪਹਿਲਾਂ ਤੇਜ਼ ਬੁਖ਼ਾਰ ਚੜ੍ਹਿਆ ਫਿਰ ਸਾਰੇ ਸਰੀਰ ਤੇ ਸੀਤਲਾ (ਚੇਚਕ) ਨਿਕਲ ਆਈ। ਸੀਤਲਾ ਦੇ ਇਸ ਮਾਰੂ ਹਮਲੇ ਨਾਲ ਸੰਗਤਾਂ ਵਿਚ ਘਬਰਾਹਟ ਫੈਲ ਗਈ, ਪਰ ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਅਡੋਲ ਰਹੇ। ਸਿੱਖ-ਸੰਗਤਾਂ ਬਾਲਕ ਦੀ ਦੇਹ-ਅਰੋਗਤਾ ਲਈ ਨਿੱਤ ਅਰਦਾਸਾਂ ਕਰਦੀਆਂ। ਇਸ ਦੇ ਨਾਲ ਗੁਰੂ ਜੀ ਦੀ ਇੱਛਾ

ਅਨੁਸਾਰ ਬਿਮਾਰੀ ਦਾ ਇਲਾਜ ਵੀ ਕਰਾਇਆ ਜਾ ਰਿਹਾ ਸੀ। ਸ਼ਹਿਰ ਵਿਚ ਪੁਰਾਣੇ ਖ਼ਿਆਲਾਂ ਦੇ ਲੋਕ ਵੀ ਭਾਰੀ ਗਿਣਤੀ ਵਿਚ ਵੱਸਦੇ ਸਨ, ਉਹ ਵੀ ਖ਼ਬਰ ਲੈਣ ਆਉਂਦੇ ਤੇ ਨਾਲ ਹੀ ਸਲਾਹ ਵੀ ਦਿੰਦੇ ਕਿ ਇਸ ਬਿਮਾਰੀ ਦਾ ਇਲਾਜ ਨਹੀਂ ਕਰਨਾ ਚਾਹੀਦਾ ਕਿਉਂਕਿ ਮਾਤਾ ਨਾਰਾਜ਼ ਹੋ ਜਾਂਦੀ ਹੈ। ਉਹ ਇਹ ਵੀ ਆਖਦੇ ਕਿ ਬਾਲਕ ਨੂੰ 'ਸੀਤਲਾ-ਮਾਤਾ' ਦੇ ਮੰਦਰ ਲੈ ਚਲੋ, ਮੱਥਾ ਟਿਕਾਓ ਤੇ ਉਥੋਂ ਰੱਖ (ਮਿੱਟੀ) ਲਿਆ ਕੇ ਫਲੂਹਿਆਂ (ਛਾਲਿਆਂ) 'ਤੇ ਲਗਾਓ। ਗੁਰੂ ਅਰਜਨ ਦੇਵ ਜੀ ਇਨ੍ਹਾਂ ਵਹਿਮੀ ਲੋਕਾਂ ਨੂੰ ਇਹੀ ਸਮਝਾਉਂਦੇ ਰਹਿੰਦੇ ਕਿ ਸੀਤਲਾ ਕੋਈ ਦੇਵੀ ਨਹੀਂ ਹੈ, ਸਗੋਂ ਬਿਮਾਰੀ ਹੈ, ਇਲਾਜ ਕਰਨ ਨਾਲ ਠੀਕ ਹੋ ਜਾਵੇਗੀ। ਨਾਲ ਇਹ ਵੀ ਆਖਦੇ ਕਿ ਪਰਮਾਤਮਾ ਅੱਗੇ ਅਰਦਾਸ ਕਰੋ, ਉਸਦੀ ਮਿਹਰ ਨਾਲ ਸਭ ਦੁਖ, ਰੋਗ, ਕਸ਼ਟ ਆਦਿ ਦੂਰ ਹੋ ਜਾਂਦੇ ਹਨ।

ਪ੍ਰਭੂ ਨੇ ਕ੍ਰਿਪਾ ਕੀਤੀ; ਬਿਮਾਰੀ ਜਾਂਦੀ ਰਹੀ ਤੇ ਸਰੀਰ ਦੇ ਕਿਸੇ ਅੰਗ 'ਤੇ ਵੀ ਕੋਈ ਕੋਝਾ ਪ੍ਰਭਾਵ ਨਾ ਰਿਹਾ। ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਦੇ ਸ਼ੁਕਰਾਨੇ ਵਜੋਂ ਤੇ ਸੰਗਤਾਂ ਦੀ ਅਗਵਾਈ ਲਈ, ਇਸ ਬਾਰੇ, ਹੇਠ ਲਿਖੇ ਸ਼ਬਦ ਉਚਾਰੇ ਹਨ :

**(ੳ) ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥** *(ਗਉੜੀ, ਮ: ੫, ਪੰਨਾ ੨੦੦)*

**(ਅ) ਪਾਰਬ੍ਰਹਮਿ ਸਾਜਿ ਸਵਾਰਿਆ॥**
**ਇਹੁ ਲਹੁੜਾ ਗੁਰੂ ਉਬਾਰਿਆ॥** *(ਸੋਰਠਿ, ਮ: ੫, ਪੰਨਾ ੬੨੭)*

**(ੲ) ਸਦਾ ਸਦਾ ਹਰਿ ਜਾਪੇ॥**
**ਪ੍ਰਭ ਬਾਲਕ ਰਾਖੇ ਆਪੇ॥** *(ਸੋਰਠਿ, ਮ: ੫, ਪੰਨਾ ੬੨੭)*

**(ਸ) ਜਨ ਕੀ ਪੈਜ ਸਵਾਰੀ ਆਪ॥** *.(ਗੂਜਰੀ, ਮ: ੫, ਪੰਨਾ ੫੦੦)*

ਇਨ੍ਹਾਂ ਸ਼ਬਦਾਂ ਵਿਚ ਪੰਜਵੇਂ ਗੁਰੂ ਜੀ ਨੇ ਇਹੀ ਗੱਲ ਸਮਝਾਈ ਕਿ ਕੇਵਲ ਪ੍ਰਭੂ ਦੀ ਓਟ ਹੀ ਤੱਕਣੀ ਚਾਹੀਦੀ ਹੈ। ਉਹ ਆਪਣੇ ਦਾਸਾਂ ਦੀ ਰੱਖਿਆ ਕਰਦਾ ਹੈ। ਉਸੇ ਦੀ ਕਿਰਪਾ ਸਦਕਾ ਹੀ ਬਾਲਕ ਹਰਿਗੋਬਿੰਦ ਠੀਕ ਹੋਇਆ ਹੈ। ਜਿਸ ਪ੍ਰਭੂ ਨੇ ਬਾਲਕ ਨੂੰ ਜਨਮ ਦਿੱਤਾ, ਸੁੰਦਰ ਬਣਾਇਆ ਉਸੇ ਨੇ ਹੀ ਸੀਤਲਾ ਤੋਂ ਰੱਖਿਆ ਕੀਤੀ ਹੈ। ਇਸ ਲਈ ਪ੍ਰਭੂ ਦਾ ਨਾਮ ਜਪੋ, ਸਿਫ਼ਤ-ਸਾਲਾਹ ਕਰੋ। ਇਸ ਨਾਲ ਸਭ ਖ਼ਤਰੇ ਦੂਰ ਹੋ ਜਾਂਦੇ ਹਨ।

### *ਪੜ੍ਹਾਈ ਅਤੇ ਸ਼ਸਤਰ ਵਿਦਿਆ*

ਅਕਤੂਬਰ ਸੰਨ 1605 ਵਿਚ ਜਹਾਂਗੀਰ ਤਖ਼ਤ 'ਤੇ ਬੈਠਾ। ਇਸ ਦੇ ਨਾਲ ਹੀ ਅਕਬਰ ਦੀ ਨਿਰਪੱਖਤਾ ਵਾਲੀ ਨੀਤੀ ਦਾ ਭੋਗ ਪੈ ਗਿਆ ਅਤੇ ਰਾਜ-ਦਰਬਾਰ ਵਿਚ ਕੱਟੜ ਫਿਰਕਾਪ੍ਰਸਤ ਮੁਸਲਮਾਨਾਂ ਦਾ ਜ਼ੋਰ ਵਧ ਗਿਆ, ਜਿਨ੍ਹਾਂ ਨੂੰ ਨਕਸ਼ਬੰਦੀ ਆਗੂ ਸ਼ੇਖ ਅਹਿਮਦ ਸਰਹੰਦੀ ਅਗਵਾਈ ਦੇ ਰਿਹਾ ਸੀ। ਇਸਦਾ ਚੇਲਾ ਸ਼ੇਖ ਫਰੀਦ ਬੁਖਾਰੀ (ਮੁਰਤਜ਼ਾ ਖ਼ਾਨ) ਰਾਜ ਦਰਬਾਰ ਵਿਚ ਪ੍ਰਭਾਵਸ਼ਾਲੀ ਵਿਅਕਤੀ ਸੀ। ਨਕਸ਼ਬੰਦੀ ਸਿਲਸਿਲੇ ਵਾਲਿਆਂ ਨੇ ਜਹਾਂਗੀਰ ਤੋਂ ਪਹਿਲਾਂ ਹੀ ਵਚਨ ਲਿਆ ਹੋਇਆ ਸੀ ਕਿ ਉਸ ਦੇ ਰਾਜ ਵਿਚ ਗ਼ੈਰ-ਮੁਸਲਮਾਨਾਂ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ ਜਾਵੇਗਾ। ਇਨ੍ਹਾਂ ਕੱਟੜਪੰਥੀਆਂ ਨੂੰ ਸਿੱਖੀ ਦੀ ਤੇਜ਼ੀ ਨਾਲ ਪ੍ਰਗਤੀ ਕਰ ਰਹੀ ਲਹਿਰ ਬਹੁਤ ਚੁੱਭਦੀ ਸੀ ਤੇ ਇਸ ਲਹਿਰ ਨੂੰ ਹਰ

ਹੀਲੇ ਦਬਾਉਣਾ ਚਾਹੁੰਦੇ ਸਨ। ਇਨ੍ਹਾਂ ਦੀਆਂ ਸਲਾਹਾਂ ਨੇ ਹੀ ਜਹਾਂਗੀਰ ਦੇ ਮਨ ਵਿਚ ਸਿੱਖ ਗੁਰੂਆਂ ਤੇ ਸਿੱਖ ਧਰਮ ਪ੍ਰਤਿ ਨਫ਼ਰਤ ਤੇ ਕੀਨੇ ਦੀ ਅੱਗ ਭੜਕਾ ਦਿੱਤੀ ਸੀ।

ਗੁਰੂ ਅਰਜਨ ਦੇਵ ਜੀ ਜਿਥੇ ਸਿੱਖ ਲਹਿਰ ਦੇ ਵਿਕਾਸ ਵਿਚ ਰੁੱਝੇ ਹੋਏ ਸਨ, ਉਥੇ ਉਹ ਦੇਸ਼ ਵਿਚ ਤੇ ਖ਼ਾਸ ਤੌਰ 'ਤੇ ਰਾਜ ਦਰਬਾਰ ਵਿਚ, ਵਾਪਰ ਰਹੇ ਹਾਲਾਤ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਆਪ ਜੀ ਨੇ ਭਾਂਪ ਲਿਆ ਸੀ ਕਿ ਆਉਣ ਵਾਲਾ ਸਮਾਂ ਸਿੱਖਾਂ ਲਈ ਮੁਸੀਬਤਾਂ ਭਰਿਆ ਹੋਵੇਗਾ ਅਤੇ ਜ਼ੁਲਮ, ਬਦੀ ਤੇ ਅਤਿਆਚਾਰਾਂ ਦੀਆਂ ਤਾਕਤਾਂ ਦਾ ਟਾਕਰਾ ਕਰਨ ਲਈ ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ।

ਅਜਿਹੇ ਸਮੇਂ ਵਿਚ ਗੁਰਗੱਦੀ ਤੇ ਬਿਰਾਜਣ ਵਾਲੇ ਗੁਰੂ ਸਾਹਿਬ ਵਿਚ ਜਿਹੋ ਜਿਹੇ ਗੁਣਾਂ ਤੇ ਸ਼ਕਤੀਆਂ ਦੀ ਲੋੜ ਸੀ, ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ (ਗੁਰੂ) ਹਰਿਗੋਬਿੰਦ ਜੀ ਨੂੰ ਉਹੋ ਜਿਹੀ ਸਿਖਿਆ ਤੇ ਸਿਖਲਾਈ ਦਿਵਾਉਣ ਦਾ ਫੈਸਲਾ ਕੀਤਾ। ਆਪ ਨੇ ਸਾਹਿਬਜ਼ਾਦੇ ਦੀ ਪੜ੍ਹਾਈ-ਲਿਖਾਈ ਦਾ ਕੰਮ ਬਾਬਾ ਬੁੱਢਾ ਜੀ ਦੇ ਸਪੁਰਦ ਕੀਤਾ। ਉਦੋਂ (ਗੁਰੂ) ਹਰਿਗੋਬਿੰਦ ਜੀ ਦੀ ਉਮਰ ਲਗਭਗ ਛੇ ਸਾਲਾਂ ਦੀ ਸੀ। ਬਾਬਾ ਬੁੱਢਾ ਜੀ ਨੇ ਆਪ ਨੂੰ ਅੱਖਰੀ ਗਿਆਨ ਦੇ ਨਾਲ ਗੁਰਬਾਣੀ ਦੀ ਪੜ੍ਹਾਈ ਕਰਾਈ ਤੇ ਪਿਛਲੇ ਗੁਰੂ ਸਾਹਿਬਾਨ ਦੇ ਇਤਿਹਾਸ ਦੀ ਜਾਣਕਾਰੀ ਦਿੱਤੀ ਅਤੇ ਸ਼ਸਤਰਾਂ ਦੀ ਵਰਤੋਂ ਵਿਚ ਵੀ ਨਿਪੁੰਨ ਕਰ ਦਿੱਤਾ। ਘੋੜ-ਸਵਾਰੀ, ਕੁਸ਼ਤੀ ਆਦਿਕ ਯੋਧਿਆਂ-ਸੂਰਬੀਰਾਂ ਦੇ ਕਰਤਬਾਂ ਦੀ ਸਿਖਲਾਈ ਦਿੱਤੀ। ਸਾਹਿਬਜ਼ਾਦੇ ਦੀ ਰੁਚੀ ਸ਼ਸਤਰ-ਵਿਦਿਆ ਵਿਚ ਵਧੇਰੇ ਸੀ। ਉਨ੍ਹਾਂ ਦੇ ਸ਼ਸਤਰਈ ਅਭਿਆਸ ਨੂੰ ਵੇਖ ਕੇ ਹੀ ਬਾਬਾ ਜੀ ਨੇ ਕਿਹਾ ਸੀ ਕਿ ਇਹ ਅਤਿਆਚਾਰੀ ਮੁਗ਼ਲਾਂ ਦੇ ਸਿਰ ਭੰਨਣਗੇ। ਭਾਈ ਗੁਰਦਾਸ ਜੀ ਵੀ ਜਦੋਂ ਸਮਾਂ ਮਿਲਦਾ (ਗੁਰੂ) ਹਰਿਗੋਬਿੰਦ ਜੀ ਦੀ ਸੰਸਾਰਕ ਤੇ ਆਤਮਕ ਪੜ੍ਹਾਈ ਦੀ ਸੇਵਾ ਨਿਭਾਉਂਦੇ।

ਇਸ ਸਿਖਲਾਈ ਦਾ ਇਹ ਅਸਰ ਹੋਇਆ ਕਿ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਹਰ ਪਾਸਿਉਂ ਸੰਪੂਰਨ ਯੋਗਤਾ ਵਾਲੇ ਵਿਅਕਤੀ ਬਣ ਗਏ। ਆਪ ਸੁਡੋਲ, ਨਰੋਏ ਅਤੇ ਬਲਵਾਨ ਵੀ ਸਨ ਤੇ ਨਾਲ ਹੀ ਬ੍ਰਹਮਗਿਆਨੀ ਤੇ ਪੂਰਨ ਸੰਤ ਵੀ।

### *ਗੁਰਿਆਈ ਦੀ ਜ਼ਿੰਮੇਵਾਰੀ*

ਜਹਾਂਗੀਰ ਨੂੰ ਤਖ਼ਤ 'ਤੇ ਬੈਠਿਆਂ ਅਜੇ ਪੂਰੇ ਛੇ ਮਹੀਨੇ ਵੀ ਨਹੀਂ ਸਨ ਹੋਏ ਕਿ ਉਸ ਦੇ ਪੁੱਤਰ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ। ਉਹ 6 ਅਪ੍ਰੈਲ 1606 ਨੂੰ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਲਾਹੌਰ ਪੁੱਜ ਕੇ ਉਸ ਨੇ ਕਿਲ੍ਹੇ ਨੂੰ ਨੌਂ ਦਿਨ ਘੇਰਾ ਪਾਈ ਰੱਖਿਆ, ਪਰ ਕਿਲ੍ਹੇ 'ਤੇ ਕਬਜ਼ਾ ਨਾ ਕਰ ਸਕਿਆ। ਉਸ ਦੇ ਪਿੱਛੇ ਮੁਰਤਜ਼ਾ ਖ਼ਾਨ ਭਾਰੀ ਫ਼ੌਜ ਲਈ ਆ ਰਿਹਾ ਸੀ। ਉਹ ਡਰਦਾ ਮਾਰਿਆ ਉਥੋਂ ਭੱਜ ਨਿਕਲਿਆ, ਪਰ ਝਨਾਂ ਨਦੀ ਉਤੇ ਸੋਧਰੇ ਦੇ ਸਥਾਨ 'ਤੇ 27 ਅਪ੍ਰੈਲ 1606 ਨੂੰ ਫੜਿਆ ਗਿਆ।

ਸ਼ੇਖ਼ ਅਹਿਮਦ ਸਰਹੰਦੀ ਤੇ ਹੋਰ ਕੱਟੜ ਮੁਸਲਮਾਨਾਂ ਨੇ ਜਹਾਂਗੀਰ ਨੂੰ ਇਕ ਝੂਠੀ ਕਹਾਣੀ ਬਣਾ ਕੇ ਦੱਸੀ ਕਿ ਗੋਇੰਦਵਾਲ ਦਾ ਪੱਤਣ ਪਾਰ ਕਰਨ ਸਮੇਂ ਖ਼ੁਸਰੋ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਸੀ ਤੇ ਉਨ੍ਹਾਂ ਨੇ ਉਸ ਦੀ ਸਹਾਇਤਾ ਕੀਤੀ, ਆਪਣੇ ਕੋਲ ਠਹਿਰਾਇਆ ਅਤੇ ਜਿੱਤ ਲਈ ਆਸ਼ੀਰਵਾਦ ਵੀ ਦਿੱਤੀ। ਅਸਲੀਅਤ ਇਹ ਹੈ ਕਿ ਜਦੋਂ ਖ਼ੁਸਰੋ ਨੇ

ਗੋਇੰਦਵਾਲ ਦੇ ਪੱਤਣ ਤੋਂ ਦਰਿਆ ਬਿਆਸ ਪਾਰ ਕੀਤਾ ਸੀ, ਉਦੋਂ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਵਿਚ ਨਹੀਂ ਸਨ, ਸਗੋਂ ਤਰਨ ਤਾਰਨ ਵਿਖੇ ਸਨ।

ਗੁਰੂ ਅਰਜਨ ਦੇਵ ਜੀ ਵਾਪਰ ਰਹੀਆਂ ਰਾਜਨੀਤਕ ਘਟਨਾਵਾਂ ਤੇ ਪੂਰੀ ਨਜ਼ਰ ਰੱਖ ਰਹੇ ਸਨ। ਉਨ੍ਹਾਂ ਨੂੰ ਇਸ ਗੱਲ ਬਾਰੇ ਕੋਈ ਸ਼ੱਕ ਨਹੀਂ ਸੀ ਰਿਹਾ ਕਿ ਕਿਸੇ ਵੇਲੇ ਵੀ ਉਨ੍ਹਾਂ ਨੂੰ ਮੁਗ਼ਲ ਸਰਕਾਰ ਵਲੋਂ ਸ਼ਹੀਦ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਬਾਬਾ ਬੁੱਢਾ ਜੀ ਨਾਲ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਦੇਣ ਦੀ ਗੱਲ ਕੀਤੀ। ਬਾਬਾ ਜੀ ਹੈਰਾਨ ਰਹਿ ਗਏ। ਆਖਣ ਲੱਗੇ : 'ਸਤਿਗੁਰੂ ਜੀ ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ? ਅਜੇ ਤਾਂ ਸੰਗਤਾਂ ਆਪ ਜੀ ਦੇ ਦਰਸ਼ਨ ਕਰਨਾ ਲੋਚਦੀਆਂ ਹਨ ਤੇ ਤੁਸੀਂ ਜੋਤੀ-ਜੋਤਿ ਸਮਾਉਣ ਦੀਆਂ ਗੱਲਾਂ ਕਰ ਰਹੇ ਹੋ' :

ਸੁਨ ਬੁੱਢੇ ਪੁਨ ਬਚਨ ਉਚਾਰਾ। ਕਿਆ ਕੌਤਕ ਕਰ ਹੌ ਕਰਤਾਰਾ।
ਜੋਤੀ ਜੋਤਿ ਸਮਾਵਨ ਲਾਗੇ। ਤੌ ਸੁਤ ਤਿਲਕ ਦੇਤਿ ਵਡਭਾਗੇ।
ਅਜੇ ਦਰਸ ਸੰਗਤਿ ਕਰੈ, ਹੇ ਗੁਰ ਤੋਰ ਕ੍ਰਿਪਾਲ।
ਕੈਸ ਬਚਨ ਭਾਖੇ ਪ੍ਰਭੁ, ਹਮ ਕੋ ਅਚਰਜ ਖਿਆਲ।

*(ਗੁਰਬਿਲਾਸ ਪਾ: ੬, ਪੰਨਾ ੧੯੯, ਸ਼੍ਰ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ)*

ਇਹ ਸੁਣ ਕੇ ਪੰਚਮ ਪਿਤਾ ਨੇ ਬਾਬਾ ਜੀ ਨੂੰ ਜੁਆਬ ਦਿੱਤਾ :

ਲਾਹੌਰ ਸੀਸ ਦੇਣੇ ਹਮ ਜਾਹੀ।
ਉਹਾਂ ਤੇ ਹਮ ਆਵਣ ਨਾਹੀਂ।
ਤਉ ਅਬ ਹੀ ਮਾਥ ਟਿਕਾਵੋ।

ਉੱਧਰ, ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਨ ਅਤੇ ਸ਼ਹੀਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਉਹ ਤਾਂ ਸਿੱਖੀ ਦੀ ਲਹਿਰ ਨੂੰ ਪਹਿਲਾਂ ਹੀ ਖ਼ਤਮ ਕਰਨ ਤੇ ਤੁਲਿਆ ਹੋਇਆ ਸੀ। ਹੁਕਮ ਜਾਰੀ ਕਰਨ ਲਈ ਉਸ ਨੂੰ ਸਤਿਗੁਰਾਂ ਦੁਆਰਾ ਖ਼ੁਸਰੋ ਦੀ ਸਹਾਇਤਾ ਕਰਨ ਦਾ ਬਹਾਨਾ ਮਿਲ ਗਿਆ।

ਗੁਰੂ ਅਰਜਨ ਦੇਵ ਜੀ ਨੂੰ ਖ਼ਬਰ ਮਿਲੀ ਤਾਂ ਉਨ੍ਹਾਂ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਵਿਚ ਦਰਬਾਰ ਸਜਾਇਆ ਅਤੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਕੇ ਉਨ੍ਹਾਂ ਨੂੰ ਮੱਥਾ ਟੇਕਿਆ। ਬਾਕੀ ਸਿੱਖਾਂ ਨੇ ਵੀ ਇਵੇਂ ਹੀ ਕੀਤਾ। ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਨੇ ਨਿਭਾਈ। ਆਪ ਨੇ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਦੋ ਤਲਵਾਰਾਂ ਪਹਿਨਾਈਆਂ—ਇਕ ਮੀਰੀ ਦੀ ਤੇ ਦੂਜੀ ਪੀਰੀ ਦੀ। 'ਮੀਰੀ' ਦੀ ਤਲਵਾਰ ਸੰਸਾਰਕ ਪੱਖ ਨੂੰ ਦਰਸਾਉਂਦੀ ਸੀ ਅਤੇ 'ਪੀਰੀ' ਦੀ ਤਲਵਾਰ ਆਤਮਕ ਪੱਖ ਨੂੰ ਦਰਸਾਉਂਦੀ ਸੀ। ਇਨ੍ਹਾਂ ਨੂੰ ਧਰਮ (ਪੀਰੀ) ਅਤੇ ਰਾਜਨੀਤੀ (ਮੀਰੀ) ਦੀਆਂ ਤਲਵਾਰਾਂ ਵੀ ਕਿਹਾ ਜਾਂਦਾ ਹੈ।

ਜਿਸ ਦਿਨ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਗਈ, ਉਸ ਦਿਨ ਸੰਨ 1606 ਦੇ ਮਈ ਮਹੀਨੇ ਦੀ 25 ਤ੍ਰੀਕ ਸੀ।

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਭਾਵ

ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਂਦਾ ਗਿਆ। ਉਥੇ ਆਪ ਜੀ ਨੂੰ ਤਿੰਨ-ਚਾਰ ਦਿਨ ਲਗਾਤਾਰ ਤਸੀਹੇ ਦਿੱਤੇ ਗਏ; ਉਬਲਦੇ ਪਾਣੀ ਵਿਚ ਬਿਠਾਇਆ ਗਿਆ, ਨੰਗੇ ਸਰੀਰ ਉਤੇ ਗਰਮ ਰੇਤ ਪਾਈ ਗਈ ਤੇ ਉਸਦੇ ਮਗਰੋਂ ਲੋਹ (ਤਵੀ) ਉਤੇ ਬਿਠਾ ਕੇ ਹੇਠਾਂ ਅੱਗ ਦੇ ਭਾਂਬੜ ਬਾਲੇ ਗਏ। ਸਤਿਗੁਰੂ ਜੀ ਆਪਣੀ ਸੁਰਤ ਪ੍ਰਭੂ ਚਰਨਾਂ ਨਾਲ ਜੋੜ ਸਭ ਕਸ਼ਟ ਸਹਾਰਦੇ ਰਹੇ। ਅੰਤ ਜਦੋਂ ਸਰੀਰਕ-ਅੰਤ ਨੇੜੇ ਆਉਂਦਾ ਦਿੱਸਿਆ ਤਾਂ 30 ਮਈ, 1606 ਈ: ਨੂੰ ਆਪ ਜੀ ਨੂੰ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ ਤੇ ਆਪ ਦੀ ਜੋਤਿ ਪ੍ਰਭੂ ਦੀ ਸਰਬ ਵਿਆਪਕ ਜੋਤਿ ਵਿਚ ਜਾ ਰਲੀ।

ਸਮੇਂ ਦੀ ਸਰਕਾਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਕੇ ਇਹ ਸਮਝ ਲਿਆ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸੰਪੂਰਨ ਕ੍ਰਾਂਤੀ ਦੀ ਲਹਿਰ ਦੀ ਕਮਰ ਤੋੜ ਦਿਤੀ ਗਈ ਹੈ ਤੇ ਹੁਣ ਇਹ ਲਹਿਰ ਆਪਣੇ ਆਪ ਖ਼ਤਮ ਹੋ ਜਾਵੇਗੀ। ਇਸੇ ਲਈ ਸ਼ੇਖ ਅਹਿਮਦ ਸਰਹੰਦੀ ਅਤੇ ਮੁਰਤਜ਼ਾ ਖ਼ਾਨ ਵਰਗਿਆਂ ਨੇ ਬਹੁਤ ਖੁਸ਼ੀਆਂ ਮਨਾਈਆਂ। ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੋਇਆ ਸ਼ੇਖ ਅਹਿਮਦ ਸਰਹੰਦੀ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ :

> "ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫ਼ਰ (ਗੁਰੂ ਅਰਜਨ ਦੇਵ ਜੀ ਦੀ) ਮੌਤ ਸਾਡੀ ਇਕ ਵੱਡੀ ਪ੍ਰਾਪਤੀ ਹੈ ਅਤੇ ਜਿੱਤ ਹੈ, ਅਤੇ ਇਸ ਨਾਲ ਘ੍ਰਿਣਤ ਹਿਂਦੂਆਂ ਨੂੰ ਭੀ ਇਕ ਵੱਡੀ ਜ਼ਲਾਲਤ ਭਰੀ ਹਾਰ ਹੋਈ ਹੈ, ਭਾਵੇਂ ਉਸ ਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖ਼ਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫ਼ਰਾਂ ਦੀ ਭਾਰੀ ਹਾਨੀ ਹੋਈ। ਸਮੂਹ ਮੁਸਲਮਾਨਾਂ ਲਈ ਇਹ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ। ਇਸ ਕਾਫ਼ਰ ਦੇ ਕਤਲ ਹੋਣ ਤੋਂ ਪਹਿਲਾਂ ਮੈਨੂੰ ਇਕ ਬੜਾ ਚੰਗਾ ਸੁਫ਼ਨਾ ਭੀ ਆਇਆ ਸੀ, ਜਿਸ ਵਿਚ ਮੈਂ ਤੱਕਿਆ ਕਿ ਬਾਦਸ਼ਾਹ ਜਹਾਂਗੀਰ ਨੇ ਕੁਫ਼ਰ ਦਾ ਸਿਰ ਕੁਚਲ ਦਿੱਤਾ ਹੈ। ਇਹ ਵਿਚ ਸ਼ੱਕ ਹੀ ਨਹੀਂ ਕਿ ਇਹ ਕਾਫ਼ਰ ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫ਼ਰਾਂ ਦਾ ਵੱਡਾ ਮੁਖੀ ਸੀ।"[2]

ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ ਜਹਾਂਗੀਰ, ਸ਼ੇਖ ਅਹਿਮਦ ਸਰਹੰਦੀ ਤੇ ਉਸ ਵਰਗੀ ਸੋਚਣੀ ਵਾਲੇ ਬੰਦਿਆਂ ਭਾਵੇਂ ਕਿੰਨੀ ਹੀ ਖੁਸ਼ੀ ਮਨਾਈ ਹੋਵੇ ਕਿ ਸਿੱਖ ਲਹਿਰ ਦੀ ਕਮਰ ਤੋੜ ਦਿੱਤੀ ਗਈ ਹੈ, ਪਰ ਇਹ ਸ਼ਹੀਦੀ ਸਿੱਖ-ਇਤਿਹਾਸ ਵਿਚ ਇਕ ਮੀਲ-ਪੱਥਰ ਸਾਬਤ ਹੋਈ ਹੈ। ਇਸ ਸ਼ਹੀਦੀ ਤੱਕ ਦਾ ਸਿੱਖ ਇਤਿਹਾਸ 'ਗੁਰਬਾਣੀ ਯੁੱਗ' ਸੀ ਜਿਸ ਵਿਚ ਗੁਰਬਾਣੀ ਰਚੀ ਗਈ, ਇਕੱਤਰ ਕੀਤੀ ਗਈ ਅਤੇ ਗੁਰਬਾਣੀ ਦਾ ਪ੍ਰਚਾਰ ਕੀਤਾ ਗਿਆ। ਪਰ ਹੁਣ ਇਕ ਨਵਾਂ ਯੁੱਗ ਆਰੰਭ ਹੋ ਗਿਆ, ਉਸ ਨੂੰ 'ਕੁਰਬਾਨੀ ਯੁੱਗ'

ਕਿਹਾ ਜਾਂਦਾ ਹੈ। ਜਿਥੇ ਪਹਿਲਾਂ ਗੁਰੂ ਨਾਨਕ ਵਿਚਾਰਧਾਰਾ ਦੇ 'ਸੰਤ-ਪੱਖ' ਦੀ ਵਿਆਖਿਆ, ਪ੍ਰਚਾਰ ਤੇ ਸੰਚਾਰ ਕੀਤਾ ਗਿਆ ਸੀ, ਉਥੇ ਹੁਣ 'ਸਿਪਾਹੀ-ਪੱਖ' ਵੀ ਉਜਾਗਰ ਹੋਣ ਲੱਗਾ। ਜਬਰ, ਜ਼ੁਲਮ ਅਤੇ ਧੱਕੇ ਨੂੰ ਠੱਲ੍ਹ ਪਾਉਣ ਦਾ ਜਜ਼ਬਾ ਸਿੱਖਾਂ ਦੇ ਮਨਾਂ ਵਿਚ ਹੁਲਾਰੇ ਲੈਣ ਲੱਗਾ। ਕੌਮ ਇਕ ਲੰਮੇ ਸੰਘਰਸ਼ ਦੇ ਰਾਹ ਤੇ ਪੈ ਗਈ। ਇਹ ਰਾਹ ਸੀ ਤਿਆਗ ਤੇ ਸ਼ਹੀਦੀਆਂ ਦਾ ਰਾਹ। ਇਸ ਰਾਹ ਤੇ ਚਲਦਿਆਂ ਸਿੱਖਾਂ ਨੇ ਸਰਕਾਰੀ ਡਰਾਵਿਆਂ, ਤਸੀਹਿਆਂ, ਜੁਰਮਾਨਿਆਂ, ਗ੍ਰਿਫ਼ਤਾਰੀਆਂ, ਘਰ-ਘਾਟ ਦੇ ਉਜਾੜੇ, ਫਾਂਸੀਆਂ ਤੇ ਘੱਲੂਘਾਰਿਆਂ ਵਿਚ ਕਤਲਿਆਮ ਦਾ ਡਟ ਕੇ ਮੁਕਾਬਲਾ ਕੀਤਾ। ਡੇਢ ਸੌ ਸਾਲ ਲਗਾਤਾਰ ਸਿੱਖ ਇਸ ਰਾਹ ਤੇ ਚੱਲੇ ਤੇ ਅੰਤ ਪੰਜਾਬ ਦੀ ਹੋਣੀ ਦੇ ਮਾਲਕ ਬਣ ਬੈਠੇ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਦੂਰ-ਰਸੀ ਤੇ ਸਥਾਈ ਪ੍ਰਭਾਵਾਂ ਨੂੰ ਵੇਖਦਿਆਂ ਹੋਇਆਂ ਆਮ ਇਤਿਹਾਸਕਾਰ ਇਸ ਸ਼ਹੀਦੀ ਨੂੰ ਸਿੱਖ ਧਰਮ ਦੇ ਵਿਕਾਸ ਵਿਚ ਇਕ ਵੱਡੇ ਮੋੜ (Turning Point) ਵਜੋਂ ਵੇਖਦੇ ਹਨ।

ਮੁਹੰਮਦ ਲਤੀਫ਼ ਆਖਦਾ ਹੈ, "ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਵੱਡਾ ਮੋੜ ਹੈ ਕਿਉਂਕਿ ਇਸ ਨੇ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਭੜਕਾਇਆ। ਇਹ ਸਮਾਂ ਸੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਵਾਨ ਅਨੁਯਾਈਆਂ ਦੇ ਮਨਾਂ ਵਿਚ ਮੁਸਲਮਾਨ ਹਕੂਮਤ ਲਈ ਨਫ਼ਰਤ ਦੇ ਡੂੰਘੇ ਬੀਜ ਬੀਜੇ ਗਏ।"

*(ਹਿਸਟਰੀ ਆਫ਼ ਦੀ ਪੰਜਾਬ, ਪੰਨਾ 254)*

ਗਾਰਡਨ ਕਹਿੰਦਾ ਹੈ, "ਇਸ ਸ਼ਹਾਦਤ ਨੂੰ ਧਰਮ ਵਾਸਤੇ ਹੋਈ ਸ਼ਹਾਦਤ ਸਮਝਿਆ ਗਿਆ। ਇਸ ਸ਼ਹਾਦਤ ਨੇ ਧਾਰਮਿਕ ਜਜ਼ਬਿਆਂ ਨੂੰ ਝੰਜੋੜਿਆ ਅਤੇ ਚੁੱਪ ਕਰਕੇ ਬੈਠੀ ਕੌਮ ਨੂੰ ਜੰਗਜੂ ਬਣਾ ਦਿਤਾ। ਇਸ ਸ਼ਹਾਦਤ ਨੂੰ ਇਕ ਮੋੜ ਨਾਲ ਤੁਲਨਾ ਦਿਤੀ ਜਾ ਸਕਦੀ ਹੈ। ਇਸ ਸ਼ਹਾਦਤ ਨਾਲ ਸਿੱਖ ਲਹਿਰ ਦੀ ਸ਼ਕਲ ਹੀ ਬਦਲ ਗਈ। ਨਵੇਂ ਗੁਰੂ ਵਿਚ ਰਾਜਸੀ ਪ੍ਰਭਾਵ ਵਧੇਰੇ ਤਤਪਰ ਹੋ ਗਏ। ਉਨ੍ਹਾਂ ਨੇ ਸਿਪਾਹੀਆਂ ਵਾਲਾ ਬਾਣਾ ਧਾਰਨ ਕਰ ਲਿਆ ਅਤੇ ਸਿੱਖਾਂ ਵਿਚ ਸ਼ਸਤਰਾਂ ਦਾ ਪਿਆਰ ਵੀ ਜਾਗ ਪਿਆ।"

ਟਰੰਪ ਵੀ ਏਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਆਖਦਾ ਹੈ : "ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖ ਭਾਈਚਾਰੇ ਦੇ ਵਿਕਾਸ ਵਿਚ ਇਕ ਵੱਡਾ ਮੋੜ ਹੈ, ਕਿਉਂਕਿ ਉਸ ਸਮੇਂ ਤੋਂ ਉਹ ਸੰਘਰਸ਼ ਆਰੰਭ ਹੋ ਗਿਆ ਜਿਸ ਨੇ ਇਕ ਧਾਰਮਿਕ ਸੁਧਾਰਵਾਦੀ ਲਹਿਰ ਦਾ ਸੁਭਾਅ (Character) ਹੀ ਬਦਲ ਕੇ ਰੱਖ ਦਿੱਤਾ।"

*(ਦੀ ਆਦਿ ਗ੍ਰੰਥ, ਪੰਨਾ lxxxii)*

ਕਨਿੰਘਮ ਅਤੇ ਇੰਦੂਭੂਸ਼ਣ ਬੈਨਰਜੀ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟ ਕੀਤੇ ਹਨ ਪਰ ਸਿੱਖ-ਲਹਿਰ ਦੇ ਗੰਭੀਰ ਅਧਿਐਨ ਤੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨ ਸਿੱਖ ਲਹਿਰ ਦੇ ਵਿਕਾਸ ਵਿਚ ਕੋਈ ਅਣਕਿਆਸੀ ਤਬਦੀਲੀ ਨਹੀਂ ਆਈ, ਨਾ ਹੀ ਲਹਿਰ ਨੇ ਕੋਈ ਐਸਾ ਮੋੜ ਕੱਟਿਆ ਜਿਸ ਨਾਲ ਪੁਰਾਣੇ ਰਾਹ ਤੋਂ ਹਟ ਕੇ ਕੋਈ ਨਵਾਂ ਰਾਹ ਅਪਣਾ ਲਿਆ ਹੋਵੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ ਵਿਚ ਲੋਕਾਂ ਨੂੰ ਧਾਰਮਿਕ, ਸਮਾਜਕ, ਆਰਥਕ ਅਤੇ ਰਾਜਨੀਤਕ ਸਭ ਖੇਤਰਾਂ

ਵਿਚ ਅਗਵਾਈ ਦਿਤੀ ਸੀ। ਬਾਕੀ ਗੁਰੂ ਸਾਹਿਬ ਵੀ ਸਰਬ-ਪੱਖੀ ਅਗਵਾਈ ਦਿੰਦੇ ਰਹੇ, ਜਿਸ ਦੇ ਫਲਸਰੂਪ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖ ਇਕ ਮਜ਼ਬੂਤ ਭਾਈਚਾਰੇ ਦੇ ਰੂਪ ਵਿਚ ਸੰਗਠਿਤ ਹੋ ਗਏ। ਸਿੱਖ-ਸੰਗਠਨ ਹੀ ਹਕੂਮਤ ਲਈ ਚਿੰਤਾ ਦਾ ਕਾਰਨ ਬਣਿਆ ਅਤੇ ਹਕੂਮਤ ਨੇ ਸਿੱਖ-ਸ਼ਕਤੀ ਨੂੰ ਵਧਣੋਂ ਰੋਕਣ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ। **ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਲਹਿਰ ਨੂੰ ਬਚਾਉਣ ਲਈ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਲਿਆਂਦੀ ਕ੍ਰਾਂਤੀ ਦੇ ਪ੍ਰਭਾਵਾਂ ਨੂੰ ਜਾਰੀ ਰੱਖਣ ਲਈ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਤਲਵਾਰ ਹੱਥ ਵਿਚ ਲੈਣੀ ਪਈ।**

ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਮੁਹਸਿਨ-ਫ਼ਾਨੀ ਦਾ ਇਹ ਕਹਿਣਾ ਠੀਕ ਜਾਪਦਾ ਹੈ ਕਿ ਛੇਵੇਂ ਪਾਤਸ਼ਾਹ ਨੇ ਪਹਿਲੇ ਅਸੂਲਾਂ 'ਤੇ ਚਲਦਿਆਂ ਹੋਇਆਂ ਸੈਨਿਕ-ਸ਼ਕਤੀ ਦਾ ਪ੍ਰਯੋਗ ਕੀਤਾ। ਉਹ 'ਦਬਿਸਤਾਨੇ-ਮਜ਼ਾਹਬ' ਵਿਚ ਲਿਖਦਾ ਹੈ : "ਗੁਰੂ ਹਰਿਗੋਬਿੰਦ ਜੀ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਸਿਪਾਹੀ ਵਾਲਾ ਬਾਣਾ ਧਾਰਨ ਕਰ ਲਿਆ। ਆਪਣੇ ਪਿਤਾ ਦੇ ਅਸੂਲਾਂ ਤੋਂ ਇਲਾਵਾ ਉਨ੍ਹਾਂ ਕਿਰਪਾਨ ਵੀ ਧਾਰਨ ਕੀਤੀ; ਫ਼ੌਜਾਂ ਵੀ ਰੱਖੀਆਂ ਅਤੇ ਸ਼ਿਕਾਰ ਖੇਡਣਾ ਸ਼ੁਰੂ ਕੀਤਾ।"

ਉਹ ਹੋਰ ਲਿਖਦਾ ਹੈ, "ਸੱਚ ਲਈ ਤਾਕਤ ਜਥੇਬੰਦ ਹੋਣੀ ਸ਼ੁਰੂ ਹੋ ਗਈ ਤੇ ਉਸ ਤਾਕਤ ਨੇ ਬੁਰਾਈਆਂ ਦਾ ਟਾਕਰਾ ਕੀਤਾ। ਕਮਜ਼ੋਰ ਨੂੰ ਲਿਤਾੜਿਆ ਜਾਂਦਾ ਦੇਖ ਕੇ ਸਿੱਖਾਂ ਦੇ ਜਜ਼ਬੇ ਜਾਗ ਪੈਂਦੇ ਸਨ ਤੇ ਸਿੱਖ ਨਿਆਸਰਿਆਂ ਨੂੰ ਆਸਰਾ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦ ਪੈਂਦੇ ਸਨ।"

ਸਕਾਟ ਆਪਣੀ ਪੁਸਤਕ 'ਦੀ ਸਿੱਖਸ' ਵਿਚ ਠੀਕ ਹੀ ਲਿਖਦਾ ਹੈ, "ਜੇ ਇਕ ਵਾਹਿਗੁਰੂ ਦੇ ਪੁਜਾਰੀਆਂ ਨੂੰ ਧਾਰਮਿਕ ਗ੍ਰੰਥ, ਕੇਂਦਰੀ ਧਾਰਮਿਕ ਅਸਥਾਨ, ਇਕੋ ਧਾਰਮਿਕ ਮਰਯਾਦਾ ਦਿੱਤੀ ਗਈ ਸੀ ਤੇ ਹੁਣ (ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਮੇਂ) ਸ਼ਹੀਦ ਹੋਣ ਅਤੇ ਦੁਸ਼ਮਨ ਦਾ ਟਾਕਰਾ ਕਰਨ ਦਾ ਜਜ਼ਬਾ ਵੀ ਮਿਲਿਆ।"

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਐਸੀ ਚਿੰਗਿਆੜੀ ਸੀ ਜਿਸ ਨੇ ਸਿੱਖਾਂ ਦੇ ਸਵੈਮਾਨ ਨੂੰ ਟੁੰਬਿਆ ਅਤੇ ਸਿੱਖਾਂ ਨੂੰ ਨੇਕੀ ਦੀ ਖ਼ਾਤਰ ਤੇ ਬਦੀ ਦੇ ਖ਼ਿਲਾਫ਼ ਜੂਝਣ, ਸ਼ਹੀਦੀਆਂ ਦੇਣ ਅਤੇ ਅਣਖ ਨਾਲ ਜੀਵਨ ਜਿਊਣ ਦੇ ਮਾਰਗ 'ਤੇ ਤੋਰ ਦਿੱਤਾ। ਸਿੱਖ ਉਦੋਂ ਤੋਂ ਅੱਜ ਤੱਕ ਇਸੇ ਮਾਰਗ 'ਤੇ ਤੁਰਦੇ ਆ ਰਹੇ ਹਨ।

### *ਡਰੋਲੀ ਗਏ*

ਡਰੋਲੀ (ਜਿਸ ਨੂੰ 'ਡਰੋਲੀ ਭਾਈ' ਜਾਂ 'ਭਾਈ ਕੀ ਡਰੋਲੀ' ਵੀ ਕਿਹਾ ਜਾਂਦਾ ਹੈ) ਮੋਗਾ ਸ਼ਹਿਰ ਦੇ ਪੱਛਮ ਵੱਲ 9 ਮੀਲ 'ਤੇ ਸਥਿਤ ਹੈ। ਇਹ ਲੁਧਿਆਣਾ-ਫ਼ਿਰੋਜ਼ਪੁਰ ਸੜਕ ਤੇ ਡਗਰੂ ਰੇਲਵੇ ਸਟੇਸ਼ਨ ਤੋਂ ਡੇਢ-ਦੋ ਮੀਲ ਦੂਰ ਹੈ। ਇਥੇ ਭਾਈ ਸਾਈਂ ਦਾਸ ਤੇ ਉਨ੍ਹਾਂ ਦੀ ਪਤਨੀ ਰਾਮੋ ਜੀ ਰਹਿੰਦੇ ਸਨ। ਬੀਬੀ ਰਾਮੋ, ਗੁਰੂ ਜੀ ਦੀ ਪਤਨੀ (ਮਾਤਾ) ਦਮੋਦਰੀ*

---

*ਭੱਟ ਵਹੀਆਂ ਤੇ ਕੁਝ ਹੋਰ ਸਰੋਤਾਂ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨੋ ਵਿਆਹ ਹੋਏ ਸਨ ਤੇ ਪਹਿਲੀ ਪਤਨੀ ਦਾ ਨਾਮ 'ਦਮੋਦਰੀ ਦੇਵੀ' ਸੀ।

ਜੀ ਦੀ ਵੱਡੀ ਭੈਣ ਸੀ। ਇਹ ਪਤੀ-ਪਤਨੀ ਗੁਰੂ ਹਰਿਗੋਬਿੰਦ ਸਾਹਿਬ ਦੇ ਕੇਵਲ ਰਿਸ਼ਤੇਦਾਰ ਹੀ ਨਹੀਂ ਸਨ, ਸਗੋਂ ਗੁਰੂ ਜੀ ਦੇ ਪੂਰਨ ਸ਼ਰਧਾਵਾਨ ਸਿੱਖ ਸਨ। ਗੁਰੂ ਜੀ ਇਥੇ ਤਿੰਨ-ਚਾਰ ਵਾਰ ਆਏ ਸਨ, ਜਿਸ ਕਰਕੇ ਇਹ ਨਗਰ ਸਿੱਖੀ-ਪ੍ਰਚਾਰ ਦਾ ਕੇਂਦਰ ਬਣ ਗਿਆ ਸੀ।

ਜਿਵੇਂ ਕਿ ਪੁਸਤਕ ਦੇ ਆਰੰਭ ਵਿਚ ਹੀ ਅੰਕਿਤ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਬਾਰੇ ਹੁਕਮ ਵਿਚ ਜਹਾਂਗੀਰ ਨੇ ਇਹ ਵੀ ਲਿਖਿਆ ਸੀ ਕਿ ਗੁਰੂ ਅਰਜਨ ਦੇਵ ਜੀ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਜਾਵੇ ਅਤੇ ਉਨ੍ਹਾਂ ਦਾ ਮਾਲ ਅਸਬਾਬ ਜ਼ਬਤ ਕਰ ਲਿਆ ਜਾਵੇ। ਬਾਦਸ਼ਾਹ ਦੇ ਇਸ ਹੁਕਮ 'ਤੇ ਭਾਵੇਂ ਅਮਲ ਨਾ ਕੀਤਾ ਗਿਆ, ਫਿਰ ਵੀ ਸਿੱਖ ਸੰਗਤਾਂ ਦਾ ਵਿਚਾਰ ਸੀ ਕਿ ਗੁਰੂ-ਪਰਿਵਾਰ ਕੁਝ ਸਮੇਂ ਲਈ ਅੰਮ੍ਰਿਤਸਰ ਤੋਂ ਦੂਰ ਚਲਾ ਜਾਵੇ ਕਿਉਂਕਿ ਜਹਾਂਗੀਰ ਦੇ ਪਲ-ਪਲ ਬਦਲਦੇ ਸੁਭਾਅ ਦਾ ਕੁਝ ਪਤਾ ਨਹੀਂ ਸੀ। ਸ਼ੇਖ ਅਹਿਮਦ ਵਰਗਿਆਂ ਦੀ ਗ਼ਲਤ ਸਲਾਹ ਨੂੰ ਮੰਨ ਕੇ ਉਹ ਆਪਣੇ ਹੁਕਮ ਨੂੰ ਅਮਲ ਵਿਚ ਲਿਆਉਣ ਦੀ ਜ਼ਿੱਦ ਵੀ ਕਰ ਸਕਦਾ ਸੀ। ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅਤੇ ਸੰਗਤਾਂ ਦੇ ਸੁਝਾਅ ਦਾ ਸਤਿਕਾਰ ਕਰਦਿਆਂ ਹੋਇਆਂ ਮਾਤਾ ਗੰਗਾ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਮਾਲਵੇ ਦੇ ਨਗਰ ਡਰੋਲੀ ਵਿਖੇ ਆ ਗਏ। ਇਥੇ ਗੁਰੂ ਜੀ ਪਰਿਵਾਰ ਸਮੇਤ ਜੂਨ 1606 ਦੇ ਆਰੰਭ ਤੋਂ ਸੰਨ 1607 ਦੇ ਅੰਤ ਤੱਕ ਲਗਭਗ ਡੇਢ ਸਾਲ ਰਹੇ। ਇਸ ਦੀ ਗਵਾਹੀ ਭੱਟ ਵਹੀ ਮੁਲਤਾਨੀ ਸਿੰਧੀ ਦਿੰਦੀ ਹੈ :

> "ਗੁਰੂ ਹਰਿਗੋਬਿੰਦ ਮਹਲਾ ਛਟਾ, ਬੇਟਾ ਗੁਰੂ ਅਰਜਨ ਜੀ ਕਾ, ਬਾਸੀ ਗੁਰੂ ਕਾ ਚੱਕ ਪਰਗਣਾ ਨਿਸ਼ਨਿਰਆਲਾ, ਸੰਮਤ ਸੋਲਾਂ ਸੈ ਤ੍ਰੈਸਠਾ ਜੇਠ ਮਾਸੇ ਸੁਦੀ ਅਸ਼ਟਮੀ ਕੇ ਦਿਹੁੰ ਗੋਇੰਦਆਲ ਸੇ ਜੰਗਲ ਦੇਸ ਗ੍ਰਾਮ ਡਰੋਲੀ ਪਰਗਣਾ ਡਗਰੂ ਭਾਈ ਸਾਈਂਦਾਸ ਕੇ ਗ੍ਰਿਹ ਮੇਂ ਆਏ। ਗੈਲੋਂ ਮਾਤਾ ਗੰਗਾ ਦੇਈ ਤੇ ਇਸਤਰੀ (ਪਤਨੀ) ਦਮੋਦਰੀ ਜੀ ਆਈ। ਏਕ ਬਰਖ ਛੇ ਮਾਸ, ਡਰੋਲੀ ਗ੍ਰਾਮ ਮੇਂ ਬਾਸ ਕਰ ਕੇ ਗੋਇੰਦਆਲ ਆਏ।"[3]
>
> *(ਭੱਟ ਵਹੀ ਮੁਲਤਾਨੀ ਸਿੰਧੀ)*

ਡਾ: ਸੰਗਤ ਸਿੰਘ ਵੀ ਆਪਣੀ ਪੁਸਤਕ 'ਇਤਿਹਾਸ 'ਚ ਸਿੱਖ' ਦੇ ਪੰਨਾ 38 ਉਤੇ ਲਿਖਦੇ ਹਨ :

ਗੁਰੂ ਹਰਿਗੋਬਿੰਦ ਜੀ ਨੂੰ ਉਸ ਵੇਲੇ ਲੜਾਈ ਕਰਨ ਦੀ ਤੀਬਰ ਇੱਛਾ ਨਹੀਂ ਹੋ ਰਹੀ ਸੀ। ਉਨ੍ਹਾਂ ਨੂੰ ਆਪਣੀ ਸ਼ਕਤੀ ਉਸਾਰਨ ਦੀ ਲੋੜ ਸੀ। ਪਹਿਲਾਂ ਤਾਂ, ਜਿਵੇਂ ਕਹਾਵਤ ਹੈ, ਸਾਵਧਾਨੀ ਜਾਂ ਸਿਆਣਪ ਸੂਰਮਤਾਈ ਦਾ ਵੱਡਾ ਭਾਗ ਹੁੰਦਾ ਹੈ, ਗੁਰੂ ਹਰਿਗੋਬਿੰਦ ਜੀ ਨੇ ਮੋਹਰੀ ਸਿੱਖਾਂ ਦੀ ਸਲਾਹ ਨਾਲ, ਮਾਲਵੇ ਦੇ ਸੰਘਣੇ ਜੰਗਲਾਂ ਨਾਲ ਕੱਜੇ ਅਤੇ ਔਖੇ ਰਸਤਿਆਂ ਵਾਲੇ ਇਲਾਕੇ ਵੱਲ ਚਲੇ ਜਾਣ ਦਾ ਫੈਸਲਾ ਕੀਤਾ। ਮੁਲਤਾਨੀ ਸਿੰਧੀ ਭੱਟ ਵਹੀ ਦੱਸਦੀ ਹੈ ਕਿ ਗੁਰੂ ਹਰਿਗੋਬਿੰਦ ਜੀ ਆਪਣੀ ਮਾਤਾ ਗੰਗਾ ਜੀ ਅਤੇ ਪਤਨੀ ਦਮੋਦਰੀ ਜੀ ਨੂੰ ਨਾਲ ਲੈ ਕੇ ਜੇਠ ਸੁਦੀ 8, ਸੰਮਤ 1663 (4 ਜੂਨ 1606) ਨੂੰ ਡਗਰੂ

ਪਰਗਣੇ ਵਿਚ ਡਰੋਲੀ (ਅਜੋਕੇ ਮੋਗੇ ਜ਼ਿਲ੍ਹੇ ਵਿਚ) ਭਾਈ ਸਾਈਂ ਦਾਸ ਦੇ ਘਰ ਆ ਗਏ।"[4]

ਡਾ: ਸੰਗਤ ਸਿੰਘ ਦੇ ਲਿਖਣ ਅਨੁਸਾਰ ਗੁਰੂ ਹਰਿਗੋਬਿੰਦ ਜੀ ਨੇ ਡਰੋਲੀ ਵਿਚ ਇਕ ਖੂਹ ਲਗਵਾਇਆ। ਆਪ ਪਿੰਡ ਤੋਂ ਬਾਹਰਵਾਰ ਇਕ ਸਥਾਨ ਤੇ ਦੀਵਾਨ ਸਜਾਉਂਦੇ ਰਹੇ। ਮਾਲਵੇ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ। ਇਥੇ ਸ਼ਸਤਰਾਂ ਦੇ ਅਭਿਆਸ ਵੀ ਕਰਵਾਏ ਜਾਂਦੇ। ਗੁਰਸਿੱਖਾਂ ਨੇ ਤਲਵਾਰ, ਤੀਰ ਕਮਾਨ ਅਤੇ ਹੋਰ ਹਥਿਆਰ ਚਲਾਉਣ ਵਿਚ ਨਿਪੁੰਨਤਾ ਹਾਸਲ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਤੇ ਉਨ੍ਹਾਂ ਦਾ ਪਰਿਵਾਰ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਇਕਦਮ ਬਾਅਦ ਅਛੋਪਲੇ ਹੀ ਡਰੋਲੀ ਵਲ ਆ ਗਿਆ ਸੀ। ਇਸ ਲਈ ਉਹ ਸਰਕਾਰੀ ਸੂਹੀਆਂ ਦੀ ਨਜ਼ਰ ਤੋਂ ਬਚੇ ਰਹੇ। ਸਰਕਾਰੀ ਸੂਹੀਆਂ ਨੂੰ ਇਸ ਗੱਲ ਦੀ ਆਸ ਵੀ ਨਹੀਂ ਸੀ ਕਿ ਗੁਰੂ ਜੀ ਇਨੀ ਜਲਦੀ ਕਿਧਰੇ ਹੋਰ ਚਲੇ ਜਾਣਗੇ। ਮਗਰੋਂ ਸਰਕਾਰੀ ਸੂਹੀਆਂ ਨੇ ਬਥੇਰੀ ਕੋਸ਼ਿਸ਼ ਕੀਤੀ ਪਰ ਉਹ ਗੁਰੂ ਸਾਹਿਬ ਨੂੰ ਲੱਭ ਨਹੀਂ ਸਕੇ ਕਿਉਂਕਿ ਗੁਰੂ ਜੀ ਤੇ ਉਨ੍ਹਾਂ ਦਾ ਪਰਿਵਾਰ ਜੰਗਲ ਦੇਸ਼ (ਮਾਲਵੇ) ਵਿਚ ਸੀ।

ਸੰਨ 1608 ਦੇ ਆਰੰਭ ਵਿਚ ਗੁਰੂ ਜੀ ਗੁਰੂ ਕੇ ਚੱਕ (ਅੰਮ੍ਰਿਤਸਰ ਸਾਹਿਬ) ਆ ਗਏ। ਉਨ੍ਹਾਂ ਦਾ ਪਰਿਵਾਰ ਡਰੋਲੀ ਹੀ ਰਿਹਾ।

# ਚੜ੍ਹਦੀ ਕਲਾ ਦਾ ਸੰਚਾਰ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮਗਰੋਂ ਸਿੱਖਾਂ ਵਿਚ ਢਹਿੰਦੀ ਕਲਾ ਦੇ ਆਉਣ ਦਾ ਡਰ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਮਣੇ ਸਭ ਤੋਂ ਵੱਡਾ ਕੰਮ ਇਹ ਸੀ ਕਿ ਸਿੱਖਾਂ ਦੇ ਹੌਸਲੇ ਬੁਲੰਦ ਰਖੇ ਜਾਣ ਅਤੇ ਸਰਕਾਰ ਦੇ ਉਨ੍ਹਾਂ ਸਭ ਯਤਨਾਂ ਨੂੰ ਅਸਫ਼ਲ ਬਣਾ ਦਿੱਤਾ ਜਾਵੇ ਜਿਹੜੇ ਕਿ ਉਹ ਸਿੱਖ ਲਹਿਰ ਨੂੰ ਖ਼ਤਮ ਕਰਨ ਲਈ ਕਰ ਰਹੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਇਕ ਗੱਲ ਸਾਫ਼ ਪ੍ਰਗਟ ਹੋ ਗਈ ਸੀ ਕਿ ਜਬਰ-ਜ਼ੁਲਮ ਨੂੰ ਰੋਕਣ ਲਈ ਸ਼ਾਂਤਮਈ ਸੰਘਰਸ਼ ਦਾ ਕੋਈ ਪ੍ਰਭਾਵ ਨਹੀਂ ਸੀ ਪਿਆ, ਸਗੋਂ ਇਸ ਗੱਲ ਦੀ ਸੰਭਾਵਨਾ ਸੀ ਕਿ ਸਰਕਾਰ ਸਿੱਖ ਲਹਿਰ ਨੂੰ ਖ਼ਤਮ ਕਰਨ ਲਈ ਸਿੱਖਾਂ ਉੱਤੇ ਅੱਤਿਆਚਾਰਾਂ ਵਿਚ ਹੋਰ ਵਾਧਾ ਕਰੇ। ਗੁਰੂ ਹਰਿਗੋਬਿੰਦ ਸਾਹਿਬ ਨੇ ਸਾਰੇ ਹਾਲਾਤ 'ਤੇ ਗੰਭੀਰਤਾ ਪੂਰਵਕ ਵਿਚਾਰ ਕੀਤੀ। ਉਨ੍ਹਾਂ ਦੇ ਸਾਹਮਣੇ ਦੋ ਹੀ ਰਾਹ ਸਨ ਕਿ ਜਾਂ ਤਾਂ ਸਿੱਖ ਲਹਿਰ ਦੀ ਰੱਖਿਆ ਲਈ ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਉਣ ਤੇ ਜਾਂ ਸਾਰੀਆਂ ਸਰਗਰਮੀਆਂ ਬੰਦ ਕਰਕੇ ਸਿੱਖਾਂ ਨੂੰ 'ਭਲੇ ਦਿਨਾਂ ਦੇ ਆਉਣ' ਦੀ ਉਡੀਕ ਕਰਨ ਦਾ ਉਪਦੇਸ਼ ਦੇਣ। ਦੂਜਾ ਰਸਤਾ ਆਤਮਘਾਤੀ ਸੀ ਇਸ ਲਈ ਆਪ ਨੇ, ਗੁਰਗੱਦੀ ਦੀ ਜ਼ਿੰਮੇਵਾਰੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪਹਿਲਾ ਰਸਤਾ ਹੀ ਚੁਣਿਆ—ਸਿੱਖ ਸੰਗਤਾਂ ਨੂੰ ਜਬਰ-ਜ਼ੁਲਮ ਦੇ ਟਾਕਰੇ ਦੇ ਯੋਗ ਬਣਾਉਣ ਦਾ ਰਸਤਾ। ਗੁਰੂ ਨਾਨਕ ਪਾਤਸ਼ਾਹ ਨੇ ਧਰਮ ਅਤੇ ਰਾਜਨੀਤੀ ਅਥਵਾ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਜਿਹੜਾ ਸਿਧਾਂਤ ਦਿੱਤਾ ਸੀ, ਉਸ ਸਿਧਾਂਤ ਨੂੰ ਅਮਲੀ ਸ਼ਕਲ ਦੇਣ ਦਾ ਆਪ ਨੇ ਪ੍ਰੋਗਰਾਮ ਬਣਾ ਲਿਆ। ਸਿੱਖਾਂ ਨੂੰ ਮਾਨਸਿਕ ਤੌਰ 'ਤੇ ਸੰਘਰਸ਼ ਲਈ ਤਿਆਰ ਕਰਨ ਲਈ ਕੁਝ ਇਸ ਤਰ੍ਹਾਂ ਦਾ ਉਪਦੇਸ਼ ਦਿੱਤਾ :

"ਗੁਰੂ ਨਾਨਕ ਦੇਵ ਜੀ ਦਾ ਮਾਰਗ ਸੱਚ-ਧਰਮ ਦਾ ਮਾਰਗ ਹੈ। ਇਹ ਸਰਬੱਤ ਦੇ ਭਲੇ ਦਾ ਮਾਰਗ ਹੈ। ਇਹ ਪ੍ਰਭੂ ਨੂੰ ਪਿਆਰ ਕਰਨ ਵਾਲਿਆਂ ਦਾ ਮਾਰਗ ਹੈ। ਇਹ ਨਿਰਭਉ ਤੇ ਨਿਰਵੈਰ ਪ੍ਰਭੂ ਨੂੰ ਜਪਣ ਵਾਲਿਆਂ ਦਾ ਮਾਰਗ ਹੈ। ਇਸ ਮਾਰਗ ਤੇ ਚੱਲਣ ਵਾਲੇ ਨਿਰਭਉ ਤੇ ਨਿਰਵੈਰ ਹੋ ਜਾਂਦੇ ਹਨ। ਉਹ ਕਿਸੇ ਨੂੰ ਡਰਾਉਂਦੇ ਨਹੀਂ, ਤੇ ਨਾ ਹੀ ਕਿਸੇ ਤੋਂ ਡਰਦੇ ਹਨ; ਸਗੋਂ ਜਿਹੜੇ ਅੱਤਿਆਚਾਰੀ ਹੋਰਨਾਂ ਨੂੰ ਤਾਕਤ ਦੇ ਜ਼ੋਰ ਨਾਲ ਡਰਾਉਂਦੇ ਹਨ ਗੁਰੂ ਨਾਨਕ ਦੇਵ ਜੀ ਦੇ ਸਿੱਖ ਉਨ੍ਹਾਂ ਦਾ ਡਟ ਕੇ ਵਿਰੋਧ ਕਰਦੇ ਹਨ। ਗੁਰੂ ਜੀ ਨੇ ਬਾਬਰ ਨੂੰ ਜਾਬਰ ਆਖ ਕੇ ਲਲਕਾਰਿਆ ਸੀ ਤੇ ਕੈਦ ਹੋ ਗਏ ਸਨ। ਉਨ੍ਹਾਂ ਨੇ ਹੀ ਰਾਜਿਆਂ ਨੂੰ 'ਕਸਾਈ' ਅਤੇ ਆਪਣੇ ਹੀ ਲੋਕਾਂ ਦਾ ਸ਼ਿਕਾਰ ਕਰਨ ਵਾਲੇ 'ਬਘਿਆੜ' ਆਖਿਆ ਸੀ। ਅਸੀਂ ਵੀ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਹੈ।...ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਅਤਿਆਚਾਰੀਆਂ ਦਾ ਮੁਕਾਬਲਾ ਸ਼ਾਂਤਮਈ ਰਹਿ ਕੇ ਕੀਤਾ ਗਿਆ ਹੈ, ਪਰ ਹੁਣ ਹਕੂਮਤ ਨੇ ਹੱਦ ਹੀ ਕਰ ਦਿੱਤੀ ਹੈ ਤੇ ਗੁਰੂ ਅਰਜਨ ਦੇਵ ਜੀ ਨੂੰ ਬੇਰਹਿਮੀ ਨਾਲ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਹੈ। ਇਸ ਸ਼ਹੀਦੀ ਨਾਲ

ਇਹ ਗੱਲ ਪ੍ਰਤੱਖ ਹੋ ਗਈ ਹੈ ਕਿ ਅੱਤਿਆਚਾਰੀ ਸ਼ਾਸਕਾਂ ਦੇ ਮਨ ਉੱਤੇ ਪਿਆਰ, ਹਲੀਮੀ, ਦਲੀਲ ਤੇ ਸ਼ਾਂਤਮਈ ਗੱਲਾਂ ਦਾ ਭੋਰਾ ਅਸਰ ਵੀ ਨਹੀਂ ਪੈਂਦਾ।...ਹਕੂਮਤ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਲਹਿਰ ਦਾ ਗਲਾ ਘੁੱਟਣ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਹੈ, ਪਰ ਅਸੀਂ ਹਕੂਮਤ ਦੇ ਇਰਾਦਿਆਂ ਨੂੰ ਸਫ਼ਲ ਨਹੀਂ ਹੋਣ ਦੇਣਾ। ਅਸੀਂ ਗੁਰੂ ਨਾਨਕ ਦੇਵ ਜੀ ਦੀ ਲਹਿਰ ਨੂੰ ਅੱਗੇ ਤੋਰਨਾ ਹੈ ਤੇ ਮਜ਼ਬੂਤ ਕਰਨਾ ਹੈ। ਜਿਹੜੇ ਰਾਜੇ ਬਘਿਆੜ ਬਣ ਗਏ ਹਨ, ਕਸਾਈ ਬਣ ਗਏ ਹਨ, ਉਨ੍ਹਾਂ ਨੂੰ ਇਨਸਾਨ ਬਣਾਉਣਾ ਹੈ। ਇਨ੍ਹਾਂ ਕਸਾਈਆਂ ਦੀਆਂ ਤਲਵਾਰਾਂ ਦੀ ਮਾਰ ਤੋਂ ਕਮਜ਼ੋਰਾਂ ਨੂੰ ਬਚਾਉਣਾ ਹੈ ਅਤੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨਾ ਹੈ। ਇਹ ਕੰਮ ਇਨਾ ਆਸਾਨ ਨਹੀਂ ਹੈ, ਕਿਉਂਕਿ ਹਕੂਮਤ ਵਿਰੁਧ ਵਿਚ ਉੱਠਣ ਵਾਲੀ ਹਰ ਆਵਾਜ਼ ਨੂੰ ਸਖ਼ਤੀ ਨਾਲ ਦਬਾਉਣ ਲਈ ਤਤਪਰ ਹੈ। ਇਸ ਲਈ ਅਣਖ ਦਾ ਜੀਵਨ ਜਿਊਣ ਲਈ ਹੱਥ ਵਿਚ ਤਲਵਾਰ ਲੈਣ ਤੋਂ ਸਿਵਾ ਹੁਣ ਹੋਰ ਕੋਈ ਚਾਰਾ ਨਹੀਂ ਰਹਿ ਗਿਆ। **ਤਲਵਾਰ ਹੀ ਜ਼ੁਲਮ ਦਾ ਖ਼ਾਤਮਾ ਕਰ ਸਕਦੀ ਹੈ ਅਤੇ ਤਲਵਾਰ ਹੀ ਮੁਰਦਾ ਹੋ ਚੁੱਕੇ ਲੋਕਾਂ ਵਿਚ ਜੀਵਨ ਦਾ ਸੰਚਾਰ ਕਰ ਸਕਦੀ ਹੈ। ਅਸੀਂ ਗੁਰਬਾਣੀ ਦੇ ਇਹਨਾਂ ਬਚਨਾਂ ਨੂੰ ਸਤਿ ਕਰ ਵਿਖਾਉਣਾ ਹੈ ਕਿ "ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ॥"**...ਇਹ ਠੀਕ ਹੈ ਕਿ ਇਹ ਰਾਹ ਕੁਰਬਾਨੀਆਂ ਦਾ ਰਾਹ ਹੈ, ਲੇਕਿਨ ਸਾਡੀਆਂ ਕੁਰਬਾਨੀਆਂ ਕੌਮ ਵਿਚ ਨਵਾਂ ਜੀਵਨ ਭਰਨਗੀਆਂ, ਨਵੀਂ ਰੂਹ ਫੂਕਣਗੀਆਂ, ਹਜ਼ਾਰਾਂ ਸਾਲਾਂ ਤੋਂ ਗ਼ੁਲਾਮੀ ਦੀ ਚੱਕੀ ਵਿਚ ਪੀਹੇ ਜਾ ਰਹੇ ਲੋਕਾਂ ਨੂੰ ਆਜ਼ਾਦੀ ਦਾ ਅਨੰਦ ਬਖ਼ਸ਼ਣਗੀਆਂ। ਇਸ ਲਈ ਤਕੜੇ ਹੋਵੋ। ਇਸ ਰਾਹ 'ਤੇ ਚੱਲਣ ਲਈ ਮੇਰੇ ਕੋਲ ਸੀਸ ਤਲੀ ਤੇ ਧਰ ਕੇ ਆਉ। ਗੁਰੂ ਦਰਬਾਰ ਵਿਚ ਆਉਣ ਲੱਗਿਆਂ ਵਧੀਆ ਘੋੜੇ ਤੇ ਵਧੀਆ ਹਥਿਆਰ ਲੈ ਕੇ ਆਉ। ਹਥਿਆਰ ਚਲਾਉਣ ਵਿਚ ਮੁਹਾਰਤ ਹਾਸਲ ਕਰੋ।"

## ਹੁਕਮਨਾਮੇ ਭੇਜੇ

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਸੰਦਾਂ ਰਾਹੀਂ ਸੰਗਤਾਂ ਅਤੇ ਵਿਸ਼ੇਸ਼ ਕਰਕੇ ਵਪਾਰੀ ਸਿੱਖਾਂ ਨੂੰ ਹੁਕਮ ਭੇਜੇ ਕਿ ਨਕਦ ਭੇਟਾ ਦੀ ਥਾਂ ਤੇ ਸੋਹਣੇ ਵਧੀਆ ਘੋੜੇ ਤੇ ਸ਼ਸਤਰ ਖ਼ਰੀਦ ਕੇ ਭੇਜਿਆ ਕਰਨ। ਦਸਵੰਧ ਦੀ ਮਾਇਆ ਵੀ ਇਹਨਾਂ ਕੰਮਾਂ 'ਤੇ ਖਰਚ ਹੋਣ ਲੱਗ ਪਈ।

'ਤਾਰੀਖ਼-ਇ-ਪੰਜਾਬ' ਦਾ ਲਿਖਾਰੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰ ਇਕੱਠੇ ਕਰਨ ਬਾਰੇ ਦੂਰ-ਨੇੜੇ ਦੇ ਸਭ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ ਅਤੇ ਬਚਨ ਕੀਤਾ ਕਿ ਜਿਹੜਾ ਸਿੱਖ ਚੰਗੇ ਘੋੜੇ ਤੇ ਹਥਿਆਰ ਭੇਟਾ ਕਰੇਗਾ, ਉਹ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੇਗਾ। ਇਸ ਤਰ੍ਹਾਂ ਸਿੱਖਾਂ ਕੋਲ ਬੇਅੰਤ ਘੋੜੇ ਅਤੇ ਅਸਲੇਖ਼ਾਨੇ ਵਿਚ ਚੰਗੇ ਸ਼ਸਤਰ ਜਮ੍ਹਾਂ ਹੋ ਗਏ।

ਭਾਈ ਸੰਤੋਖ ਸਿੰਘ ਅਨੁਸਾਰ ਵੀ ਗੁਰਸਿੱਖਾਂ ਨੇ ਧਨ ਖਰਚ ਕੇ ਵਧੀਆ ਘੋੜੇ ਅਤੇ ਸ਼ਸਤਰ ਗੁਰ-ਦਰਬਾਰ ਵਿਚ ਭੇਟ ਕੀਤੇ ਅਤੇ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ :

**ਸੁਨ ਸਿਖਨ ਜੋ ਗੁਰ ਕੀ ਕਾਰ।**
**ਖਰਚਯੋ ਦਰਬ ਲੇਨ ਹਥਿਆਰ।**
**ਚੰਚਲ ਤੁਰੰਗ ਮੋਲ ਕਰਿ ਲਿਏ।**
**ਗੁਰ ਪ੍ਰਸੰਨਤਾ ਚਾਹਿਤ ਕਿਏ।**

*(ਗੁ: ਪ੍ਰ: ਸੂਰਜ ਗ੍ਰੰਥ, ਰਾਸਿ ੪)*

ਇੰਦੂ ਭੂਸ਼ਣ ਬੈਨਰਜੀ ਅਨੁਸਾਰ ਸ਼ਸਤਰਾਂ ਦੀ ਵਰਤੋਂ ਬਾਰੇ ਉਪਦੇਸ਼ ਗੁਰੂ ਅਰਜਨ ਦੇਵ ਜੀ ਹੀ ਦੇ ਗਏ ਸਨ :

> "ਗੁਰੂ ਅਰਜਨ ਜੀ ਨੇ ਬਹੁਤ ਸਮਾਂ ਪਹਿਲਾਂ ਵੇਖ ਲਿਆ ਸੀ, ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਕਿ ਸ਼ਸਤਰਾਂ ਦੇ ਬਿਨਾਂ ਸਿੱਖ ਕੌਮ ਅਤੇ ਜਥੇਬੰਦੀ ਦਾ ਬਣਨਾ ਮੁਸ਼ਕਿਲ ਹੈ।"[5]

ਸੀ. ਐਚ. ਪੇਨ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦਾ ਹੈ :

> "ਜੇ ਕੋਈ ਗੁਰੂ ਅਰਜਨ ਦੇਵ ਜੀ ਦੀਆਂ ਸਿਖਿਆਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਸਮਰਥ ਸੀ, ਤਾਂ ਉਹ ਗੁਰੂ ਹਰਿਗੋਬਿੰਦ ਜੀ ਹੀ ਸਨ। ਗੁਰੂ ਅਰਜਨ ਜਾਂਦੀ ਵਾਰੀ ਕਿਰਪਾਨ ਪਹਿਨਣ ਤੇ ਹਥਿਆਰ ਰੱਖਣ ਲਈ ਕਹਿ ਗਏ ਸਨ।"[6]

ਘੋੜੇ ਅਤੇ ਹਥਿਆਰ ਇਕੱਤਰ ਕਰਨ ਦੇ ਨਾਲ ਸਤਿਗੁਰੂ ਜੀ ਨੇ ਸਿੱਖਾਂ ਨੂੰ ਹਥਿਆਰਾਂ ਦੀ ਵਰਤੋਂ ਸਿਖਾਉਣ ਦਾ ਪ੍ਰਬੰਧ ਵੀ ਕੀਤਾ। ਆਪ ਨੇ ਸ਼ਸਤਰ ਚਲਾਉਣ ਵਿਚ ਮਾਹਿਰ 52 ਚੋਣਵੇਂ ਸੂਰਮੇ ਆਪਣੇ ਕੋਲ ਰੱਖ ਲਏ ਸਨ, ਜੋ ਸਿੱਖਾਂ ਨੂੰ ਸ਼ਸਤਰ-ਵਿੱਦਿਆ ਦੀ ਸਿਖਲਾਈ ਦੇਣ ਦੇ ਨਾਲ ਨਾਲ ਗੁਰੂ ਸਾਹਿਬ ਦੇ ਅੰਗ-ਰੱਖਿਅਕਾਂ ਦੀ ਸੇਵਾ ਨਿਭਾਉਂਦੇ ਸਨ ਅਤੇ ਸ਼ਿਕਾਰ ਕਰਨ ਵੀ ਜਾਂਦੇ ਸਨ। ਸ਼ਿਕਾਰ ਖੇਡਣ ਲਈ ਅੰਮ੍ਰਿਤਸਰ ਦੇ ਦੁਆਲੇ ਜੰਗਲਾਂ ਤੇ ਜੂਹਾਂ ਵਿਚ ਜਾਂਦੇ। ਸ਼ਹਿਰ ਤੋਂ ਪਹਾੜ ਵਾਲੇ ਪਾਸੇ ਚਾਰ ਕੁ ਮੀਲਾਂ ਦੀ ਵਿੱਥ 'ਤੇ, ਸਿਆਲਕੋਟ ਨੂੰ ਜਾਂਦੀ ਸੜਕ ਦੇ ਲਾਗੇ, ਗੁੰਮਟਾਲਾ ਕਸਬਾ ਸੀ। ਇਥੋਂ ਤੱਕ ਸ਼ਿਕਾਰ ਨੂੰ ਜਾਂਦੇ। ਲਾਹੌਰ ਤੋਂ ਵੀ ਮੁਗ਼ਲ ਹਾਕਮ ਇਥੇ ਸ਼ਿਕਾਰ ਖੇਡਣ ਆਉਂਦੇ।

ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਿਚ ਵਾਧਾ ਹੋਣ ਲੱਗ ਪਿਆ। ਮਾਝੇ, ਦੁਆਬੇ, ਮਾਲਵੇ ਹਰ ਥਾਂ ਤੋਂ ਗੱਭਰੂ ਗੁਰੂ ਸਾਹਿਬ ਪਾਸ ਆਉਣ ਲੱਗੇ। ਪ੍ਰੋ: ਸਾਹਿਬ ਸਿੰਘ ਅਨੁਸਾਰ 'ਸਿੱਖ ਗੱਭਰੂ ਦੂਰੋਂ-ਦੂਰੋਂ ਆ ਕੇ ਮਹੀਨਿਆਂ ਬੱਧੀ ਅੰਮ੍ਰਿਤਸਰ ਟਿਕ ਕੇ, ਇਥੋਂ ਘੋੜ-ਸਵਾਰੀ ਤੇ ਸ਼ਸਤਰ-ਵਿੱਦਿਆ ਸਿੱਖ ਲੈਂਦੇ ਸਨ ਅਤੇ ਫਿਰ ਆਪਣੇ ਘਰੀਂ ਕਿਰਤ-ਕਾਰੇ ਜਾ ਲੱਗਦੇ ਸਨ।'

*(ਜੀਵਨ ਬ੍ਰਿਤਾਂਤ-ਗੁਰੂ ਹਰਿਗੋਬਿੰਦ ਸਾਹਿਬ/ਪੰਨਾ 14)*

## ਸ੍ਰੀ ਅਕਾਲ ਤਖ਼ਤ ਸਾਹਿਬ

ਫ਼ੌਜਾਂ ਰੱਖਣਾ ਤੇ ਸ਼ਿਕਾਰ ਖੇਡਣਾ ਇਹ ਵੇਲੇ ਦੀ ਹਕੂਮਤ ਨੂੰ ਸਿੱਧੀ ਵੰਗਾਰ ਸੀ, ਕਿਉਂਕਿ ਇਹ ਕੰਮ ਰਾਜਿਆਂ-ਮਹਾਰਾਜਿਆਂ ਵਾਲੇ ਸਨ ਤੇ ਕੁਝ ਕੁ ਰਾਜਪੂਤਾਂ ਨੂੰ ਛੱਡ ਕੇ, ਹੋਰ ਸਭਨਾਂ ਲਈ ਵਿਵਰਜਿਤ ਸਨ। ਇਸ ਤੋਂ ਵੀ ਵੱਡੀ ਵੰਗਾਰ ਸਤਿਗੁਰੂ ਜੀ ਨੇ

'ਅਕਾਲ ਤਖ਼ਤ' ਸਾਹਿਬ ਦੀ ਸਥਾਪਨਾ ਦਾ ਐਲਾਨ ਕਰਕੇ ਪਾ ਦਿੱਤੀ। 'ਤਖ਼ਤ' ਤੇ ਬੈਠਣ ਦਾ ਅਧਿਕਾਰ ਤਾਂ ਮੁਗ਼ਲ ਸ਼ਾਸਕ ਆਪਣੇ ਲਈ ਰਾਖਵਾਂ ਸਮਝਦੇ ਸਨ।

ਅਕਾਲ ਤਖ਼ਤ ਸਾਹਿਬ ਦੀ ਰਚਨਾ ਬਾਰੇ ਇਤਿਹਾਸਕਾਰਾਂ ਦੇ ਵੱਖਰੇ-ਵੱਖਰੇ ਵਿਚਾਰ ਹਨ। ਪ੍ਰੋ: ਸਾਹਿਬ ਸਿੰਘ, ਪ੍ਰੋ: ਕਰਤਾਰ ਸਿੰਘ, ਸ: ਕਪੂਰ ਸਿੰਘ, ਡਾ: ਤ੍ਰਿਲੋਚਨ ਸਿੰਘ, ਡਾ: ਗੰਡਾ ਸਿੰਘ ਮੁਤਾਬਕ ਅਕਾਲ ਤਖ਼ਤ ਸਾਹਿਬ ਦੀ ਰਚਨਾ ਸੰਨ 1609 ਵਿਚ ਹੋਈ ਸੀ। ਭਾਈ ਕਾਨ੍ਹ ਸਿੰਘ (ਮਹਾਨ ਕੋਸ਼), ਸ: ਸ਼ਮਸ਼ੇਰ ਸਿੰਘ ਅਸ਼ੋਕ, ਸ: ਸੰਗਤ ਸਿੰਘ ਸੰਨ 1608 ਨੂੰ ਸਹੀ ਮੰਨਦੇ ਹਨ। ਡਾ: ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਅਕਾਲ ਤਖ਼ਤ ਦੀ ਨੀਂਹ ਸੰਨ 1609 ਵਿਚ ਰੱਖੀ ਗਈ ਸੀ। ਪ੍ਰੋ: ਹਰਬੰਸ ਸਿੰਘ, ਡਾ: ਸੁਖਦਿਆਲ ਸਿੰਘ, ਗੁਰਬਿਲਾਸ ਪਾਤਸ਼ਾਹੀ ਛੇਵੀਂ ਨੂੰ ਅਧਾਰ ਬਣਾ ਕੇ 15 ਜੂਨ, 1606 ਨੂੰ ਸਥਾਪਨਾ ਹੋਣ ਦੀ ਮਿਤੀ ਮੰਨਦੇ ਹਨ। ਸ: ਸੋਹਣ ਸਿੰਘ 'ਸੀਤਲ' ਸੰਨ 1606 ਵਿਚ ਆਰੰਭ ਹੋ ਕੇ ਸੰਨ 1608 ਵਿਚ ਸੰਪੂਰਨ ਹੋਣ ਦੀ ਗੱਲ ਲਿਖਦਾ ਹੈ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਾਲੀ ਮਿਤੀ (15 ਜੂਨ, 1606) ਠੀਕ ਨਹੀਂ ਹੈ, ਕਿਉਂਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਕੇਵਲ 15 ਦਿਨਾਂ ਵਿਚ ਇਹ ਕਾਰਜ ਹੋਣਾ ਅਸੰਭਵ ਜਾਪਦਾ ਹੈ। ਸਮਕਾਲੀ ਰਾਜਨੀਤਕ ਹਾਲਾਤ ਵਿਚ ਵੀ ਇੰਝ ਹੋਣਾ ਅਸੰਭਵ ਹੈ। 'ਭੱਟ ਵਹੀਆਂ' ਮੁਤਾਬਕ ਤਾਂ ਗੁਰੂ ਸਾਹਿਬ ਉਦੋਂ ਡਰੋਲੀ ਵਿਖੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਸੰਨ 1607 ਦੇ ਅੰਤ ਵਿਚ ਜਾਂ ਸੰਨ 1608 ਦੇ ਆਰੰਭ ਵਿਚ ਡਰੋਲੀ ਤੋਂ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਸਭ ਤੋਂ ਮਹੱਤਵਪੂਰਨ ਕੰਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦਾ (ਸੰਨ 1608 ਵਿਚ) ਕੀਤਾ। ਨੀਂਹ ਗੁਰੂ ਜੀ ਨੇ ਆਪ ਰੱਖੀ ਤੇ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿਚ ਹੋਈ। ਕਈਆਂ ਨੇ ਇਹ ਲਿਖਿਆ ਹੈ ਕਿ ਉਸਾਰੀ ਵੀ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਨੇ ਆਪ ਹੀ ਕੀਤੀ, ਹੋਰ ਕਿਸੇ ਨੇ ਹੱਥ ਵੀ ਨਹੀਂ ਲਾਇਆ, ਪਰ ਇਸ ਗੱਲ ਵਿਚ ਕੋਈ ਵਜ਼ਨ ਨਹੀਂ ਹੈ। ਮਹੱਤਵ ਇੱਟਾਂ, ਗਾਰੇ ਜਾਂ ਕਿਸੇ ਹੋਰ ਮਸਾਲੇ ਦਾ ਨਹੀਂ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਰਤੋਂ; ਉਥੇ ਦਿੱਤੇ ਗਏ ਉਪਦੇਸ਼ਾਂ ਅਤੇ ਕੀਤੇ ਗਏ ਹੋਰ ਕਾਰਜਾਂ ਦਾ ਹੈ। ਜੇ ਹਰਿਮੰਦਰ ਸਾਹਿਬ ਦੀ ਇਮਾਰਤ ਸਿੱਖ ਸੰਗਤਾਂ ਤੇ ਹੋਰ ਕਾਰੀਗਰਾਂ ਦੁਆਰਾ ਬਣਾਈ ਜਾ ਸਕਦੀ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੋਰ ਸਿੱਖ ਕਿਉਂ ਨਹੀਂ ਸਨ ਕਰ ਸਕਦੇ?

ਅਕਾਲ ਤਖ਼ਤ ਮੂਲ ਰੂਪ ਵਿਚ ਲਗਭਗ ਤਿੰਨ ਮੀਟਰ ਉੱਚਾ ਥੜ੍ਹਾ ਹੀ ਸੀ, ਬਾਕੀ ਇਮਾਰਤ ਬਾਅਦ ਵਿਚ ਉਸਾਰੀ ਗਈ। 'ਅਕਾਲ ਤਖ਼ਤ' ਦਾ ਭਾਵ ਅਕਾਲ ਦਾ ਸਦੀਵੀ ਸਿੰਘਾਸਨ ਹੈ। 'ਅਕਾਲ ਤਖ਼ਤ' ਅਕਾਲ-ਪੁਰਖੀ ਰਾਜ ਦਾ ਸੰਕਲਪ ਪੇਸ਼ ਕਰਦਾ ਹੈ, ਜਿਸ ਦਾ ਆਧਾਰ ਦੈਵੀ ਤੇ ਨੈਤਿਕ ਗੁਣ ਹਨ, ਜੋ ਸੱਚ, ਇਨਸਾਫ਼ ਤੇ ਮਨੁੱਖੀ ਬਰਾਬਰੀ ਦਾ ਸੰਦੇਸ਼ ਦਿੰਦਾ ਹੈ। ਅਕਾਲ ਤਖ਼ਤ ਅਸੁਰੀ ਅਥਵਾ ਅਤਿਆਚਾਰੀ ਸ਼ਕਤੀਆਂ ਦੇ ਟਾਕਰੇ ਅਤੇ ਵਿਨਾਸ਼ ਦਾ ਸੰਦੇਸ਼ ਦਿੰਦਾ ਹੈ।...ਇਸਦੇ ਮੁਕਾਬਲੇ ਵਿਚ ਦਿੱਲੀ ਦਾ ਤਖ਼ਤ ਸ਼ਾਸਕਾਂ ਦੀ ਹਉਮੈ ਅਤੇ ਦਮਨਕਾਰੀ ਨੀਤੀਆਂ ਦਾ ਪ੍ਰਤੀਕ ਸੀ।

ਅਕਾਲ ਤਖ਼ਤ ਦੇ ਅੱਗੇ ਮੀਰੀ ਅਤੇ ਪੀਰੀ ਅਥਵਾ ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਦੋ ਨਿਸ਼ਾਨ ਸਾਹਿਬ ਸਥਾਪਿਤ ਕੀਤੇ ਗਏ। ਗੁਰੂ ਸਾਹਿਬ, ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਕੇ, 'ਸੱਚੇ ਪਾਤਸ਼ਾਹ' ਦੇ ਰੂਪ ਵਿਚ ਬਿਰਾਜਮਾਨ ਹੋ ਕੇ ਸਿੱਖ-ਸੰਗਤਾਂ ਨੂੰ ਉਪਦੇਸ਼ ਦੇਣ ਲੱਗੇ ਅਤੇ ਹੁਕਮਨਾਮੇ ਜਾਰੀ ਕਰਨ ਲੱਗੇ। ਗੁਰੂ ਘਰ ਦੇ ਢਾਢੀਆਂ, ਅਬਦੁੱਲਾ ਅਤੇ ਨੱਥ ਮੱਲ ਨੇ, ਗੁਰੂ ਸਾਹਿਬ ਦੇ ਅਕਾਲ ਤਖ਼ਤ ਸਾਹਿਬ 'ਤੇ ਬਿਰਾਜਣ ਦਾ ਜ਼ਿਕਰ ਇੰਞ ਕੀਤਾ ਹੈ :

ਸਚਾ ਤਖਤ ਸੁਹਾਯੋ, ਸ੍ਰੀ ਗੁਰ ਪਾਇ ਕੈ।
ਛਬ ਬਰਨੀ ਨਹਿ ਜਾਇ, ਕਹੌਂ ਕਿਆ ਗਾਇ ਕੈ।
ਰਵਿ ਸਸਿ ਭਏ ਮਲੀਨ, ਸੁ ਦਰਸ ਦਿਖਾਇ ਕੈ।
ਸ੍ਰੀ ਗੁਰੂ ਤਖਤ ਬਿਰਾਜੇ, ਪ੍ਰਭੂ ਧਿਆਇ ਕੈ।
ਮੀਰ ਅਬਦੁਲ ਔ ਨਥਾ, ਜਸ ਕਹੈਂ ਬਨਾਇ ਕੈ।

ਇਨ੍ਹਾਂ ਹੀ ਢਾਡੀਆਂ ਨੇ 'ਮੀਰੀ' ਅਤੇ 'ਪੀਰੀ' ਦੀਆਂ ਤਲਵਾਰਾਂ ਦੇ ਪਹਿਨਣ ਨੂੰ ਇੰਞ ਬਿਆਨਿਆ ਹੈ :

ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜੀਰੀ ਦੀ।
ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪਗ ਤੇਰੀ, ਕੀ ਜਹਾਂਗੀਰ ਦੀ।

ਸ੍ਰੀ ਅਕਾਲ ਤਖ਼ਤ ਵਿਖੇ ਸਜਣ ਵਾਲੇ ਦਰਬਾਰ ਦੀ ਤਸਵੀਰ ਗਿਆਨੀ ਗਿਆਨ ਸਿੰਘ ਨੇ ਇੰਞ ਖਿੱਚੀ ਹੈ :

ਸਜ ਸ਼ਸਤ੍ਰ ਬਸਤ੍ਰ ਸਭਾ ਮਾਹਿ। ਨਿਤ ਬੈਠਤਿ ਤਖ਼ਤ ਅਕਾਲ ਵਾਹਿ।
ਸਭ ਸੰਗਤ ਦਰਸਨ ਕਰੇ ਆਇ। ਦੇ ਭੇਟਾ ਫਲ ਮਨ-ਇੱਛ ਪਾਇ।
ਕਰ ਕਮਰ-ਕਸੇ ਸਭ ਸਿਖ ਜਵਾਨ। ਬੈਠਤ ਗੁਰ ਗਿਰਦੈ ਭਰ ਦਿਵਾਨ।
ਮਿਲ ਢਾਡੀ ਵਾਰਾਂ ਪੜ੍ਹੇ ਆਇ। ਸੁਨ ਸੰਗਤ ਸਭ ਮਨ ਮੋਦ ਪਾਇ।
ਜੋ ਸੁਨ ਕੈ ਕਾਇਰ ਹੋਹਿ ਬੀਰ। ਰਣ ਸਜੈਂ ਅਰਿਨ ਸੋ ਧਰ ਧੀਰ।...
ਪੁਨ ਪਹਲਵਾਨ ਰਖ ਲਏ ਪਾਸ। ਗੁਰੁ ਕੁਸਤੀ ਉਨ ਸੇ ਕਰੇ ਖਾਸ।
ਜਲ ਤਰਨ ਹਰਨ ਸ਼ਤਰੂਨ ਢੰਗ। ਫਿਰ ਲਕੜੀ-ਬਾਜ਼ੀ ਕਰੈ ਚੰਗ॥[7]

ਅਕਾਲ ਤਖ਼ਤ ਸਾਹਿਬ 'ਤੇ ਸਜੇ ਦੀਵਾਨ ਵਿਚ ਜਦ ਢਾਡੀ ਵਾਰਾਂ ਗਾਉਂਦੇ ਤਾਂ ਸਿੱਖ ਗੱਭਰੂਆਂ ਦਾ ਖ਼ੂਨ ਖੌਲਣ ਲਗਦਾ। ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਵਾਲੇ ਤੇ ਜਨਤਾ 'ਤੇ ਜ਼ੁਲਮ ਢਾਹੁਣ ਵਾਲੇ ਅਤਿਆਚਾਰੀ ਹਾਕਮਾਂ ਨੂੰ ਸਬਕ ਸਿਖਾਉਣ ਦਾ ਵਿਚਾਰ ਉਨ੍ਹਾਂ ਦੇ ਮਨ ਵਿਚ ਵਾਰ-ਵਾਰ ਆਉਂਦਾ।

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਵਿਚਕਾਰ ਖੁਲ੍ਹੇ ਮੈਦਾਨ

ਵਿਚ ਕੁਸ਼ਤੀ, ਕਬੱਡੀ ਆਦਿ ਦੇ ਅਖਾੜੇ ਲਗਦੇ। ਤਲਵਾਰ ਚਲਾਉਣ, ਨੇਜ਼ਾ-ਬਾਜ਼ੀ, ਤੀਰ-ਅੰਦਾਜ਼ੀ ਆਦਿ ਸ਼ਸਤਰਾਂ ਦੇ ਅਭਿਆਸ ਕਰਾਏ ਜਾਂਦੇ। ਸ਼ਸਤਰ ਚਲਾਉਣ ਅਤੇ ਘੋੜ ਸਵਾਰੀ ਦੇ ਮੁਕਾਬਲੇ ਹੁੰਦੇ। ਸਤਿਗੁਰੂ ਸ੍ਰੀ ਅਕਾਲ ਤਖ਼ਤ 'ਤੇ ਬੈਠ ਕੇ ਜੰਗੀ ਕਰਤਬ ਵੇਖਦੇ, ਨੌਜੁਆਨਾਂ ਨੂੰ ਉਤਸ਼ਾਹਿਤ ਕਰਦੇ; ਉਨ੍ਹਾਂ ਨੂੰ ਕਈ ਤਰ੍ਹਾਂ ਦੇ ਇਨਾਮ ਦਿੰਦੇ।

ਦੁਪਹਿਰ ਨੂੰ ਨਗਾਰਾ ਵੱਜਦਾ। ਗੱਭਰੂ ਇਕੱਠੇ ਹੁੰਦੇ ਤੇ ਗੁਰੂ ਜੀ ਦੇ ਨਾਲ ਰਲ ਕੇ ਸ਼ਿਕਾਰ ਨੂੰ ਜਾਂਦੇ। ਸ਼ਿਕਾਰ ਵੀ ਨਿਡਰਤਾ, ਸੂਰਬੀਰਤਾ ਤੇ ਸ਼ਸਤਰ ਅਭਿਆਸ ਦਾ ਇਕ ਵਸੀਲਾ ਸੀ। ਗੁਰੂ ਜੀ ਦੀਆਂ ਇਨ੍ਹਾਂ ਸਰਗਰਮੀਆਂ ਨਾਲ ਅੰਮ੍ਰਿਤਸਰ ਸ਼ਹਿਰ ਵਿਚ ਖ਼ੂਬ ਰੌਣਕਾਂ ਹੋਣ ਲੱਗੀਆਂ।

ਸ੍ਰੀ ਅਕਾਲ ਤਖ਼ਤ ਦੀ ਰਚਨਾ ਦੇ ਸੰਗਤਾਂ 'ਤੇ ਪਏ ਪ੍ਰਭਾਵ ਬਾਰੇ ਡਾ: ਜਸਪਾਲ ਸਿੰਘ ਲਿਖਦੇ ਹਨ :

"ਅਕਾਲ ਤਖ਼ਤ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੀ ਸਭ ਤੋਂ ਵੱਡੀ ਉਪਲਬਧੀ ਸੀ। ਅਸਲ ਵਿਚ ਅਕਾਲ ਤਖ਼ਤ ਦੀ ਸਿਰਜਨਾ ਨਾਲ ਅਤੇ ਫਿਰ ਅਕਾਲ ਤਖ਼ਤ ਉਤੇ ਹੋਣ ਵਾਲੀਆਂ ਗਤੀਵਿਧੀਆਂ ਨਾਲ ਸਿੱਖ ਪੰਥ ਸਿੱਧੇ ਰੂਪ ਵਿਚ ਇਕ ਰਾਜਨੀਤਕ ਇਕਾਈ ਬਣ ਗਿਆ। ਇਥੇ ਇਹ ਸਪੱਸ਼ਟ ਕਰਨ ਦੀ ਲੋੜ ਹੈ ਕਿ ਸਿਧਾਂਤਕ ਰੂਪ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਾਰੇ ਗੁਰੂ ਸਾਹਿਬਾਨ ਆਲੇ-ਦੁਆਲੇ ਦੀ ਤਤਕਾਲੀਨ ਰਾਜਨੀਤੀ ਪ੍ਰਤਿ ਪੂਰੀ ਤਰ੍ਹਾਂ ਜਾਗਰੂਕ ਸਨ ਅਤੇ ਰਾਜ ਦੇ ਇਕ ਨਿਸ਼ਚਿਤ ਸੰਕਲਪ ਦੀ ਉਸਾਰੀ ਵਿਚ ਭਾਈਵਾਲ ਸਨ। 'ਤਖ਼ਤ' ਦਾ ਸੰਕਲਪ ਵੀ ਗੁਰੂ-ਪਰੰਪਰਾ ਵਿਚ ਸ਼ੁਰੂ ਤੋਂ ਹੀ ਮੌਜੂਦ ਸੀ, ਪਰ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਦੀ ਸਿਰਜਨਾ ਕਰਕੇ ਸਿੱਖ ਪੰਥ ਦੀ ਰਾਜਨੀਤਕ ਪਹਿਚਾਣ ਕਾਇਮ ਕੀਤੀ ਅਤੇ ਰਾਜ ਦੇ ਸਿੱਖ-ਸੰਕਲਪ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕੀਤਾ।"[8]

## *ਸ਼ਹਿਰ ਦੀ ਸੁਰੱਖਿਆ*

ਅੰਮ੍ਰਿਤਸਰ ਸ਼ਹਿਰ ਤਾਂ ਪਹਿਲਾਂ ਹੀ ਪ੍ਰਸਿੱਧ ਹੋਣਾ ਸ਼ੁਰੂ ਹੋ ਗਿਆ ਸੀ, ਕਿਉਂਕਿ ਇਸ ਵਿਚ 'ਸਿੱਖਾਂ ਦਾ ਕਾਅਬਾ', ਸ੍ਰੀ ਦਰਬਾਰ ਸਾਹਿਬ, ਸਥਿਤ ਸੀ ਅਤੇ ਚੌਥੇ ਤੇ ਪੰਜਵੇਂ ਸਤਿਗੁਰਾਂ ਵਲੋਂ ਇਸ ਨੂੰ ਦਸਤਕਾਰੀ ਅਤੇ ਵਪਾਰ ਦਾ ਕੇਂਦਰ ਬਣਾਉਣ ਦੇ ਭਰਪੂਰ ਯਤਨ ਕੀਤੇ ਗਏ ਸਨ। ਸਿੱਖਾਂ ਦੀ ਆਵਾਜਾਈ ਇਥੇ ਲੱਗੀ ਹੀ ਰਹਿੰਦੀ ਸੀ।

ਗੁਰੂ ਹਰਿਗੋਬਿੰਦ ਜੀ ਦੇ ਸਮੇਂ ਭਗਤੀ ਦੇ ਨਾਲ ਨਾਲ ਇਹ ਸ਼ਹਿਰ 'ਸਿੱਖ-ਸ਼ਕਤੀ' ਦੇ ਕੇਂਦਰ ਵਜੋਂ ਉਭਰਨਾ ਆਰੰਭ ਹੋ ਗਿਆ। ਰਾਜਸੀ ਸਰਗਰਮੀਆਂ ਦੇ ਨਾਲ ਨਾਲ ਫ਼ੌਜੀ ਸਰਗਰਮੀਆਂ ਦਾ ਕੇਂਦਰ ਵੀ ਬਣ ਗਿਆ। ਇਸ ਲਈ ਸਮੇਂ ਦੀ ਸਰਕਾਰ ਦਾ ਇਸ ਸ਼ਹਿਰ ਵੱਲ ਧਿਆਨ ਜਾਣਾ ਇਕ ਸਾਧਾਰਣ ਗੱਲ ਸੀ। ਉੱਭਰ ਰਹੀ ਸਿੱਖ ਸ਼ਕਤੀ ਨੂੰ ਸਰਕਾਰ ਵਲੋਂ ਦਬਾਏ ਜਾਣ ਦੀ ਪੂਰੀ-ਪੂਰੀ ਸੰਭਾਵਨਾ ਸੀ।

ਸ਼ਹਿਰ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਨ 1609 ਵਿਚ ਸ਼ਹਿਰ ਦੇ ਦੁਆਲੇ ਦੀਵਾਰ ਬਣਾਉਣੀ ਆਰੰਭ ਕੀਤੀ।

### *ਲੋਹਗੜ੍ਹ ਕਿਲ੍ਹਾ*

ਸ਼ਹਿਰ ਨੂੰ ਕਿਸੇ ਹਮਲੇ ਤੋਂ ਬਚਾਉਣ ਲਈ ਅਤੇ ਸਿੱਖ ਫ਼ੌਜੀਆਂ ਨੂੰ ਟਿਕਾਉਣ ਅਤੇ ਵੱਡੇ ਪੈਮਾਨੇ ਤੇ ਸ਼ਸਤਰ ਅਭਿਆਸ ਕਰਨ ਲਈ ਕਿਲ੍ਹਾ ਬਣਾਉਣ ਦੀ ਲੋੜ ਵੀ ਸੀ। ਸੋ ਸਤਿਗੁਰੂ ਜੀ ਨੇ ਸੰਨ 1609 ਵਿਚ ਹੀ ਸ਼ਹਿਰ ਤੋਂ ਦੋ ਕੁ ਮੀਲ ਦੂਰ ਪੂਰਬ ਵੱਲ ਇਕ ਕਿਲ੍ਹਾ (ਕੱਚੀ ਗੜ੍ਹੀ) ਬਣਾਉਣਾ ਆਰੰਭ ਕੀਤਾ, ਨਾਮ ਲੋਹਗੜ੍ਹ ਰੱਖਿਆ। ਡਾ: ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਕਿਲ੍ਹੇ ਅਤੇ ਦੀਵਾਰ ਦੀ ਉਸਾਰੀ ਸੰਨ 1612 ਵਿਚ ਮੁਕੰਮਲ ਹੋ ਗਈ।[9]

### *ਗੁਰੂ ਜੀ ਦੀ ਫ਼ੌਜ*

ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਗੁਰੂ ਜੀ ਦੇ ਹੁਕਮਨਾਮਿਆਂ ਨੂੰ ਮੰਨ ਕੇ ਸਿੱਖ ਨੌਜੁਆਨ ਅੰਮ੍ਰਿਤਸਰ ਪੁੱਜਣ ਲੱਗੇ। ਉਨ੍ਹਾਂ ਨੂੰ ਸ਼ਸਤਰਾਂ ਦੇ ਅਭਿਆਸ ਗੁਰੂ ਜੀ ਦੇ 52 ਅੰਗ-ਰੱਖਿਅਕ ਕਰਾਉਂਦੇ ਸਨ ਅਤੇ ਕਈ ਸਿੱਖ ਸ਼ਸਤਰਾਂ ਵਿਚ ਮੁਹਾਰਤ ਹਾਸਲ ਕਰਕੇ ਆਪੋ-ਆਪਣੇ ਪਿੰਡਾਂ ਨੂੰ ਚਲੇ ਜਾਂਦੇ ਹਨ ਤਾਂ ਕਿ ਲੋੜ ਪੈਣ 'ਤੇ ਮੁੜ ਗੁਰੂ-ਚਰਨਾਂ ਵਿਚ ਹਾਜ਼ਰ ਹੋ ਸਕਣ।

ਜਦ ਅੰਮ੍ਰਿਤਸਰ ਵਿਚ ਕਈ ਤਰ੍ਹਾਂ ਦੀਆਂ ਸਰਗਰਮੀਆਂ ਆਰੰਭ ਹੋ ਗਈਆਂ ਤਾਂ ਸਿੱਖ ਸੰਗਤਾਂ ਵਧੇਰੇ ਉਤਸ਼ਾਹ ਤੇ ਉਮਾਹ ਨਾਲ ਆਉਣ ਲੱਗੀਆਂ। ਜਿਹੜੇ ਸ਼ਸਤਰਾਂ ਦੀ ਸਿਖਿਆ ਲੈ ਕੇ ਗਏ ਸਨ, ਉਹ ਅਤੇ ਹੋਰ ਗੱਭਰੂ ਗੁਰੂ-ਦਰਬਾਰ ਵਿਚ ਆ ਕੇ ਫ਼ੌਜ ਵਿਚ ਨਾਂ ਲਿਖਵਾਉਣ ਲੱਗ ਪਏ। 'ਗੁਰਬਿਲਾਸ ਪਾਤਸ਼ਾਹੀ ੬' ਅਨੁਸਾਰ ਮਾਝੇ, ਮਾਲਵੇ ਤੇ ਦੁਆਬੇ, ਭਾਵ ਕਿ ਸਾਰੇ ਪੰਜਾਬ ਵਿਚੋਂ ਹੀ ਗੱਭਰੂ ਧਰਮ ਲਈ ਸ਼ਹੀਦ ਹੋਣ ਦੀ ਭਾਵਨਾ ਨਾਲ ਗੁਰੂ ਦਰਬਾਰ ਵਿਚ ਆ ਕੇ ਫ਼ੌਜ ਵਿਚ ਨਾਂ ਲਿਖਵਾਉਣ ਲੱਗੇ। ਕੁਝ ਹੀ ਦਿਨਾਂ ਵਿਚ ਸਿੱਖ ਫ਼ੌਜ ਦੀ ਗਿਣਤੀ ਚਾਰ ਸੌ ਤੱਕ ਹੋ ਗਈ। ਇਨ੍ਹਾਂ ਨੂੰ ਗੁਰੂ ਸਾਹਿਬ ਨੇ ਵਧੀਆ ਘੋੜੇ ਅਤੇ ਹਥਿਆਰ ਦਿੱਤੇ। ਚਾਰ ਜਥਿਆਂ ਵਿਚ ਵੰਡ ਕੇ ਚਾਰ ਜਥੇਦਾਰਾਂ ਦੇ ਅਧੀਨ ਕਰ ਦਿੱਤਾ। ਇਨ੍ਹਾਂ ਫ਼ੌਜੀਆਂ ਵਿਚ ਸਮਾਜ ਦੇ ਹਰ ਵਰਗ 'ਚੋਂ ਗੱਭਰੂ ਆਏ। ਜਿਨ੍ਹਾਂ ਨੂੰ ਬ੍ਰਾਹਮਣ ਸਦੀਆਂ ਤੋਂ ਸ਼ੂਦਰ ਆਖ-ਆਖ ਕੇ ਦੁਰਕਾਰ ਰਿਹਾ ਸੀ, ਉਹ ਹੀ ਗੁਰ-ਕਿਰਪਾ ਨਾਲ ਮਹਾਂਬਲੀ ਯੋਧੇ ਬਣ ਗਏ। ਝੀਉਰ, ਛੀਂਬੇ, ਤਰਖਾਣ, ਨਾਈ ਆਦਿਕ ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਤੋਂ ਸਜੇ ਸਿੱਖ ਵਿਸ਼ੇਸ਼ ਤੌਰ 'ਤੇ ਆਏ :

> ਛੀਪੇ ਝੀਵਰ ਔਰ ਤਖਾਨ। ਨਾਈ ਗ੍ਰਿਹ ਉਤਰੇ ਸਭ ਆਨਿ। ੬੭।
> ਮਾਝੇ ਔਰ ਦੁਆਬੇ ਵਾਸੀ। ਮਾਲਵੇ ਕੀ ਸਿਖਨ ਪ੍ਰਕਾਸੀ।
> ਚਾਰਿ ਸਹਸ ਸੂਰਾ ਬਲਕਾਰੀ। ਸ਼ਕਤਨ ਸਹਿਤ ਬੀਰ ਤਨਧਾਰੀ। ੭੦।
> ਸਭਿ ਮਿਲਿ ਸਿਖ ਕੋ ਐਸ ਅਲਾਵੈਂ। ਨਹਿ ਵਿਗ ਦਰਬ ਜੋ ਪੂਜ ਚੜ੍ਹਾਵੈਂ।
> ਹਮ ਅਨਾਥ ਭੇਟ ਸਿਰ ਦੀਏ। ਦਯਾ ਸਿੰਧੁ ਚਾਹੈ ਜਬ ਲੀਏ। ੭੧।...

ਦੋਹਰਾ : ਦੀਨ ਹੇਤਿ ਸਿਰ ਦੇਹਿਂਗੇ ਐਸ ਬਾਤ ਦ੍ਰਿੜ ਕੀਨ।
ਚਾਰ ਸਹਸ ਸੂਰਾ ਬਲੀ, ਕ੍ਰਿਪਾਸਿੰਧੁ ਮਨਿ ਚੀਨਿ। ੭੫।

ਚੌਪਈ : ਮੁਖ ਸੋਂ ਧਨੁ ਧਨੁ ਬਚਨ ਉਚਾਰੇ। ਦੀਏ ਅਸ੍ਰ ਪੁਨਿ ਸ਼ਸਤਰ ਅਪਾਰੇ।
ਚਾਰਿ ਸਹਸ ਹੈ ਦੀਏ ਅਮੋਲਾ। ਇਛਾਧਾਰੀ ਸੂਰ ਅਡੋਲਾ। ੧੬।
ਬਿਧੀਆ ਪੈੜਾ ਔਰ ਪਿਰਾਣਾ। ਚੌਥੇ ਜੇਠਾ ਕਹੌਂ ਬਖਾਣਾ।
ਸਹਸ ਸਹਸ ਤਾਬਿਆ ਇਨ ਦੀਏ। ਚਾਰੋ ਸਿਖ ਸੈਨਾਨੀ ਕੀਏ। ੧੭।[10]

ਕੁਝ ਹੀ ਦਿਨਾਂ ਵਿਚ ਸਿੱਖ ਸੈਨਿਕਾਂ ਦੀ ਗਿਣਤੀ 500 ਹੋ ਗਈ। ਇਨ੍ਹਾਂ ਪੰਜ ਸੌ ਸੂਰਮਿਆਂ ਨੂੰ ਪੰਜ ਜਥੇਦਾਰਾਂ ਦੇ ਅਧੀਨ ਕਰ ਦਿੱਤਾ ਗਿਆ। ਇਹ ਪੰਜ ਜਥੇਦਾਰ ਸਨ—ਭਾਈ ਬਿਧੀ ਚੰਦ, ਭਾਈ ਲੰਗਾਹ, ਭਾਈ ਪੈੜਾ (ਪਿਆਰਾ), ਭਾਈ ਪਿਰਾਣਾ ਅਤੇ ਭਾਈ ਜੇਠਾ। ਫ਼ੌਜ ਦੇ ਵਧਣ ਦੇ ਨਾਲ ਜਥੇਦਾਰਾਂ ਦੀ ਗਿਣਤੀ ਵੀ ਵਧਦੀ ਗਈ।

ਉਪਰ ਵਰਣਿਤ ਅਨੁਸਾਰ ਸਿੱਖ ਆਖਦੇ—ਗਰੀਬ ਹੋਣ ਕਰਕੇ ਮਾਇਆ ਤਾਂ ਭੇਟ ਨਹੀਂ ਕਰ ਸਕਦੇ; ਅਸੀਂ ਤਾਂ ਸੀਸ ਭੇਟ ਕਰਨ ਆਏ ਹਾਂ, ਗੁਰੂ ਜੀ ਜਦੋਂ ਚਾਹੁਣ ਇਹ ਭੇਟਾ ਲੈ ਲੈਣ। ਸਿੱਖਾਂ ਨੇ ਕੋਈ ਤਨਖ਼ਾਹ ਵੀ ਨਾ ਮੰਗੀ, ਕੇਵਲ ਦੋ-ਡੰਗ ਦਾ ਪ੍ਰਸ਼ਾਦਾ ਅਤੇ ਛੇ ਮਹੀਨੇ ਬਾਅਦ ਇਕ ਕੁੜਤਾ ਹੀ ਉਨ੍ਹਾਂ ਲਈ ਕਾਫੀ ਸੀ। ਇਸ ਸੰਬੰਧ ਵਿਚ ਆਰਥਰ ਮੈਕਾਲਿਫ਼ ਲਿਖਦਾ ਹੈ :

> "Hords gathered round him, who were satisfied with two meals a day and a new uniform every half year."[11]

ਸਰਕਾਰ ਦੇ ਸਤਾਏ ਹੋਏ ਲੋਕ, ਫ਼ੌਜ 'ਚੋਂ ਕੱਢੇ ਸਿਪਾਹੀ ਅਤੇ ਕਈ ਪਠਾਣ ਵੀ ਗੁਰੂ ਸਾਹਿਬ ਦੀ ਸੈਨਾ ਵਿਚ ਸ਼ਾਮਿਲ ਹੋ ਗਏ। ਪਹਿਲਾਂ ਆਉਣ ਵਾਲਿਆਂ ਵਿਚ ਸੂਬੇਦਾਰ ਯਾਰ ਖ਼ਾਨ ਤੇ ਫ਼ੌਜਦਾਰ ਖ਼ੁਆਜ਼ਾ ਸਰਾਇ ਸਨ। ਜੈਸਲਮੇਰ ਦਾ ਬੇਦਖ਼ਲ ਰਾਜਾ, ਰਾਮ ਪ੍ਰਤਾਪ, ਗੁਰੂ ਜੀ ਦੀ ਸ਼ਰਨ ਆਇਆ ਤੇ ਸਿੱਖ ਸਜ ਗਿਆ।[12]

ਮੁਹਸਿਨ ਫ਼ਾਨੀ ਅਨੁਸਾਰ ਥੋੜ੍ਹੇ ਸਮੇਂ ਵਿਚ ਹੀ ਸਤਿਗੁਰਾਂ ਦੇ ਤਬੇਲੇ ਵਿਚ 700 ਘੋੜੇ ਹੋ ਗਏ, 60 ਬੰਦੂਕਚੀ ਦਿਖਾਈ ਦੇਣ ਲੱਗੇ।[13].

ਕਨਿੰਘਮ ਅਨੁਸਾਰ ਗੁਰੂ ਜੀ ਕੋਲ ਇਕ ਵੇਲੇ 800 ਘੋੜੇ, 300 ਘੋੜ ਸਵਾਰ, 60 ਬੰਦੂਕਚੀ ਹੋ ਗਏ। ਮੁਹਸਿਨ ਫ਼ਾਨੀ ਲਿਖਦਾ ਹੈ ਇਨ੍ਹਾਂ ਜੰਗਬਾਜ਼ਾਂ ਦੀ ਗਿਣਤੀ 2500 ਹੋ ਗਈ, ਜਿਸ ਤੋਂ ਇਲਾਵਾ ਪੈਂਦੇ ਖ਼ਾਨ ਦੀ ਕਮਾਨ ਹੇਠ ਵੀ ਇਕ ਪਠਾਣਾਂ ਦੀ ਟੋਲੀ ਸੀ।[14]

## *ਚੜ੍ਹਦੀ ਕਲਾ ਦੇ ਹੁਲਾਰੇ*

ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦੀ ਸਿਰਜਨਾ ਕਾਰਨ ਅੰਮ੍ਰਿਤਸਰ ਸ਼ਹਿਰ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ ਸੀ। ਸਰੋਵਰ ਦੇ ਵਿਚਕਾਰ ਸਾਹਿਬ ਦਾ ਹੋਣਾ ਤੇ ਉਥੇ (ਗੁਰੂ) ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ, ਰੱਬੀ ਬਾਣੀ ਦਾ ਕੀਰਤਨ ਹੋਣਾ ਅਤੇ ਹਰ ਸਮੇਂ ਸੰਗਤਾਂ ਦੀ ਚਹਿਲ-ਪਹਿਲ ਹੋਣਾ—ਬਹੁਤ ਸੁੰਦਰ, ਮਨਮੋਹਣਾ ਅਤੇ ਮਨ ਨੂੰ ਸ਼ਾਂਤੀ ਤੇ ਪ੍ਰਸੰਨਤਾ ਦੇਣ ਵਾਲਾ ਦ੍ਰਿਸ਼ ਪੇਸ਼ ਕਰਦਾ ਸੀ।

ਸ੍ਰੀ ਅਕਾਲ ਤਖ਼ਤ ਦੀ ਸਿਰਜਨਾ ਹੋਣ ਨਾਲ ਤੇ ਉਥੇ ਵੀ ਸਿੱਖ ਸੰਗਤਾਂ ਦੇ ਦੀਵਾਨ

ਲੱਗਣ ਨਾਲ, ਜਿਸ ਵਿਚ ਢਾਡੀ ਸੂਰਮਿਆਂ ਦੀਆਂ ਵਾਰਾਂ ਗਾਉਂਦੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਦੇ ਰੂਪ ਵਿਚ ਅਕਾਲ ਤਖ਼ਤ ਤੇ ਬਿਰਾਜਦੇ, ਸਿੱਖ-ਸੂਰਮੇ ਸਜ-ਧਜ ਕੇ ਸੰਗਤ ਵਿਚ ਸ਼ਾਮਿਲ ਹੁੰਦੇ ਤੇ ਦੁਪਹਿਰ ਮਗਰੋਂ ਸ਼ਸਤਰਾਂ ਦੇ ਅਭਿਆਸ ਹੁੰਦੇ...ਇਸ ਨਾਲ ਸ਼ਹਿਰ ਦੀ ਸੁੰਦਰਤਾ ਨੂੰ ਚਾਰ ਚੰਨ ਲੱਗ ਗਏ। ਸਿੱਖ ਫ਼ੌਜ ਦੇ ਹੋਂਦ ਵਿਚ ਆਉਣ ਨਾਲ, ਕਿਲ੍ਹਾ ਬਣਨ ਨਾਲ ਅਤੇ ਸ਼ਹਿਰ ਦੇ ਦੁਆਲੇ ਕੰਧ ਬਣਨ ਨਾਲ ਤਾਂ ਮੁਗ਼ਲ ਸਰਕਾਰ ਵੀ ਚੌਕੰਨੀ ਹੋ ਗਈ। ਧਰਮ ਤੇ ਰਾਜਨੀਤੀ ਦੇ ਸੁਮੇਲ ਵਾਲੇ ਗੁਰੂ ਨਾਨਕ ਦੇਵ ਜੀ ਦੇ ਧਰਮ-ਸਿਧਾਂਤ ਨੇ ਵਿਵਹਾਰਿਕ ਰੂਪ ਲੈ ਲਿਆ ਸੀ। ਇਸ ਸਭ ਕਾਸੇ ਦਾ ਸਿੱਖਾਂ ਦੇ ਮਨ ਉਤੇ ਬੜਾ ਹੀ ਵਿਸਮਾਦੀ ਪ੍ਰਭਾਵ ਪਿਆ। ਇਸਦਾ ਜ਼ਿਕਰ ਹਰੀ ਰਾਮ ਗੁਪਤਾ ਇੰਞ ਕਰਦਾ ਹੈ :

> "ਹੁਣ ਸਿੱਖਾਂ ਨੇ ਦਿੱਲੀ ਵੱਲ, ਸਰਕਾਰ ਦੇ ਕੇਂਦਰ ਦੇ ਤੌਰ 'ਤੇ ਵੇਖਣਾ ਬੰਦ ਕਰ ਦਿੱਤਾ। ਉਹ ਅੰਮ੍ਰਿਤਸਰ ਨੂੰ ਕੇਂਦਰ ਅਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁਗ਼ਲ ਸ਼ਹਿਨਸ਼ਾਹ ਦੇ ਮੁਕਾਬਲੇ ਸੱਚਾ ਪਾਤਸ਼ਾਹ ਸਮਝਦੇ ਸਨ।"[15]

ਏ. ਸੀ. ਬੈਨਰਜੀ ਲਿਖਦਾ ਹੈ :

> "ਗੁਰੂ ਸਾਹਿਬ ਨੇ ਨਗਾਰਾ ਵਜਾਉਣ ਦੀ ਰਸਮ ਚਾਲੂ ਕੀਤੀ, ਜਿਹੜੀ ਕਿ ਮੁਗ਼ਲ ਸੈਨਾ ਵਿਚ ਪ੍ਰਭੁਤਾ ਦੀ ਨਿਸ਼ਾਨੀ ਸਮਝੀ ਜਾਂਦੀ ਸੀ।"[16]

ਸਰਦਾਰ ਖੁਸ਼ਵੰਤ ਸਿੰਘ ਦੇ ਅਨੁਸਾਰ ਵੱਖ-ਵੱਖ ਇਲਾਕਿਆਂ ਦੇ ਰਾਜੇ ਜਾਂ ਉਨ੍ਹਾਂ ਦੇ ਪ੍ਰਤੀਨਿਧ ਵੀ ਗੁਰੂ ਪਾਤਸ਼ਾਹ ਨਾਲ ਮੁਲਾਕਾਤਾਂ ਤੇ ਵਿਚਾਰ-ਵਟਾਂਦਰਾ ਕਰਨ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਜੇ ਦੀਵਾਨ ਵਿਚ ਆਉਣ ਲੱਗੇ। ਉਹ ਲਿਖਦਾ ਹੈ :

> "ਗੁਰੂ ਸਾਹਿਬ ਦੂਸਰੇ ਰਾਜਿਆਂ ਦੇ ਪ੍ਰਤੀਨਿਧਾਂ ਨੂੰ ਵੀ ਅਕਾਲ ਤਖ਼ਤ ਸਾਹਿਬ ਦੇ ਸਜੇ ਦਰਬਾਰ ਵਿਚ ਸਨਮਾਨਿਤ ਕਰਨ ਲੱਗੇ।"[17]

ਸਰਕਾਰ ਨੇ ਗੁਰੂ ਸਾਹਿਬ ਦੀਆਂ ਇਨ੍ਹਾਂ ਗਤੀਵਿਧੀਆਂ ਨੂੰ ਕਿਸੇ ਸੰਭਾਵੀ ਬਗ਼ਾਵਤ ਦੇ ਰੂਪ ਵਿਚ ਲਿਆ। ਇਨ੍ਹਾਂ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਮਨ ਬਣਾ ਲਿਆ।

# ਨਜ਼ਰਬੰਦੀ ਤੇ ਰਿਹਾਈ

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਜਹਾਂਗੀਰ ਨੇ, ਤੁਜ਼ਕਿ-ਜਹਾਂਗੀਰੀ ਅਨੁਸਾਰ, ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਅਤੇ ਉਨ੍ਹਾਂ ਦਾ ਘਰ-ਘਾਟ ਤੇ ਬਾਲ-ਬੱਚੇ ਮੁਰਤਜ਼ਾ ਖ਼ਾਨ ਨੂੰ, ਜਿਸ ਦਾ ਅਸਲੀ ਨਾਮ ਸ਼ੇਖ਼ ਫਰੀਦ ਬੁਖਾਰੀ ਸੀ, ਦੇ ਹਵਾਲੇ ਕਰਨ ਦਾ ਹੁਕਮ ਦਿੱਤਾ ਸੀ। ਜਹਾਂਗੀਰ ਦੇ ਅੱਧੇ ਹੁਕਮ ਤੇ ਤਾਂ ਤਾਮੀਲ ਹੋ ਗਈ; ਭਾਵ, ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ, ਪਰ ਬਾਕੀ ਹੁਕਮ ਤੇ ਤਾਮੀਲ ਨਾ ਹੋ ਸਕੀ ਕਿਉਂਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਨਾਲ ਪੰਜਾਬ ਦੀ ਜਨਤਾ ਤੇ ਖ਼ਾਸ ਕਰਕੇ ਸਿੱਖ ਬਹੁਤ ਗੁੱਸੇ ਵਿਚ ਸਨ, ਕਿਸੇ ਸਮੇਂ ਵੀ ਬਗਾਵਤ ਦੀ ਅੱਗ ਭੜਕ ਸਕਦੀ ਸੀ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਮੁਰਤਜ਼ਾ ਖ਼ਾਨ ਨੂੰ ਗੁਜਰਾਤ ਭੇਜ ਦਿੱਤਾ ਗਿਆ। ਉਸਦੀ ਥਾਂ ਤੇ ਸੈਦਖ਼ਾਨ ਲਾਹੌਰ ਦਾ ਸੂਬੇਦਾਰ (ਗਵਰਨਰ) ਥਾਪਿਆ ਗਿਆ। ਉਹ ਅਯਾਸ਼ ਕਿਸਮ ਦਾ ਬੰਦਾ ਸੀ। ਉਸ ਨੇ ਰਾਜ-ਕਾਜ ਵੱਲ ਪੂਰਾ ਧਿਆਨ ਨਾ ਦਿੱਤਾ। ਡੇਢ ਕੁ ਸਾਲ ਦੇ ਅੰਦਰ ਹੀ, ਦਸੰਬਰ 1607 ਵਿਚ ਕੁਲੀਜ ਖ਼ਾਨ ਨੂੰ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ ਗਿਆ, ਜੋ 1610 ਤੱਕ ਇਸ ਪਦਵੀ ਤੇ ਰਿਹਾ।

ਮੁਰਤਜ਼ਾ ਖ਼ਾਨ ਲਗਪਗ ਚਾਰ ਸਾਲ ਪੰਜਾਬ ਤੋਂ ਬਾਹਰ ਰਿਹਾ, ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਅਤੇ ਸਿੱਖਾਂ ਉਤੇ ਕੋਈ ਸਖ਼ਤੀ ਨਾ ਹੋਈ, ਸਗੋਂ ਸਿੱਖ ਲਹਿਰ ਨੂੰ ਬਲਵਾਨ ਹੋਣ ਦਾ ਮੌਕਾ ਮਿਲ ਗਿਆ।

### *ਸਿੱਖ ਲਹਿਰ ਨੂੰ ਦਬਾਉਣ ਦਾ ਯਤਨ*

ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਸਰਗਰਮੀਆਂ ਦੀ ਕਨਸੋਅ ਜਦ ਬਾਦਸ਼ਾਹ ਜਹਾਂਗੀਰ ਦੇ ਕੰਨੀਂ ਪਈ ਤਾਂ ਉਸ ਨੇ ਸੰਨ 1610 ਵਿਚ ਮੁਰਤਜ਼ਾ ਖ਼ਾਨ ਨੂੰ ਮੁੜ ਕੇ ਲਾਹੌਰ ਦਾ ਸੂਬੇਦਾਰ ਨਿਯੁਕਤ ਕਰ ਦਿੱਤਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਉਤੇ ਸਖ਼ਤ ਨਜ਼ਰ ਰੱਖਣ ਦੀ ਹਦਾਇਤ ਦਿੱਤੀ। ਮੁਰਤਜ਼ਾ ਖ਼ਾਨ ਤਾਂ ਸਿੱਖ ਲਹਿਰ ਦੇ ਕੱਟੜ ਵਿਰੋਧੀ ਸ਼ੇਖ਼ ਅਹਿਮਦ ਸਰਹੰਦੀ ਦਾ ਚੇਲਾ ਸੀ। ਉਸ ਨੂੰ ਸਿੱਖ ਲਹਿਰ ਨੂੰ ਦਬਾਉਣ ਦਾ ਸੁਨਹਿਰੀ ਮੌਕਾ ਮਿਲ ਗਿਆ। ਉਸ ਨੇ ਗੁਰੂ ਸਾਹਿਬ ਦੀਆਂ ਸਰਗਰਮੀਆਂ ਬਾਰੇ ਬਹੁਤ ਵਧਾ-ਚੜ੍ਹਾ ਕੇ ਰਿਪੋਰਟ ਬਾਦਸ਼ਾਹ ਨੂੰ ਭੇਜੀ, ਜਿਸ ਵਿਚ ਲਿਖਿਆ ਗਿਆ ਕਿ ਗੁਰੂ ਨੇ ਦਿੱਲੀ ਦੇ ਤਖ਼ਤ ਮੁਕਾਬਲੇ ਅਕਾਲ ਤਖ਼ਤ ਸਥਾਪਿਤ ਕਰ ਲਿਆ ਹੈ, ਜਿਸ ਦੇ ਅੱਗੇ ਦੋ ਉੱਚੇ-ਉੱਚੇ ਝੰਡੇ ਝੂਲਦੇ ਹਨ, ਉਹ ਤਖ਼ਤ 'ਤੇ ਸ਼ਹਿਨਸ਼ਾਹ ਦੀ ਤਰ੍ਹਾਂ ਕਲਗੀ ਲਗਾ ਕੇ ਤੇ ਸ਼ਸਤਰ ਸਜਾ ਕੇ , ਬੜੀ ਸਜ-ਧਜ ਨਾਲ ਬੈਠਦਾ ਹੈ। ਉਸਦੇ ਸਿਰ 'ਤੇ ਛਤਰ ਝੂਲਦਾ ਹੈ ਅਤੇ ਸਿੱਖ ਚੌਰ ਕਰਦੇ ਹਨ, ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਂਦਾ ਹੈ, ਹੁਕਮ ਜਾਰੀ ਕਰਦਾ ਹੈ ਅਤੇ ਲੋਕਾਂ ਦੇ ਝਗੜੇ ਨਿਬੇੜਦਾ ਹੈ। ਕਈ ਰਾਜੇ ਵੀ ਉਸ ਦੇ ਸ਼ਰਧਾਲੂ ਹਨ, ਉਹ ਖੁਦ ਜਾਂ ਉਨ੍ਹਾਂ ਦੇ ਪ੍ਰਤੀਨਿਧ ਗੁਰੂ ਦੇ ਦਰਬਾਰ ਵਿਚ ਆਉਂਦੇ ਹਨ ਅਤੇ ਨਜ਼ਰਾਨੇ ਪੇਸ਼ ਕਰਦੇ ਹਨ ਤੇ ਗੁਰੂ ਤੋਂ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਗੁਰੂ ਦਾ ਦਰਬਾਰ ਵੀ ਸ਼ਾਹੀ ਦਰਬਾਰ ਵਰਗਾ ਹੀ ਹੁੰਦਾ ਹੈ। ਗੁਰੂ ਸੰਗਤਾਂ ਨੂੰ ਆਪ ਸੰਬੋਧਨ ਕਰਦਾ ਹੈ ਅਤੇ ਸੱਚ, ਇਨਸਾਫ਼ ਦੀ ਰਾਖੀ ਅਤੇ ਅਤਿਆਚਾਰਾਂ ਨੂੰ ਖ਼ਤਮ ਕਰਨ ਦਾ ਉਪਦੇਸ਼

ਦਿੰਦਾ ਹੈ। ਇਸ ਤੋਂ ਵੀ ਵੱਧ ਦਰਬਾਰ ਵਿਚ ਢਾਡੀ ਬੜੀਆਂ ਜੋਸ਼ੀਲੀਆਂ ਵਾਰਾਂ ਗਾਉਂਦੇ ਹਨ ਅਤੇ ਸਿੱਖਾਂ ਵਿਚ ਜੰਗੀ ਸਪਿਰਟ ਭਰਦੇ ਹਨ। ਗੁਰੂ ਨੇ ਚੰਗੀ ਤਕੜੀ ਫ਼ੌਜ ਤਿਆਰ ਕਰ ਲਈ ਹੈ, ਜਿਸ ਵਿਚ ਪੈਦਲ, ਘੋੜ-ਸਵਾਰ, ਤੋਪਚੀ ਆਦਿ ਹਰ ਤਰ੍ਹਾਂ ਦੇ ਫ਼ੌਜੀ ਸ਼ਾਮਿਲ ਹਨ। ਫ਼ੌਜ ਵਿਚ ਮੁਸਲਮਾਨ ਵੀ ਸ਼ਾਮਿਲ ਹੋ ਰਹੇ ਹਨ। ਜਿਨ੍ਹਾਂ ਨੂੰ ਸਰਕਾਰੀ ਫ਼ੌਜਾਂ ਵਿਚੋਂ ਕੱਢਿਆ ਗਿਆ ਸੀ, ਉਹ ਵੀ ਗੁਰੂ ਦੀ ਫ਼ੌਜ ਵਿਚ ਸ਼ਾਮਿਲ ਕੀਤੇ ਜਾ ਰਹੇ ਹਨ। ਸਿੱਖਾਂ ਨੂੰ ਫ਼ੌਜੀ ਅਭਿਆਸ ਕਰਾਏ ਜਾ ਰਹੇ ਹਨ। ਗੁਰੂ ਨੇ ਕਿਲ੍ਹੇ ਬਣਾਉਣੇ ਆਰੰਭ ਕਰ ਦਿੱਤੇ ਹਨ, ਇਕ ਕਿਲ੍ਹਾ ਤਾਂ ਅੰਮ੍ਰਿਤਸਰ ਵਿਚ ਬਣਾ ਹੀ ਲਿਆ ਹੈ।...ਇਨ੍ਹਾਂ ਗੱਲਾਂ ਤੋਂ ਗੁਰੂ ਦੇ ਇਰਾਦੇ ਠੀਕ ਨਹੀਂ ਜਾਪਦੇ। ਗੁਰੂ ਦੀਆਂ ਸਰਗਰਮੀਆਂ ਨੂੰ ਰੋਕਣ ਦੇ ਕਾਰਗਰ ਯਤਨ ਕਰਨੇ ਚਾਹੀਦੇ ਹਨ, ਤਾਂ ਕਿ ਇਹ ਆਉਣ ਵਾਲੇ ਸਮੇਂ ਵਿਚ ਹਕੂਮਤ ਲਈ ਕੋਈ ਸਿਰ-ਦਰਦੀ ਨਾ ਖੜ੍ਹੀ ਕਰ ਦੇਵੇ।

ਇਸ ਰਿਪੋਰਟ ਨੇ ਬਾਦਸ਼ਾਹ ਜਹਾਂਗੀਰ ਨੂੰ ਸੋਚਾਂ ਵਿਚ ਪਾ ਦਿੱਤਾ ਅਤੇ ਉਸ ਨੇ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ, ਅੰਮ੍ਰਿਤਸਰ ਵਿਚ ਹੋ ਰਹੀਆਂ ਸਰਗਰਮੀਆਂ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ। ਜਹਾਂਗੀਰ ਇਹ ਸਾਰਾ ਕੰਮ ਚੁਪ-ਚੁਪੀਤੇ ਕਰਨਾ ਚਾਹੁੰਦਾ ਸੀ ਤਾਂ ਕਿ ਗੁਰੂ ਜੀ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਹੀ ਲੋਕ ਭੜਕ ਨਾ ਪੈਣ। ਉਸ ਨੇ ਮੁਰਤਜ਼ਾ ਖ਼ਾਨ ਨੂੰ ਹੁਕਮ ਭੇਜਿਆ ਕਿ ਉਸ ਦੀ ਤੇ ਗੁਰੂ ਸਾਹਿਬ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ ਜਾਵੇ, ਉਦੋਂ ਗੁਰੂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਮੁਰਤਜ਼ਾ ਖ਼ਾਨ ਨੇ ਗੁਰੂ ਘਰ ਦੇ ਸ਼ਰਧਾਲੂ ਵਜ਼ੀਰ ਖਾਂ ਅਤੇ ਗੁੰਚਾ ਬੇਗ ਦੀ ਡਿਊਟੀ ਲਾਈ ਕਿ ਉਹ ਗੁਰੂ ਸਾਹਿਬ ਨੂੰ ਬੇਨਤੀ ਕਰਨ ਕਿ ਬਾਦਸ਼ਾਹ ਉਨ੍ਹਾਂ ਨਾਲ ਮੁਲਾਕਾਤ ਕਰਨੀ ਚਾਹੁੰਦਾ ਹੈ, ਤੇ ਗੁਰੂ ਜੀ ਨੂੰ ਨਾਲ ਲੈ ਕੇ ਦਿੱਲੀ ਚਲੇ ਜਾਣ। ਕਿਹਾ ਜਾਂਦਾ ਹੈ ਕਿ ਮੁਰਤਜ਼ਾ ਖ਼ਾਨ ਨੇ ਵਜ਼ੀਰ ਖ਼ਾਨ ਨੂੰ ਵਚਨ ਦਿੱਤਾ ਸੀ ਕਿ ਬਾਦਸ਼ਾਹ ਨੇ ਗੁਰੂ ਜੀ ਨਾਲ ਕੇਵਲ ਧਾਰਮਿਕ-ਵਿਚਾਰਾਂ ਹੀ ਕਰਨੀਆਂ ਹਨ; ਗੁਰੂ ਜੀ ਦੀ ਹਿਫ਼ਾਜ਼ਤ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਤੇ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ।

ਵਜ਼ੀਰ ਖਾਂ ਤੇ ਗੁੰਚਾ ਬੇਗ ਅੰਮ੍ਰਿਤਸਰ ਆ ਕੇ ਸਤਿਗੁਰਾਂ ਨੂੰ ਮਿਲੇ ਅਤੇ ਬਾਦਸ਼ਾਹ ਨਾਲ ਮੁਲਾਕਾਤ ਕਰਨ ਦੀ ਬੇਨਤੀ ਕੀਤੀ। ਵਜ਼ੀਰ ਖ਼ਾਂ ਨੇ ਮੁਰਤਜ਼ਾ ਖ਼ਾਨ ਵਲੋਂ ਦਿੱਤੇ ਵਚਨ ਬਾਰੇ ਵੀ ਦੱਸਿਆ। ਵਜ਼ੀਰ ਖ਼ਾਂ ਜਿੱਥੇ ਗੁਰੂ ਜੀ ਦਾ ਸ਼ਰਧਾਲੂ ਸੀ, ਉਥੇ ਬਾਦਸ਼ਾਹ ਦਾ ਵੀ ਭਰੋਸੇਯੋਗ ਅਹਿਲਕਾਰ ਸੀ। ਉਹ ਤੇ ਗੁੰਚਾ ਬੇਗ ਪਹਿਲਾਂ ਵੀ ਗੁਰੂ-ਦਰਬਾਰ ਵਿਚ ਆਉਂਦੇ ਰਹਿੰਦੇ ਸਨ; ਇਸ ਲਈ ਗੁਰੂ ਜੀ ਦੇ ਵਿਸ਼ਵਾਸ ਪਾਤਰ ਸਨ। ਗੁਰੂ ਜੀ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਮੁਖੀ ਸਿੱਖਾਂ ਨਾਲ ਵਿਚਾਰ ਕੀਤੀ ਤੇ ਬਾਦਸ਼ਾਹ ਨੂੰ ਮਿਲਣ ਲਈ ਤਿਆਰ ਹੋ ਗਏ। ਪੰਥ ਪ੍ਰਕਾਸ਼ ਦੇ ਕਰਤਾ ਅਨੁਸਾਰ ਤਾਂ ਗੁਰੂ ਜੀ ਖੁਦ ਵੀ ਬਾਦਸ਼ਾਹ ਨੂੰ ਮਿਲ ਕੇ ਸਮਝਾਉਣਾ ਚਾਹੁੰਦੇ ਸਨ ਕਿ ਬੀਤੇ ਨੂੰ ਭੁਲਾ ਕੇ ਅਗੋਂ ਤੋਂ ਸੱਚ ਧਰਮ ਅਨੁਸਾਰ ਰਾਜ ਕੀਤਾ ਜਾਵੇ ਤੇ ਸਭ ਨਾਲ ਇਨਸਾਫ਼ ਕੀਤਾ ਜਾਵੇ।

**ਗੁਰ ਪਹਿਲੇ ਹੀ ਥੇ ਚਹਿਤ ਏਮ। ਹੁਇ ਬਾਦਸ਼ਾਹ ਸੇ ਮੇਲ ਕੇਮ।**
**ਸੋ ਆਪੇ ਬਨਯੋ ਸੰਯੋਗ ਆਇ। ਗੁਰ ਸੁਨ ਕੇ ਹੁਕਮ ਤਿਆਰ ਧਾਇ।**[18]

ਗੁਰੂ ਜੀ ਦੇ ਇਸ ਫੈਸਲੇ ਨਾਲ ਮਾਤਾ ਗੰਗਾ ਜੀ ਤੇ ਕੁਝ ਸਿੱਖਾਂ ਨੂੰ ਚਿੰਤਾ ਵੀ ਹੋਈ। ਗੁਰੂ ਜੀ ਨੇ ਸਭ ਨੂੰ ਸਮਝਾ-ਬੁਝਾ ਦਿੱਤਾ ਅਤੇ ਸੰਸਾਰਕ ਬਾਦਸ਼ਾਹਾਂ ਦਾ ਡਰ ਤਿਆਗ ਕੇ ਸਾਰੀ ਸ੍ਰਿਸ਼ਟੀ ਦੇ ਮਾਲਕ ਪ੍ਰਭੂ-ਅਕਾਲ ਪੁਰਖ ਦੀ ਸਮਰਥਾ ਤੇ ਵਿਸ਼ਵਾਸ ਕਰਨ ਤੇ ਉਸੇ ਦਾ ਆਸਰਾ ਤੱਕਣ ਦਾ ਉਪਦੇਸ਼ ਦਿੱਤਾ। ਆਪਣੇ ਨਾਲ ਘੋੜ ਸਵਾਰਾਂ ਦਾ ਦਸਤਾ ਲੈ, ਜਿਨ੍ਹਾਂ ਵਿਚ ਕੁਝ ਪ੍ਰਮੁੱਖ ਸਿੱਖ ਵੀ ਸਨ, ਦਿੱਲੀ ਵੱਲ ਤੁਰ ਪਏ। ਵਜ਼ੀਰ ਖ਼ਾਨ ਤੇ ਗੁੰਚਾ ਬੇਗ ਵੀ ਨਾਲ ਹੀ ਸਨ। ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਅਤੇ ਸਿੱਖ ਸੰਗਤਾਂ ਨੂੰ ਅਗਵਾਈ ਦੇਣ ਲਈ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਬਹਿਲੋ ਜੀ ਆਦਿ ਦੀ ਸੇਵਾ ਲਾਈ ਗਈ।

ਗੁਰੂ ਜੀ ਤਰਨ ਤਾਰਨ, ਗੋਇੰਦਵਾਲ, ਦੁਆਬੇ ਅਤੇ ਮਾਲਵੇ ਦੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਦਿੱਲੀ ਪਹੁੰਚੇ। ਉਥੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਟਿੱਲਾ ਵਿਖੇ ਟਿਕਾਣਾ ਕੀਤਾ। ਇਥੇ ਫਕੀਰ ਸਿਕੰਦਰ ਸ਼ਾਹ, ਹਮੇਸ਼ਾ ਹੀ ਮਸਤ ਰਹਿਣ ਵਾਲੇ ਮਜਨੂੰ ਦਰਵੇਸ਼ ਅਤੇ ਹੋਰ ਫ਼ਕੀਰਾਂ ਨਾਲ ਅਧਿਆਤਮਕ ਵਿਚਾਰਾਂ ਕੀਤੀਆਂ।

ਸਤਿਗੁਰਾਂ ਦੇ ਦਿੱਲੀ ਪਹੁੰਚਣ ਦੀਆਂ ਖ਼ਬਰਾਂ ਨਾਲ ਖੁਸ਼ੀ ਦੀ ਲਹਿਰ ਦੌੜ ਗਈ। ਰੋਜ਼ ਸੈਂਕੜੇ ਸਿੱਖ ਦਰਸ਼ਨ ਕਰਨ ਆਉਣ ਲੱਗੇ। ਜਮਨਾ ਦੇ ਕਿਨਾਰੇ ਦਾ ਵਾਤਾਵਰਣ ਹੀ ਬਦਲ ਗਿਆ, ਸਿੱਖਾਂ ਦਾ 'ਸੱਚਾ ਪਾਤਸ਼ਾਹ' ਜੁ ਆਇਆ ਸੀ। ਜਹਾਂਗੀਰ ਨੂੰ ਇਸ ਸਾਰੇ ਹਾਲਾਤ ਦੀਆਂ ਖ਼ਬਰਾਂ ਸਰਕਾਰੀ ਸੂਹੀਏ ਨਾਲੋ-ਨਾਲ ਦਿੰਦੇ ਰਹੇ।

ਸਤਿਗੁਰੂ ਜੀ ਜਹਾਂਗੀਰ ਨੂੰ ਮਿਲਣ ਗਏ। ਉਨ੍ਹਾਂ ਨਾਲ ਵਜ਼ੀਰ ਖ਼ਾਨ ਅਤੇ ਘੋੜ-ਸਵਾਰ ਸਿੱਖਾਂ ਦਾ ਦਸਤਾ ਵੀ ਸੀ। ਜਹਾਂਗੀਰ ਨੇ ਗੁਰੂ ਜੀ ਦਾ ਸ਼ਾਹਾਨਾ ਸਵਾਗਤ ਕੀਤਾ। ਉਂਝ ਸਤਿਗੁਰਾਂ ਦੀ ਸ਼ਾਨੋ-ਸ਼ੌਕਤ, ਫ਼ੌਜੀ ਸਿੱਖਾਂ ਦੇ ਦਸਤੇ ਅਤੇ ਸਤਿਗੁਰਾਂ ਦੇ ਸੀਸ ਤੇ ਸਜਾਈ ਕਲਗ਼ੀ ਵੇਖ ਕੇ ਉਸ ਦਾ ਈਰਖਾਲੂ ਮਨ ਸੜ-ਬਲ ਗਿਆ। ਉਪਰੋਂ-ਉਪਰੋਂ ਉਹ ਗੁਰੂ ਜੀ ਨਾਲ ਪ੍ਰੇਮ-ਭਾਵ ਦਾ ਪ੍ਰਗਟਾਵਾ ਕਰਦਾ ਰਿਹਾ।

ਗੁਰੂ ਜੀ ਅਤੇ ਜਹਾਂਗੀਰ ਇਕੱਠੇ ਸ਼ਿਕਾਰ ਖੇਡਣ ਵੀ ਜਾਂਦੇ ਰਹੇ। ਇਕ ਦਿਨ ਜੰਗਲ ਵਿਚ ਅਚਾਨਕ ਹੀ ਇਕ ਸ਼ੇਰ ਨਿਕਲ ਆਇਆ। ਬਾਦਸ਼ਾਹ ਦੇ ਸਿਪਾਹੀਆਂ ਨੇ ਉਸ 'ਤੇ ਬੰਦੂਕਾਂ ਅਤੇ ਤੀਰਾਂ ਆਦਿ ਨਾਲ ਹਮਲਾ ਵੀ ਕੀਤਾ, ਪਰ ਉਹ ਬਾਦਸ਼ਾਹ 'ਤੇ ਝਪਟ ਪਿਆ। ਗੁਰੂ ਜੀ ਇਕ ਦਮ ਘੋੜੇ ਨੂੰ ਅੱਡੀ ਮਾਰ ਕੇ ਸ਼ੇਰ ਦੇ ਸਾਹਮਣੇ ਆ ਖਲੋਤੇ ਅਤੇ ਉਸ ਦੇ ਵਾਰ ਨੂੰ ਢਾਲ ਨਾਲ ਰੋਕ ਕੇ, ਤਲਵਾਰ ਦੇ ਵਾਰ ਨਾਲ ਉਸ ਦੇ ਦੋ ਟੋਟੇ ਕਰ ਦਿੱਤੇ। ਸਹਿਮੇ ਹੋਏ ਬਾਦਸ਼ਾਹ ਦੇ ਸਾਹ ਵਿਚ ਸਾਹ ਆਇਆ। ਉਸ ਨੇ ਇਹ ਕਹਿ ਕੇ ਗੁਰੂ ਜੀ ਦਾ ਧੰਨਵਾਦ ਕੀਤਾ ਕਿ ਜੇ ਅੱਜ ਤੁਸੀਂ ਨਾ ਹੁੰਦੇ ਤਾਂ ਮੈਂ ਅੱਲਾ ਨੂੰ ਪਿਆਰਾ ਹੋ ਜਾਣਾ ਸੀ। ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

**ਪੁਨ ਗੁਰ ਦਿਸ ਤੱਕਯੋ ਜਬੈ ਸ਼ਾਹਿ। ਤਜ ਘੋੜਾ ਪਯਾਦੇ ਚਲ ਉਮਾਹਿ।**
**ਲਲਕਾਰਿਓ ਕੇਹਰ ਆਇਓ ਦੌਰ। ਗੁਰ ਜਤ੍ਰੀ ਢਾਲ ਵਹਿ ਰੁਕਯੋ ਫੌਰ।**
**ਹਤ ਖੰਡਾ ਕੀਨੋ ਕੋਇ ਟੂਕ। ਝੱਟ ਗਇਓ ਗੁਰ ਢਿਗ ਸ਼ਾਹਿ ਢੂਕ।**[19]

ਸ਼ੇਰ ਦੇ ਸ਼ਿਕਾਰ ਵਾਲੀ ਥਾਂ 'ਤੇ, ਦੋਲੀਪੁਰ ਦੇ ਜੰਗਲ ਵਿਚ, 'ਗੁਰਦੁਆਰਾ ਸ਼ੇਰ ਸ਼ਿਕਾਰ ਸਾਹਿਬ' ਬਣਿਆ ਹੋਇਆ ਹੈ।

### ਸੱਚੇ ਪਾਤਸ਼ਾਹ ਦਾ ਸਿੱਖ

ਆਗਰੇ ਪਹੁੰਚ ਕੇ ਵੀ ਗੁਰੂ ਸਾਹਿਬ ਜਹਾਂਗੀਰ ਦੇ ਨਾਲ ਸ਼ਿਕਾਰ ਖੇਡਣ ਜਾਂਦੇ ਰਹੇ। ਜੰਗਲ ਵਿਚ ਵੀ ਗੁਰੂ ਸਾਹਿਬ ਅਤੇ ਜਹਾਂਗੀਰ ਦੇ ਤੰਬੂ ਵੱਖੋ-ਵੱਖਰੇ ਅਤੇ ਕੁਝ ਦੂਰੀ ਤੇ ਹੁੰਦੇ ਸਨ।

ਆਗਰੇ ਵਿਚ ਹੀ ਇਕ ਗੁਰੂ ਦਾ ਪ੍ਰੇਮੀ ਸਿੱਖ ਰਹਿੰਦਾ ਸੀ, ਜੋ ਘਾਹ ਵੇਚ ਕੇ ਗੁਜ਼ਾਰਾ ਕਰਦਾ ਸੀ। ਉਸ ਨੇ ਪਹਿਲਾਂ ਕਦੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਨਹੀਂ ਸਨ ਕੀਤੇ, ਪਰ ਉਸ ਦੇ ਮਨ ਅੰਦਰ ਸਤਿਗੁਰੂ ਜੀ ਦੇ ਦਰਸ਼ਨ-ਦੀਦਾਰ ਕਰਨ ਦੀ ਬੜੀ ਪ੍ਰਬਲ ਇੱਛਾ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਜੰਗਲ ਵਿਚ ਸ਼ਿਕਾਰ ਖੇਡਣ ਜਾ ਰਹੇ ਹਨ, ਤਾਂ ਉਸ ਨੂੰ ਚਾਅ ਚੜ੍ਹ ਗਿਆ। ਉਸ ਨੇ ਗੁਰੂ ਜੀ ਦੇ ਘੋੜੇ ਲਈ ਚੁਣ-ਚੁਣ ਕੇ ਸੋਹਣਾ ਘਾਹ ਇਕੱਠਾ ਕੀਤਾ ਅਤੇ ਟਕਾ (ਪੁਰਾਣੇ ਦੋ ਪੈਸੇ) ਜੋ ਉਸ ਕੋਲ ਸੀ, ਮੱਥਾ ਟੇਕਣ ਲਈ ਲੈ ਕੇ ਤੁਰ ਪਿਆ।

ਜਹਾਂਗਗੀ ਦਾ ਤੰਬੂ ਰਾਹ ਵਿਚ ਪਹਿਲਾਂ ਪੈਂਦਾ ਸੀ। ਗੁਰਸਿੱਖ ਨੇ ਤੰਬੂ ਦੇ ਕੋਲ ਪਹੁੰਚ ਕੇ ਇਕ ਸਿਪਾਹੀ ਨੂੰ ਕਿਹਾ, 'ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਹਨ।' ਸਿਪਾਹੀ ਸੱਚਾ-ਪਾਤਸ਼ਾਹ ਸ਼ਬਦ ਸੁਣ ਕੇ ਹੈਰਾਨ ਤਾਂ ਹੋਇਆ ਪਰ ਉਸ ਨੇ ਬਾਦਸ਼ਾਹ ਦੇ ਤੰਬੂ ਵੱਲ ਇਸ਼ਾਰਾ ਕਰ ਦਿੱਤਾ। ਸਿੱਖ, ਘਾਹ ਦੀ ਪੰਡ ਸਮੇਤ ਤੰਬੂ ਦੇ ਅੰਦਰ ਵੱਲ ਤੁਰ ਪਿਆ, ਪਰ ਬਾਹਰ ਖੜ੍ਹੇ ਸਿਪਾਹੀ ਨੇ ਰੋਕ ਦਿੱਤਾ ਕਿ ਘਾਹ ਦੀ ਪੰਡ ਅੰਦਰ ਨਹੀਂ ਜਾ ਸਕਦੀ। ਸਿੱਖ ਜ਼ਿੱਦ ਕਰਨ ਲੱਗ ਪਿਆ ਕਿ ਮੈਂ ਤਾਂ ਇਹ ਘਾਹ ਹੀ ਭੇਟਾ ਕਰਨਾ ਹੈ, ਪਰ ਸਿਪਾਹੀ ਉਸ ਨੂੰ ਰੋਅਬ ਨਾਲ ਵਰਜਣ ਲੱਗ ਪਿਆ। ਜਹਾਂਗੀਰ ਸਾਹਮਣੇ ਬੈਠਾ ਦੇਖ ਰਿਹਾ ਸੀ, ਉਸ ਨੇ ਸਿੱਖ ਨੂੰ ਉਸੇ ਤਰ੍ਹਾਂ ਅੰਦਰ ਆਉਣ ਦਾ ਇਸ਼ਾਰਾ ਕਰ ਦਿੱਤਾ।

ਸਿੱਖ ਨੇ ਅੰਦਰ ਜਾ ਕੇ, ਘਾਹ ਇਕ ਪਾਸੇ ਰੱਖ ਕੇ ਬਾਦਸ਼ਾਹ ਅੱਗੇ ਟਕਾ ਮੱਥਾ ਟੇਕਿਆ ਅਤੇ ਪਿਆਰ ਅਤੇ ਸ਼ਰਧਾ ਨਾਲ ਬੇਨਤੀ ਕੀਤੀ—"ਸੱਚੇ ਪਾਤਸ਼ਾਹ! ਮਨ ਬੜੇ ਦਿਨਾਂ ਤੋਂ ਦਰਸ਼ਨਾਂ ਲਈ ਤਰਸਦਾ ਪਿਆ ਸੀ, ਅੱਜ ਇਹ ਸੁਭਾਗ ਸਮਾਂ ਬਣਿਆ ਹੈ। ਬੜੀ ਮਿਹਰ ਕੀਤੀ ਜੇ, ਦਰਸ਼ਨ ਦਿੱਤੇ ਹਨ। ਹੁਣ ਕਿਰਪਾ ਕਰਕੇ ਜਨਮ-ਮਰਨ ਦਾ ਗੇੜ ਵੀ ਕੱਟ ਦਿਓ।"

'ਸੱਚਾ ਪਾਤਸ਼ਾਹ' ਸ਼ਬਦ ਸੁਣਦਿਆਂ ਹੀ ਸਮਝ ਗਿਆ ਕਿ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਇਆ ਹੈ ਅਤੇ ਪਹਿਲਾਂ ਇਸ ਨੇ ਕਦੇ ਉਸ ਨੂੰ ਵੇਖਿਆ ਨਹੀਂ ਹੈ ਪਰ ਸਿੱਖ ਦੇ ਮੂੰਹੋਂ ਨਿਕਲੇ ਸ਼ਬਦਾਂ ਦਾ ਬਾਦਸ਼ਾਹ 'ਤੇ ਬਹੁਤ ਪ੍ਰਭਾਵ ਪਿਆ। ਉਸ ਨੇ ਕਿਹਾ, "ਸਿੱਖਾ! ਮੈਂ ਤੇਰੇ 'ਤੇ ਬਹੁਤ ਖੁਸ਼ ਹਾਂ। ਮੈਂ ਸਾਰੇ ਹਿੰਦੁਸਤਾਨ ਦਾ ਬਾਦਸ਼ਾਹ ਜਹਾਂਗੀਰ ਹਾਂ, ਜੋ ਤੂੰ ਮੰਗੇ ਮੈਂ ਦੇਣ ਲਈ ਤਿਆਰ ਹਾਂ। ਬਾਕੀ, ਜਨਮ-ਮਰਨ ਦੀਆਂ ਗੱਲਾਂ ਐਵੇਂ ਹੀ ਹਨ।"

ਸਿੱਖ ਨੂੰ ਅੰਦਰ ਆਉਣ ਸਮੇਂ, ਪਹਿਰੇਦਾਰ ਨਾਲ ਗੱਲਬਾਤ ਕਰਦਿਆਂ ਕੁਝ ਭਰਮ ਹੋ ਗਿਆ ਸੀ। ਹੁਣ ਗੱਲ ਸਾਫ਼ ਹੋ ਗਈ। ਉਹ ਝੱਟ ਬੋਲਿਆ :

"ਉਹ! ਮੈਂ ਭੁੱਲ ਗਿਆ, ਮੈਂ ਤਾਂ ਸੱਚੇ ਪਾਤਸ਼ਾਹ ਨੂੰ ਮਿਲਣਾ ਸੀ। ਉਹ ਹੀ ਲੋਕ

ਤੇ ਪਰਲੋਕ ਦਾ ਅਸਲੀ ਮਾਲਕ ਹੈ।" ਇੰਨਾ ਕਹਿੰਦਿਆਂ ਸਿੱਖ ਨੇ ਟਕਾ ਚੁੱਕ ਲਿਆ ਤੇ ਘਾਹ ਦੀ ਪੰਡ ਸਿਰ ਤੇ ਰੱਖਦਾ ਬੋਲਿਆ, "ਤਾਂ ਸੱਚੇ ਪਾਤਸ਼ਾਹ ਕਿਥੇ ਹਨ?" ਬਾਦਸ਼ਾਹ ਨੇ ਗੁਰੂ ਜੀ ਦੇ ਤੰਬੂ ਵੱਲ ਇਸ਼ਾਰਾ ਕੀਤਾ ਤੇ ਕਿਹਾ, "ਬਾਦਸ਼ਾਹ ਦੇ ਅੱਗੇ ਰੱਖੀ ਭੇਟਾ ਨਹੀਂ ਚੁੱਕੀਦੀ। ਤੂੰ ਇਹ ਟਕਾ ਰਹਿਣ ਦੇ, ਮੈਂ ਤੈਨੂੰ ਬਹੁਤ ਸਾਰਾ ਧਨ ਦੇ ਦਿੰਦਾ ਹਾਂ।" ਪਰ ਸਿੱਖ ਨੇ ਇਕ ਨਾ ਸੁਣੀ ਤੇ ਸਿੱਧਾ ਗੁਰੂ ਸਾਹਿਬ ਵਾਲੇ ਤੰਬੂ ਵੱਲ ਤੁਰ ਪਿਆ। ਉਸ ਨੇ ਗੁਰੂ ਸਾਹਿਬ ਦੇ ਤੰਬੂ ਅੰਦਰ ਜਾ ਕੇ, ਘਾਹ ਦੀ ਪੰਡ ਇਕ ਪਾਸੇ ਰੱਖੀ ਤੇ ਟਕਾ ਮੱਥਾ ਟੇਕ ਕੇ ਬੇਨਤੀ ਕੀਤੀ:

"ਸੱਚੇ ਪਾਤਸ਼ਾਹ! ਮੈਂ ਤਾਂ ਭੁੱਲ ਗਿਆ ਸੀ। ਤੁਸੀਂ ਮਿਹਰ ਕੀਤੀ ਤੇ ਮੈਨੂੰ ਮਾਇਆ ਅਤੇ ਜਗੀਰ ਦੇ ਲਾਲਚ ਵਿਚ ਫਸਣ ਨਾ ਦਿੱਤਾ ਤੇ ਆਪਣੇ ਚਰਨਾਂ ਵਿਚ ਬੁਲਾ ਲਿਆ ਹੈ। ਹੁਣ ਕਿਰਪਾ ਕਰਕੇ ਜਨਮ-ਮਰਨ ਦਾ ਗੇੜ ਵੀ ਮੁਕਾ ਦਿਓ ਅਤੇ ਕਾਮ, ਕ੍ਰੋਧ ਵਗੈਰਾ ਵਿਕਾਰਾਂ ਤੋਂ ਰਖਿਆ ਕਰੋ, ਨਾਮ ਦੀ ਦਾਤ ਬਖ਼ਸ਼ੋ।"

ਗੁਰੂ ਸਾਹਿਬ ਸਿੱਖ ਦਾ ਪਿਆਰ, ਸ਼ਰਧਾ ਅਤੇ ਗਰੀਬੀ ਵਿਚ ਵੀ ਸਿਦਕ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਮਿਹਰ ਦੇ ਘਰ ਵਿਚ ਆ ਕੇ ਆਖਣ ਲੱਗੇ—"ਗੁਰਸਿੱਖਾ! ਤੂੰ ਗੁਰੂ ਦੇ ਰਾਹ ਤੇ ਚਲਦਾ ਹੈਂ। ਗੁਰੂ ਨਾਨਕ ਪਾਤਸ਼ਾਹ ਤੇਰੀਆਂ ਸਭ ਖਾਹਿਸ਼ਾਂ ਪੂਰੀਆਂ ਕਰਨਗੇ।"

ਜਹਾਂਗੀਰ ਵੀ ਉਥੇ ਆ ਗਿਆ ਸੀ। ਉਸ ਨੂੰ ਸਮਝ ਆ ਗਈ ਕਿ ਸਿੱਖ ਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਿਉਂ ਕਹਿੰਦੇ ਹਨ।

### *ਨਜ਼ਰਬੰਦੀ (ਗ੍ਰਿਫ਼ਤਾਰੀ)*

ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਮਨ ਭਾਵੇਂ ਪਹਿਲਾਂ ਦਾ ਹੀ ਬਣਾਇਆ ਹੋਇਆ ਸੀ, ਪਰ ਉਂਝ ਉਹ ਗੁਰੂ ਜੀ ਨਾਲ ਦੋਸਤੀ ਦਾ ਪ੍ਰਗਟਾਵਾ ਕਰ ਰਿਹਾ ਸੀ। ਉਹ ਗੁਰੂ ਜੀ ਨੂੰ ਆਗਰੇ ਲੈ ਗਿਆ ਤੇ ਉਥੇ ਗ੍ਰਿਫ਼ਤਾਰ ਕਰਕੇ ਗਵਾਲੀਅਰ ਭੇਜ ਦਿੱਤਾ, ਜਿਥੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

ਗੁਰੂ ਜੀ ਨੂੰ ਕਦੋਂ ਗ੍ਰਿਫ਼ਤਾਰ ਕੀਤਾ ਗਿਆ ਤੇ ਕਦੋਂ ਰਿਹਾਅ ਕੀਤਾ ਗਿਆ—ਇਸ ਬਾਰੇ ਇਤਿਹਾਸਕਾਰਾਂ ਵਿਚ ਬਹੁਤ ਮਤਭੇਦ ਹਨ। ਉਨ੍ਹਾਂ ਦੀ ਨਜ਼ਰਬੰਦੀ ਦਾ ਸਮਾਂ ਦੋ ਮਹੀਨੇ ਤੋਂ ਲੈ ਕੇ 12 ਸਾਲ ਤੱਕ ਲਿਖਿਆ ਗਿਆ ਹੈ।

ਡਾਕਟਰ ਹਰੀ ਰਾਮ ਗੁਪਤਾ, ਡਾ: ਸੁਖਦਿਆਲ ਸਿੰਘ ਆਦਿਕ ਕੁਝ ਲੇਖਕਾਂ ਨੇ ਹੀ 12 ਸਾਲਾਂ ਦੀ ਨਜ਼ਰਬੰਦੀ ਨੂੰ ਠੀਕ ਮੰਨਿਆ ਹੈ। ਪ੍ਰਿੰਸੀਪਲ ਸਤਿਬੀਰ ਸਿੰਘ, ਪ੍ਰੋ: ਕਰਤਾਰ ਸਿੰਘ, ਸਾਧੂ ਸਿੰਘ ਗੋਬਿੰਦਪੁਰੀ ਆਦਿ ਨੇ ਦੋ ਤੋਂ ਢਾਈ ਸਾਲ ਦਾ ਸਮਾਂ ਮੰਨਿਆ ਹੈ। ਭੱਟ ਵਹੀਆਂ ਵਿਚ ਰਿਹਾਈ ਦੀ ਤ੍ਰੀਕ ਦਿੱਤੀ ਹੋਈ ਹੈ। ਭੱਟ ਵਹੀਆਂ ਨੂੰ ਆਧਾਰ ਬਣਾ ਕੇ ਲਿਖਣ ਵਾਲਿਆਂ, ਡਾ: ਹਰਜਿੰਦਰ ਸਿੰਘ ਦਿਲਗੀਰ, ਡਾ: ਜਸਬੀਰ ਸਿੰਘ ਬਾਰਾਮੂਲਾ, ਡਾ: ਸੰਗਤ ਸਿੰਘ ਆਦਿਕਾਂ ਨੇ ਨਜ਼ਰਬੰਦੀ ਦਾ ਸਮਾਂ ਪੌਣੇ ਸੱਤ ਕੁ ਸਾਲ (ਜਨਵਰੀ 1613 ਤੋਂ ਅਕਤੂਬਰ 1619) ਲਿਖਿਆ ਹੈ। ਡਾ: ਗੰਡਾ ਸਿੰਘ, ਗਿਆਨੀ ਗਿਆਨ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਹਰਬੰਸ ਸਿੰਘ (ਇਨਸਾਈਕਲੋਪੀਡੀਆ), ਸ: ਮਨਜੀਤ ਸਿੰਘ ਤਰਨ ਤਾਰਨੀ ਨੇ ਨਜ਼ਰਬੰਦੀ ਦਾ ਸਮਾਂ 'ਕੁਝ ਮਹੀਨੇ' ਮੰਨਿਆ ਹੈ।

ਅੱਜਕੱਲ੍ਹ 'ਭੱਟ-ਵਹੀਆਂ' ਨੂੰ ਪ੍ਰਮਾਣਿਕ ਮੰਨ ਕੇ ਇਤਿਹਾਸ ਲਿਖਣ ਦਾ ਰਿਵਾਜ ਚੱਲ ਪਿਆ ਹੈ। ਭੱਟ ਵਹੀਆਂ ਅਨੁਸਾਰ ਇਤਿਹਾਸ ਦੀਆਂ, ਖ਼ਾਸ ਕਰਕੇ ਛੇਵੇਂ ਪਾਤਸ਼ਾਹ ਦੇ ਜੀਵਨ ਦੀਆਂ ਸਭ ਤ੍ਰੀਕਾਂ ਬਦਲ ਜਾਂਦੀਆਂ ਹਨ, ਜਿਨ੍ਹਾਂ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ (ਜਨਮ), ਵਿਆਹਾਂ, ਬੱਚਿਆਂ ਦੇ ਜਨਮ-ਦਿਨ, ਜੰਗ-ਯੁੱਧ ਆ ਜਾਂਦੇ ਹਨ। ਭੱਟ-ਵਹੀਆਂ ਬਾਰੇ, ਇਤਿਹਾਸ ਦੇ ਮਾਹਿਰਾਂ ਦੀ ਕੋਈ ਕਮੇਟੀ ਬਣਾ ਕੇ, ਕੌਮੀ ਤੌਰ ਤੇ ਨਿਰਣਾ ਹੋਣਾ ਚਾਹੀਦਾ ਹੈ, ਨਹੀਂ ਤਾਂ ਭੰਬਲ-ਭੂਸਾ ਬਣਿਆ ਰਹੇਗਾ ਤੇ ਆਮ ਸਿੱਖਾਂ ਲਈ ਸਿਰ-ਦਰਦੀ ਖੜ੍ਹੀ ਹੋ ਜਾਵੇਗੀ।

ਸਾਡੀ ਜਾਚੇ ਰਿਹਾਈ ਦਾ ਸਮਾਂ ਨਾ ਤਾਂ 'ਕੁਝ ਮਹੀਨੇ' ਹੋ ਸਕਦਾ ਹੈ, ਨਾ ਹੀ ਛੇ-ਸੱਤ ਸਾਲ। ਇਹ ਸਾਰੇ ਹੀ ਮੰਨਦੇ ਹਨ ਕਿ ਗੁਰੂ ਪਾਤਸ਼ਾਹ ਦੀ ਨਜ਼ਰਬੰਦੀ ਸਮੇਂ ਸਿੱਖ ਚੌਕੀਆਂ ਬਣਾ ਕੇ ਗਵਾਲੀਅਰ ਤੱਕ ਜਾਂਦੇ ਸਨ, ਉਥੇ ਠਹਿਰਦੇ ਤੇ ਕਿਲ੍ਹੇ ਨੂੰ ਛੂਹ ਕੇ (ਜਾਂ ਨਮਸਕਾਰ ਕਰਕੇ) ਵਾਪਿਸ ਆ ਜਾਂਦੇ। ਅੰਮ੍ਰਿਤਸਰ ਤੋਂ ਗਵਾਲੀਅਰ ਦੀ ਦੂਰੀ ਧਿਆਨ ਵਿਚ ਰੱਖਦਿਆਂ 'ਕੁਝ ਮਹੀਨਿਆਂ' ਦੇ ਸਮੇਂ ਨੂੰ ਠੀਕ ਨਹੀਂ ਮੰਨਿਆ ਜਾ ਸਕਦਾ। ਚੌਕੀਆਂ ਦਾ ਰਿਵਾਜ ਨਜ਼ਰਬੰਦੀ ਤੋਂ ਕੁਝ ਮਹੀਨੇ ਬਾਅਦ ਹੀ ਆਰੰਭ ਹੋਇਆ ਹੋਵੇਗਾ। 6-7 ਸਾਲ ਦੀ ਨਜ਼ਰਬੰਦੀ ਇਸ ਲਈ ਸੰਭਵ ਨਹੀਂ ਕਿਉਂਕਿ ਇੰਨੇ ਸਮੇਂ ਵਿਚ ਸਿੱਖਾਂ ਦੇ ਜਜ਼ਬਾਤ ਭੜਕ ਜਾਣ ਨਾਲ ਬਗਾਵਤ ਭੜਕ ਸਕਦੀ ਸੀ। ਜਿਸ ਤਰ੍ਹਾਂ ਹਾਲਾਤ ਕਰਵਟ ਲੈ ਰਹੇ ਸਨ, ਉਸ ਅਨੁਸਾਰ ਰਿਹਾਈ ਕਾਫ਼ੀ ਸਮੇਂ ਬਾਅਦ ਨਹੀਂ ਸੀ ਹੋ ਸਕਦੀ। ਇਸ ਲਈ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਨਜ਼ਰਬੰਦੀ ਸੰਨ 1610 ਅਤੇ ਰਿਹਾਈ 1612 ਵਿਚ ਹੋਈ ਹੋਵੇਗੀ।

ਜਹਾਂਗੀਰ ਨੇ ਗੁਰੂ ਜੀ ਦੀ ਨਜ਼ਰਬੰਦੀ ਦਾ ਇਹ ਕਾਰਨ ਪ੍ਰਚਾਰਿਆ ਕਿ ਸਰਕਾਰ ਨੇ ਗੁਰੂ ਅਰਜਨ ਦੇਵ ਜੀ ਤੋਂ ਜੁਰਮਾਨੇ ਦੀ ਰਕਮ ਲੈਣੀ ਸੀ, ਜਿਸ ਨੂੰ ਵਸੂਲਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦ ਕੀਤਾ ਗਿਆ ਹੈ। ਇਹ ਗੱਲ ਬਿਲਕੁਲ ਗ਼ਲਤ ਹੈ ਕਿਉਂਕਿ ਜੁਰਮਾਨਾ ਤਾਂ ਕੀਤਾ ਹੀ ਨਹੀਂ ਸੀ ਗਿਆ। ਉਦੋਂ ਤਾਂ ਇਸੇ ਹੀ ਜਹਾਂਗੀਰ ਨੇ, ਖੁਸਰੋ ਦੀ ਸਹਾਇਤਾ ਦਾ ਦੋਸ਼ ਲਾ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਸੀ ਜਿਸ ਦਾ ਜ਼ਿਕਰ ਉਸ ਨੇ ਆਪ 'ਤੁਜ਼ਕਿ-ਜਹਾਂਗੀਰੀ' ਵਿਚ ਕੀਤਾ ਹੈ।

ਵੱਖ-ਵੱਖ ਲੇਖਕਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਦੇ ਹੇਠ ਲਿਖੇ ਕਾਰਨ ਲਿਖੇ ਹਨ :

**ਮੇਜਰ ਸਕਾਟ :** ਗੁਰੂ ਜੀ ਨੇ ਕਾਫ਼ੀ ਗਿਣਤੀ ਵਿਚ ਫ਼ੌਜ-ਨੁਮਾ ਸੇਵਕ ਰੱਖ ਲਏ ਸਨ, ਜਿਨ੍ਹਾਂ ਵਿਚ ਕਈ (ਸਰਕਾਰੀ ਫ਼ੌਜ 'ਚੋਂ) ਨਾਮ-ਕਟੇ ਤੇ ਬਾਗੀ ਵੀ ਸਨ।

**ਚਾਰਲਸ ਗਫ਼ :** ਗੁਰੂ ਅਰਜਨ ਦੇਵ ਵੇਲੇ ਧਰਮ ਅਤੇ ਸਿਆਸਤ ਨੂੰ ਜੋੜਨ ਦੇ ਬੀਜ ਪਾਏ ਗਏ ਤੇ ਉਹ ਹੀ (ਗੁਰੂ) ਹਰਿਗੋਬਿੰਦ ਵੇਲੇ ਵਧੇ ਫੁੱਲੇ। (ਗੁਰੂ) ਹਰਿਗੋਬਿੰਦ ਨੇ ਲੋੜ ਮਹਿਸੂਸ ਕਰਦਿਆਂ ਹੋਇਆਂ ਸਿੱਖਾਂ ਵਿਚ ਜੰਗੀ ਸੁਭਾਅ ਭਰਿਆ। ਇਨ੍ਹਾਂ ਕਰਤੱਵਾਂ ਨੇ ਹੀ ਗ੍ਰਿਫ਼ਤਾਰੀ ਕਰਾਈ ਤੇ ਸ਼ਾਹ ਜਹਾਨ ਦੇ ਰਾਜ ਸਮੇਂ ਜੰਗਾਂ ਹੋਈਆਂ।

**ਸੀ. ਐਚ. ਪੇਨ :** ਗੁਰੂ ਜੀ ਦੇ ਸ਼ਾਹੀ ਠਾਠ ਤੇ ਫ਼ੌਜ ਨੇ ਜਹਾਂਗੀਰ ਨੂੰ ਚੇਤੰਨ ਕੀਤਾ;

ਤੇ ਉਸਨੇ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਜਾਵੇ।

**ਜੇ. ਡੀ. ਕਨਿੰਘਮ :** ਗੁਰੂ ਜੀ ਦਾ ਅਲਬੇਲਾ ਸੁਭਾਅ ਤੇ ਜੰਗੀ ਝੁਕਾਉ ਗ੍ਰਿਫ਼ਤਾਰੀ ਦਾ ਕਾਰਨ ਬਣੇ। ਗੁਰੂ ਜੀ ਕੁਸ਼ਤੀਆਂ ਘੁਲਾਉਂਦੇ ਤੇ ਖੇਡਾਂ ਖਿਡਾਉਂਦੇ, ਕੌਮ ਵਿਚ ਸਾਹਸ ਭਰ ਰਹੇ ਸਨ। ਇਨ੍ਹਾਂ ਹੀ ਝੁਕਾਵਾਂ ਨੇ ਗੁਰੂ ਜੀ ਨੂੰ ਸ਼ਿਕਾਰ ਤੇ ਕੈਂਪ ਦੀ ਜ਼ਿੰਦਗੀ ਬਤੀਤ ਕਰਨ ਲਈ ਪ੍ਰੇਰਿਆ।

**ਸਈਅਦ ਮੁਹੰਮਦ ਲਤੀਫ਼ :** ਗੁਰੂ ਜੀ ਦਾ ਕਿਲ੍ਹਾ ਤੇ ਤਖ਼ਤ ਬਣਾਉਣਾ ਹਕੂਮਤ ਨੂੰ ਸਿੱਧਾ ਸੱਦਾ ਸੀ ਕਿ ਉਹ ਕੋਈ ਕਾਰਵਾਈ ਕਰੇ। ਉਨ੍ਹਾਂ ਦੀ ਸ਼ਾਨ ਤੇ ਸ਼ਾਹੀ ਠਾਠ-ਬਾਠ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਕਾਰਨ ਬਣਿਆ।[20]

**ਡਾ: ਫੌਜਾ ਸਿੰਘ** : The probability is that he was arrested soon after his accession, and that his determination to meet the official challenge and his launching the programme of militarizing the Sikhs constituted the background of government's action."[21]

[ਸੰਭਾਵਨਾ ਇਹ ਹੈ ਕਿ ਉਨ੍ਹਾਂ ਨੂੰ ਗੁਰਗੱਦੀ ਸੰਭਾਲਣ ਦੇ ਮਗਰੋਂ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸਰਕਾਰ ਦੀਆਂ ਵੰਗਾਰਾਂ ਦਾ ਸਾਹਮਣਾ ਕਰਨ ਦੀ ਦ੍ਰਿੜ੍ਹਤਾ ਅਤੇ ਸਿੱਖਾਂ ਨੂੰ ਫ਼ੌਜੀ ਰੂਪ ਦੇਣ ਦੇ ਪ੍ਰੋਗਰਾਮ ਆਰੰਭ ਕਰਨ ਨੂੰ ਸਰਕਾਰ ਦੀ (ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ) ਕਾਰਵਾਈ ਦੇ ਪਿਛੋਕੜ ਵਿਚ ਵੇਖਿਆ ਜਾਣਾ ਚਾਹੀਦਾ ਹੈ।]

ਗਵਾਲੀਅਰ ਦਾ ਕਿਲ੍ਹਾ ਸ਼ਾਹੀ ਕੈਦੀਆਂ ਵਾਸਤੇ ਸੀ ਜਾਂ ਲੰਮੀ ਕੈਦ ਵਾਲੇ ਇਸ ਵਿਚ ਰੱਖੇ ਜਾਂਦੇ ਸਨ। ਕਈ ਤਾਂ ਕਿਲ੍ਹੇ ਵਿਚ ਹੀ ਦਮ ਤੋੜ ਜਾਂਦੇ ਸਨ।

ਇਸ ਬਾਰੇ ਪ੍ਰਸਿੱਧ ਸੀ ਕਿ ਇਸ ਕਿਲ੍ਹੇ ਵਿਚੋਂ ਕੋਈ-ਕੋਈ ਹੀ ਜਿਊਂਦਾ ਬਾਹਰ ਆਉਂਦਾ ਸੀ। ਸਖ਼ਤ ਸੁਰੱਖਿਆ ਵਾਲੇ ਇਸ ਕਿਲ੍ਹੇ ਵਿਚ ਕੈਦੀਆਂ ਨੂੰ ਭਾਰੀ ਤਸੀਹੇ ਦਿੱਤੇ ਜਾਂਦੇ ਸਨ। ਕਈਆਂ ਨੂੰ ਤਾਂ ਅਸਤਬਲ ਵਿਚ ਰੱਖਿਆ ਜਾਂਦਾ ਸੀ; ਭੋਜਨ ਵੀ ਬਹੁਤ ਥੋੜ੍ਹਾ ਦਿੱਤਾ ਜਾਂਦਾ ਸੀ ਤੇ ਰੋਸ਼ਨੀ ਵੀ ਦਿਨ ਵਿਚ ਇਕ ਵਾਰ ਨਸੀਬ ਹੁੰਦੀ ਸੀ। ਜਿਨ੍ਹਾਂ ਨੂੰ ਖ਼ਤਮ ਕਰਨਾ ਹੁੰਦਾ ਸੀ ਉਨ੍ਹਾਂ ਨੂੰ ਹਲਕਾ ਜ਼ਹਿਰ ਦਿੱਤਾ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਉਥੇ ਪੁੱਜੇ ਤਾਂ ਕਿਲ੍ਹੇ ਵਿਚ ਕਈ ਰਾਜਪੂਤ, ਰਜਵਾੜੇ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਰਾਜੇ ਕੈਦ ਸਨ। ਬਹੁਤੇ ਸਿੱਖ ਇਤਿਹਾਸਕਾਰਾਂ ਨੇ ਸਿਆਸੀ ਕੈਦੀਆਂ ਦੀ ਗਿਣਤੀ 52 ਲਿਖੀ ਹੈ, ਪਰ ਭੱਟ ਵਹੀਆਂ ਨੇ 103 ਦਿੱਤੀ ਹੈ। ਡਾ: ਜਸਬੀਰ ਸਿੰਘ (ਬਾਰਾਮੂਲਾ) ਅਨੁਸਾਰ ਇਨ੍ਹਾਂ ਵਿਚ 52 ਲੰਮੀ ਕੈਦ ਵਾਲੇ ਤੇ 51 ਛੋਟੀ ਕੈਦ ਵਾਲੇ ਸਨ।[22]

ਗੁਰੂ ਜੀ ਦੇ ਆਉਣ ਨਾਲ ਇਹ ਮਨਹੂਸ ਕਿਲ੍ਹਾ ਧਰਮ-ਅਸਥਾਨ ਵਿਚ ਬਦਲ ਗਿਆ। ਗੁਰੂ ਜੀ ਆਪ ਤਾਂ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ-ਪਾਣੀ ਕਰਨ ਮਗਰੋਂ ਪ੍ਰਭੂ-ਭਗਤੀ ਵਿਚ ਜੁੜ ਜਾਂਦੇ ਸਨ। ਦਿਨ ਚੜ੍ਹੇ ਸਤਿਸੰਗ ਸ਼ੁਰੂ ਹੁੰਦਾ, ਧਾਰਮਿਕ ਵਿਚਾਰਾਂ ਹੁੰਦੀਆਂ। ਗੁਰੂ ਜੀ ਸਭ ਨੂੰ ਹੌਂਸਲਾ ਰੱਖਣ ਦਾ ਉਪਦੇਸ਼ ਦਿੰਦੇ। ਸ਼ਾਮ ਨੂੰ ਵੀ ਧਾਰਮਿਕ ਇਕੱਤਰਤਾ ਹੁੰਦੀ। ਇਸੇ ਤਰ੍ਹਾਂ ਕਿਲ੍ਹੇ ਦਾ ਵਾਤਾਵਰਣ ਬਦਲ ਗਿਆ ਤੇ ਰਾਜੇ ਵੀ ਚਿੰਤਾ-ਮੁਕਤ ਹੋਣ ਲੱਗੇ।

ਕਿਲ੍ਹੇ ਦਾ ਦਰੋਗਾ ਹਰੀਦਾਸ ਸੀ (ਕਈਆਂ ਨੇ ਹਰੀ ਰਾਮ ਵੀ ਲਿਖਿਆ ਹੈ)। ਗੁਰੂ ਜੀ ਦੀ ਸੰਗਤ ਵਿਚ ਰਹਿਣ ਕਰਕੇ ਉਸ ਦਾ ਜੀਵਨ-ਢੰਗ ਵੀ ਬਦਲ ਗਿਆ ਅਤੇ ਉਹ ਗੁਰੂ ਚਰਨਾਂ ਦਾ ਭੌਰਾ ਬਣ ਗਿਆ। ਉਹ ਗੁਰੂ ਜੀ ਲਈ ਭੋਜਨ ਵੀ ਆਪਣੇ ਘਰੋਂ ਲਿਆਉਣ ਲੱਗ ਪਿਆ।

ਕਿਲ੍ਹੇ ਦੇ ਬਾਹਰ, ਨਗਰ ਵਿਚ, ਗੁਰੂ ਕੇ ਸਿੱਖ ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ, ਭਾਈ ਪਿਰਾਣਾ ਤੇ ਭਾਈ ਰਾਜੂ ਸਿੱਖ ਸੰਗਤਾਂ ਨੂੰ ਜਥੇਬੰਦ ਕਰ ਰਹੇ ਸਨ। ਉਹ ਮਿਹਨਤ ਮਜ਼ੂਰੀ ਕਰਕੇ ਭੋਜਨ ਦਾ ਪ੍ਰਬੰਧ ਕਰਦੇ ਅਤੇ ਦਰੋਗੇ ਦੇ ਰਾਹੀਂ ਕਿਲ੍ਹੇ ਦੇ ਅੰਦਰ ਵੀ ਰਸਦ ਪਹੁੰਚਾਉਂਦੇ।

### *ਪੰਜਾਬ ਦੇ ਹਾਲਾਤ*

ਜਦੋਂ ਸਿੱਖ ਸੰਗਤਾਂ ਨੂੰ ਇਹ ਪਤਾ ਲੱਗਾ ਕਿ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਮੁਲਾਕਾਤ ਦੇ ਬਹਾਨੇ ਬੁਲਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਹੈ ਤਾਂ ਉਨ੍ਹਾਂ ਵਿਚ ਘਬਰਾਹਟ, ਰੋਸ ਤੇ ਗੁੱਸਾ ਫੈਲ ਗਿਆ। ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਨ ਦੇ ਇਰਾਦਿਆਂ ਤੋਂ ਤਾਂ ਸਿੱਖ ਪਹਿਲਾਂ ਹੀ ਜਾਣੂੰ ਸਨ। ਉਹ ਸਾਰੇ ਹਿੰਦੁਸਤਾਨ ਵਿਚ ਕੇਵਲ ਇਕੋ ਧਰਮ, ਇਸਲਾਮ, ਦਾ ਹੀ ਬੋਲਬਾਲਾ ਚਾਹੁੰਦਾ ਸੀ। ਉਹ ਵੀ ਸਮੇਂ-ਸਮੇਂ ਸਿੱਖਾਂ ਨੂੰ ਸਬਕ ਸਿਖਾਉਣ ਦੀਆਂ ਧਮਕੀਆਂ ਦਿੰਦਾ ਰਹਿੰਦਾ ਸੀ। ਸਮਾਂ ਬੀਤਣ ਦੇ ਨਾਲ ਸਿੱਖਾਂ ਵਿਚ ਹੋਰ ਨਿਰਾਸਤਾ ਫੈਲ ਜਾਣ ਦਾ ਡਰ ਸੀ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਸਮਾਂ ਸੰਭਾਲਿਆ ਅਤੇ ਚੌਕੀਆਂ ਦੀ ਮਰਯਾਦਾ ਆਰੰਭ ਕੀਤੀ। ਚੌਕੀਆਂ ਕੀਰਤਨ ਜਥੇ ਦੇ ਰੂਪ ਵਿਚ ਇਕ ਕਿਸਮ ਦਾ ਰੋਸ ਮੁਜ਼ਾਹਿਰਾ ਹੀ ਸਨ। ਬਾਬਾ ਬੁੱਢਾ ਜੀ ਆਪ ਦਰਬਾਰ ਸਾਹਿਬ ਵਿਚ ਸਵੇਰੇ ਅੰਮ੍ਰਿਤ ਵੇਲੇ ਤੇ ਰਾਤ ਨੂੰ ਚੌਕੀ ਕੱਢਦੇ ਸਨ। ਪੰਜਾਬ ਦੇ ਪਿੰਡਾਂ ਵਿਚ ਵੀ ਚੌਕੀਆਂ ਕੱਢੀਆਂ ਜਾਣ ਲੱਗੀਆਂ। ਕੀਰਤਨ ਦੇ ਨਾਲ ਵਾਰਾਂ ਵੀ ਗਾਈਆਂ ਜਾਂਦੀਆਂ। ਸੰਗਤਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰਬੰਦੀ ਦਾ ਜ਼ਿਕਰ ਵੀ ਕੀਤਾ ਜਾਂਦਾ। ਦਿਨ ਵੇਲੇ ਤਾਂ ਪ੍ਰਚਾਰ ਮੁਸ਼ਕਿਲ ਸੀ, ਇਸ ਲਈ ਰਾਤ ਨੂੰ ਚੌਕੀਆਂ ਕੱਢੀਆਂ ਜਾਣ ਲੱਗੀਆਂ। ਰਾਤ ਵੇਲੇ ਸਾਰੇ ਸਿੱਖ ਘਰਾਂ ਵਿਚ ਮਿਲ ਵੀ ਜਾਂਦੇ ਸਨ। ਚੌਕੀਆਂ ਵਿਚ ਇਕ ਸਿੱਖ ਬਲਦੀ ਮਸ਼ਾਲ ਲੈ ਕੇ ਅੱਗੇ-ਅੱਗੇ ਚਲਦਾ, ਉਸਦੇ ਪਿਛੇ ਇਕ ਸਿੱਖ ਹੱਥ ਵਿਚ ਝੰਡਾ ਫੜੀ ਤੁਰਦਾ ਤੇ ਉਸ ਪਿਛੇ ਬਾਕੀ ਜਥਾ ਹੁੰਦਾ। ਪਿੰਡਾਂ ਤੋਂ ਬਾਅਦ, ਚੌਕੀਆਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵਿਚ ਜਾਣ ਲੱਗੀਆਂ। ਇਥੋਂ ਤੱਕ ਕਿ ਸਿੱਖ ਚੌਕੀਆਂ/ਜਥਿਆਂ ਦੇ ਰੂਪ ਵਿਚ ਗਵਾਲੀਅਰ ਤੱਕ ਜਾਣ ਲੱਗੇ। ਮੁਹਸਿਨ ਫ਼ਾਨੀ ਦੇ ਲਿਖਣ ਅਨੁਸਾਰ 'ਸਿੱਖ ਅਤੇ ਮਸੰਦ (ਆਗੂ) ਗਵਾਲੀਅਰ ਜਾਂਦੇ, ਕਿਲ੍ਹੇ ਦੀਆਂ ਦੀਵਾਰਾਂ ਨੂੰ ਛੂੰਹਦੇ ਜਾਂ ਸਿਰ ਨਿਵਾਉਂਦੇ ਰਹੇ।' ਉਨ੍ਹਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਜਾਂਦੀ।

ਦਰ-ਆਂ-ਹੰਗਾਮਿ ਮਸੰਦਾਂ ਵ ਸਿਖਾਂ ਮੀ ਰਫਤਦੰ
ਵ ਦੀਵਾਰਿ ਕਿਲਾਅ ਰਾ-ਸਜਦਾ ਸੀ ਕਰਦੰਦੰ।

*(ਦਬਸਤਾਨਿ-ਮਜ਼ਾਹਿਬ)*

***ਚੰਦੂ ਦੀਆਂ ਸਾਜ਼ਿਸ਼ਾਂ***

ਚੰਦੂ ਨੂੰ ਇਹ ਡਰ ਸੀ ਕਿ ਗੁਰੂ ਜੀ ਦੀ ਰਿਹਾਈ ਤੋਂ ਬਾਅਦ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਜ਼ਰੂਰ ਮਿਲੇਗੀ। ਇਸ ਲਈ ਉਸ ਨੇ ਅਜਿਹੀਆਂ ਕਰਤੂਤਾਂ ਕੀਤੀਆਂ ਕਿ ਗੁਰੂ ਸਾਹਿਬ ਨੂੰ ਚੁੱਪ-ਚੁਪੀਤੇ ਕਿਲ੍ਹੇ ਵਿਚ ਹੀ ਖ਼ਤਮ ਕਰ ਦਿੱਤਾ ਜਾਵੇ। ਉਸ ਨੇ ਆਪਣੇ ਇਕ ਵਿਸ਼ਵਾਸਪਾਤਰ ਰਾਹੀਂ ਕਿਲ੍ਹੇ ਦੇ ਦਰੋਗੇ ਹਰੀਦਾਸ ਤੱਕ ਜ਼ਹਿਰ ਭਿਜਵਾਇਆ ਤੇ ਨਾਲ ਚਿੱਠੀ ਲਿਖ ਭੇਜੀ ਕਿ ਜ਼ਹਿਰ ਭੋਜਨ ਵਿਚ ਰਲਾ ਕੇ ਗੁਰੂ ਜੀ ਨੂੰ ਦਿੱਤਾ ਜਾਂਦਾ ਰਹੇ। ਦਰੋਗੇ ਨੂੰ ਮੂੰਹ ਮੰਗਿਆ ਇਨਾਮ ਦੇਣ ਦਾ ਬਚਨ ਵੀ ਦਿੱਤਾ :

**ਹਰਿਦਾਸ ਓਰ ਪਾਤੀ ਲਿਖੀ, ਚੰਦੂ ਰਿਸ਼ਵਤ ਭਾਖ।**
**ਪਾਂਚ ਸਹਸ ਤੁਹਿ ਦੇਹਿ ਹੌ, ਗੁਰੂ ਜ਼ਹਿਰ ਮੈ ਰਾਖ।**[23]

ਦਰੋਗੇ ਹਰੀਦਾਸ ਨੇ ਚੰਦੂ ਦੀ ਚਿੱਠੀ ਗੁਰੂ ਜੀ ਨੂੰ ਦੇ ਦਿੱਤੀ ਅਤੇ ਉਹ ਗੁਰੂ ਜੀ ਦੀ ਸੁਰੱਖਿਆ ਬਾਰੇ ਹੋਰ ਚੌਕੰਨਾ ਹੋ ਗਿਆ।

ਗਵਾਲੀਅਰ ਤੋਂ ਕਿਸੇ ਅਣਸੁਖਾਵੀਂ ਘਟਨਾ ਦੀ ਖ਼ਬਰ ਨਾ ਆਉਣ ਤੇ ਚੰਦੂ ਨੇ ਸੋਚਿਆ ਸ਼ਾਇਦ ਜ਼ਹਿਰ ਭੋਜਨ ਵਿਚ ਦਿੱਤੀ ਨਾ ਜਾ ਸਕੀ ਹੋਵੇ। ਇਸ ਲਈ ਉਸ ਨੇ ਇਕ ਸੁੰਦਰ ਚੋਲਾ ਬਣਵਾਇਆ, ਜਿਸ ਨੂੰ ਜ਼ਹਿਰ ਇਸ ਤਰ੍ਹਾਂ ਲਗਾਈ ਗਈ ਸੀ ਕਿ ਪਹਿਨਦਿਆਂ ਹੀ ਜ਼ਹਿਰ ਆਪਣਾ ਅਸਰ ਕਰਨਾ ਆਰੰਭ ਕਰ ਦੇਵੇ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਅਨੁਸਾਰ ਚੰਦੂ ਦਾ ਪੁੱਤਰ ਧਰਮ ਚੰਦ ਇਹ ਚੋਲਾ ਲੈ ਕੇ ਗਵਾਲੀਅਰ ਆਇਆ।[24] ਲਾਲਚ ਦਿੱਤੇ ਤੇ ਜਹਾਂਗੀਰ ਦੀ ਸਹਿਮਤੀ ਵੀ ਦੱਸੀ। ਹਰੀ ਦਾਸ ਨੇ ਚੋਲਾ ਲੈ ਕੇ ਆਪਣੇ ਪਾਸ ਰੱਖ ਲਿਆ ਤੇ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਤੇ ਸੁਚੇਤ ਹੋਣ ਲਈ ਕਿਹਾ। ਗੁਰੂ ਜੀ ਪਹਿਲਾਂ ਹੀ ਸੁਚੇਤ ਸਨ, ਪਰ ਇਸ ਘਟਨਾ ਮਗਰੋਂ ਵਧੇਰੇ ਧਿਆਨ ਰੱਖਣ ਲੱਗ ਪਏ।

***ਰਿਹਾਈ***

ਜਹਾਂਗੀਰ ਜੁਆਨੀ ਤੋਂ ਹੀ ਸ਼ਰਾਬ ਪੀਣ ਦਾ ਆਦੀ ਸੀ। ਉਮਰ ਵਧਣ ਦੇ ਨਾਲ ਉਸ ਦੀ ਇਹ ਆਦਤ ਹੋਰ ਵਧਦੀ ਗਈ। ਸੰਨ 1611 ਵਿਚ ਉਸ ਨੇ ਨੂਰਜਹਾਂ ਨਾਲ ਸ਼ਾਦੀ ਕੀਤੀ, ਭਾਵੇਂ ਕਿ ਉਸ ਨਾਲ ਪ੍ਰੇਮ ਸੰਬੰਧ ਪਹਿਲਾਂ ਤੋਂ ਹੀ ਸਨ। ਵਿਆਹ ਤੋਂ ਬਾਅਦ ਉਹ ਨੂਰਜਹਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ। ਰਾਜ-ਕਾਜ ਵੀ ਨੂਰਜਹਾਂ ਦੇ ਹੱਥ ਆ ਗਿਆ। ਜਹਾਂਗੀਰ ਆਪ ਲਿਖਦਾ ਹੈ—"ਨੂਰਜਹਾਂ ਦੇ ਹੱਥੋਂ ਇਕ ਪਿਆਲੇ ਬਦਲੇ ਮੈਂ ਸਾਰਾ ਰਾਜ ਦੇ ਦਿੱਤਾ ਹੈ।" ਹੱਦੋਂ ਵੱਧ ਪੀਣ ਕਰਕੇ ਉਹ ਸਖ਼ਤ ਬਿਮਾਰ ਹੋ ਗਿਆ, ਇਲਾਜ ਦਾ ਕੋਈ ਫ਼ਰਕ ਹੀ ਨਾ ਪਵੇ। ਪੀਰਾਂ-ਫ਼ਕੀਰਾਂ ਦੀ ਸ਼ਰਨ ਲੈਣੀ ਸ਼ੁਰੂ ਕੀਤੀ। ਨੂਰਜਹਾਂ ਸਾਈਂ ਮੀਆਂ ਮੀਰ ਜੀ ਦੀ ਸ਼ਰਧਾਲੂ ਸੀ, ਉਨ੍ਹਾਂ ਤੱਕ ਪਹੁੰਚ ਕੀਤੀ ਗਈ। ਨਿਜ਼ਾਮੁੱਦੀਨ ਔਲੀਆ ਅਤੇ ਫਕੀਰ ਫਖ਼ਰੁੱਦੀਨ ਆਦਿ ਨੂੰ ਵੀ ਦੁਆ (ਪ੍ਰਭੂ ਅੱਗੇ ਅਰਦਾਸ) ਕਰਨ ਦੀ ਬੇਨਤੀ ਕੀਤੀ ਗਈ। ਇਨ੍ਹਾਂ ਸਭ ਨੇ ਬਿਮਾਰੀ ਦਾ ਕਾਰਨ ਪ੍ਰਭੂ ਦੇ ਪਿਆਰੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦ ਕਰਨਾ ਤੇ ਦੁੱਖ ਦੇਣਾ ਦੱਸਿਆ। ਨੂਰਜਹਾਂ ਨੇ ਸਾਈਂ ਮੀਆਂ ਮੀਰ ਜੀ ਨੂੰ ਬੇਨਤੀ ਕੀਤੀ ਕਿ ਉਹ ਜਹਾਂਗੀਰ ਨੂੰ ਸਮਝਾਉਣ, ਕਿਉਂਕਿ ਵਜ਼ੀਰ ਖ਼ਾਨ ਨੇ ਵੀ ਨੂਰਜਹਾਂ ਨੂੰ ਕਿਹਾ ਸੀ ਕਿ ਮੁਰਤਜ਼ਾ ਖ਼ਾਨ ਦੇ ਜ਼ੁਲਮਾਂ ਕਰਕੇ ਅਤੇ ਛੇਵੇਂ ਗੁਰੂ ਜੀ ਦੀ

ਨਜ਼ਰਬੰਦੀ ਕਰਕੇ ਪੰਜਾਬ ਵਿਚ ਹਾਲਾਤ ਖ਼ਰਾਬ ਹੋ ਰਹੇ ਹਨ ਅਤੇ ਪੰਜਾਬ ਅਰਾਜਕਤਾ ਵੱਲ ਵਧ ਰਿਹਾ ਹੈ। ਜਹਾਂਗੀਰ ਉਂਝ ਵੀ ਵਹਿਮੀ ਕਿਸਮ ਦਾ ਬੰਦਾ ਸੀ। ਫ਼ਕੀਰਾਂ ਦੇ ਕਹਿਣ ਤੇ ਉਹ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੱਡਣਾ ਮੰਨ ਗਿਆ; ਉਸਨੇ ਰਿਹਾਈ ਦਾ ਹੁਕਮ ਦੇ ਦਿੱਤਾ। ਇਸ ਬਾਰੇ ਮੁਹਸਿਨ ਫ਼ਾਨੀ ਲਿਖਦਾ ਹੈ : **ਆਖ਼ਿਰ ਹਜ਼ਰਤ ਜੰਨਤ ਮਕਾਨੀ, ਅਜ਼ ਰਾਹਿ ਸ਼ਫ਼ਕਤ ਗੁਰੂ ਰਾ ਰਿਹਾ ਦਾਦ।**

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਮੁਹਸਿਨ ਫ਼ਾਨੀ ਦੀ ਇਸ ਲਿਖਤ ਨਾਲ ਹੀ ਉਸ ਦੀ ਆਪਣੀ ਪਹਿਲੀ ਗੱਲ ਕਿ ਗੁਰੂ ਜੀ ਬਾਰਾਂ ਸਾਲ ਗਵਾਲੀਅਰ ਰਹੇ, ਨਿਰਮੂਲ (ਝੂਠ/ਰੱਦ) ਹੋ ਜਾਂਦੀ ਹੈ।[25]

### *ਬੰਦੀਛੋੜ ਦਾਤਾ*

ਬੰਦੀ (ਜੇਲ੍ਹ) ਵਿਚ ਪਏ ਹੋਏ ਰਾਜਿਆਂ ਨੇ ਸਤਿਗੁਰਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਵੀ ਜੇਲ੍ਹ ਦੇ ਨਰਕੀ-ਜੀਵਨ ਤੋਂ ਮੁਕਤ ਕਰਾਉਣ ਦੀ ਕਿਰਪਾਲਤਾ ਕਰਨ। ਬਹੁਤੇ ਰਾਜੇ ਤਾਂ ਬੇਕਸੂਰ ਹੀ ਜੇਲ੍ਹ ਵਿਚ ਡੱਕੇ ਹੋਏ ਹਨ; ਉਂਝ ਵੀ ਸਾਰੇ ਗੁਰੂ ਜੀ ਦੇ ਸ਼ਰਧਾਲੂ ਅਤੇ ਸੱਚ ਦੇ ਧਾਰਨੀ ਬਣ ਚੁੱਕੇ ਸਨ। ਗੁਰੂ ਜੀ ਨੇ ਵਜ਼ੀਰ ਖ਼ਾਨ ਰਾਹੀਂ ਜਹਾਂਗੀਰ ਨੂੰ ਸੁਨੇਹਾ ਭਿਜਵਾਇਆ ਕਿ ਉਹ ਤਾਂ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ, ਜੇ ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ ਜਾਏ। ਜਹਾਂਗੀਰ ਨੇ ਹੁਕਮ ਦਿੱਤਾ ਕਿ ਛੋਟੀਆਂ ਕੈਦਾਂ ਵਾਲੇ ਸਾਰੇ (51) ਰਾਜੇ ਰਿਹਾਅ ਕਰ ਦਿਤੇ ਜਾਣ ਤੇ ਵੱਡੀਆਂ ਕੈਦਾਂ ਵਾਲੇ ਜਿੰਨੇ ਗੁਰੂ ਜੀ ਦਾ ਕੁੜਤਾ ਫੜ ਸਕਣ, ਰਿਹਾ ਕਰ ਦਿੱਤੇ ਜਾਣ। ਗੁਰੂ ਜੀ ਨੇ 52 ਕਲੀਆਂ (ਤਣੀਆਂ) ਵਾਲਾ ਕੁੜਤਾ ਸਿਲਵਾਇਆ। ਇਕ-ਇਕ ਤਣੀ ਨੂੰ ਫੜ ਕੇ 52 ਰਾਜੇ ਕਿਲ੍ਹੇ ਤੋਂ ਬਾਹਰ ਆ ਗਏ। ਇਸ ਤਰ੍ਹਾਂ ਕੁੱਲ 103 ਰਾਜੇ ਬੰਧਨ-ਮੁਕਤ ਹੋ ਗਏ।[26] ਰਾਜਿਆਂ ਦੀ ਰਿਹਾਈ ਕਰਵਾਉਣ ਕਾਰਨ ਗੁਰੂ ਜੀ ਨੂੰ 'ਬੰਦੀ ਛੋੜ ਦਾਤਾ' ਕਿਹਾ ਜਾਣ ਲੱਗਾ। ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ ਦੋ, ਸਵਾ ਦੋ ਸਾਲ ਦਾ ਹੀ ਸੰਭਵ ਹੈ।

ਰਿਹਾਈ ਦੀ ਖੁਸ਼ੀ ਵਿਚ ਦਰੋਗੇ ਹਰੀਦਾਸ ਨੇ ਸਾਰੇ ਘਰ ਵਿਚ ਦੀਪਮਾਲਾ ਕੀਤੀ। ਗੁਰੂ ਜੀ ਉਸ ਦੇ ਘਰ ਇਕ ਦਿਨ ਰਹੇ ਤੇ ਫਿਰ ਗਵਾਲੀਅਰ ਛੱਡ ਕੇ ਆਗਰੇ ਆ ਗਏ। ਉਥੋਂ ਪੰਜਾਬ ਆਏ।

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਹਾਂਗੀਰ ਨੇ ਤੁਜ਼ਕ-ਇ-ਜਹਾਂਗੀਰੀ ਵਿਚ ਗੁਰੂ ਸਾਹਿਬ ਦੀ ਨਜ਼ਰਬੰਦੀ ਜਾਂ ਰਿਹਾਈ ਦਾ ਕੋਈ ਜ਼ਿਕਰ ਨਹੀਂ ਕੀਤਾ।

### *ਗੁਰੂ ਹਰਿਗੋਬਿੰਦ ਸਾਹਿਬ ਦਾ ਪਰਿਵਾਰ*

ਸਿੱਖ ਇਤਿਹਾਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਤੋਂ ਵਧੀਕ ਵਿਆਹ ਲਿਖੇ ਮਿਲਦੇ ਹਨ। ਪੁਰਾਣੇ ਲਗਪਗ ਸਾਰੇ ਗ੍ਰੰਥਾਂ ਅਤੇ 20ਵੀਂ ਸਦੀ ਤੱਕ ਦੇ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਹੇਠ ਲਿਖੇ ਵਿਆਹ ਮੰਨੇ ਹਨ :

(1) ਡੱਲਾ ਨਿਵਾਸੀ ਸ੍ਰੀ ਨਾਰਾਇਣ ਦਾਸ ਦੀ ਸਪੁੱਤਰੀ **ਦਮੋਦਰੀ ਜੀ** ਨਾਲ 12

ਭਾਦੋਂ, ਸੰਮਤ 1661 (ਸੰਨ 1604) ਨੂੰ।

(2) ਬਟਾਲਾ ਨਿਵਾਸੀ, ਸ੍ਰੀ ਹਰੀਚੰਦ ਦੀ ਸਪੁੱਤਰੀ **ਨਾਨਕੀ ਜੀ** ਨਾਲ 8 ਵੈਸਾਖ, ਸੰਮਤ 1670 (ਮੁਤਾਬਿਕ 20 ਅਪ੍ਰੈਲ ਸੰਨ 1613) ਨੂੰ।

(3) ਮੰਡਿਆਲੀ ਨਿਵਾਸੀ ਸ੍ਰੀ ਦਯਾ ਰਾਮ ਜੀ ਦੀ ਸਪੁੱਤਰੀ **ਮਹਾਂਦੇਵੀ** ਜੀ ਨਾਲ 11 ਸਾਉਣ, ਸੰਮਤ 1672 (ਮੁਤਾਬਿਕ 26 ਜੁਲਾਈ) ਸੰਨ 1615) ਨੂੰ।

**'ਭੱਟ ਵਹੀਆਂ'** ਨੇ (ਗੁਰੂ ਜੀ ਦੇ ਜੀਵਨ ਨਾਲ ਸੰਬੰਧਿਤ ਹੋਰ ਤ੍ਰੀਕਾਂ ਦੀ ਤਰ੍ਹਾਂ) ਉਪ੍ਰੋਕਤ ਵਿਆਹਾਂ ਦੀਆਂ ਮਿਤੀਆਂ ਵੀ ਵੱਖਰੀਆਂ ਦਿੱਤੀਆਂ ਹਨ, ਜੋ ਕ੍ਰਮ ਅਨੁਸਾਰ 15 ਫ਼ਰਵਰੀ, 1605, 28 ਮਾਰਚ, 1620 ਅਤੇ 20 ਜੁਲਾਈ 1620 ਹਨ।[27]

ਸਾਢੇ ਤਿੰਨ ਮਹੀਨਿਆਂ ਵਿਚ ਮਗਰਲੇ ਦੋ ਵਿਆਹਾਂ ਦਾ ਹੋ ਜਾਣਾ ਸੰਭਵ ਨਹੀਂ ਜਾਪਦਾ।

**ਸੰਤਾਨ** : ਗੁਰੂ ਜੀ ਦੇ ਇਨ੍ਹਾਂ ਮਹਿਲਾਂ (ਪਤਨੀਆਂ) ਦੀ ਸੰਤਾਨ ਹੇਠ ਲਿਖੇ ਅਨੁਸਾਰ ਹੈ :

(i) **ਸ੍ਰੀ ਦਮੋਦਰੀ ਜੀ** : 1. ਬਾਬਾ ਗੁਰਦਿੱਤਾ (ਸੰਨ 1613), 2. ਬੀਬੀ ਵੀਰੋ (ਸੰਨ 1615), 3. ਬਾਬਾ ਅਣੀ ਰਾਇ (ਸੰਨ 1618)

(ii) **ਸ੍ਰੀ ਨਾਨਕੀ ਜੀ** : 1. ਬਾਬਾ ਅਟਲ ਰਾਇ ਜੀ (ਸੰਨ 1619), 2. ਗੁਰੂ ਤੇਗ ਬਹਾਦਰ ਜੀ (ਸੰਨ 1621)

(iii) **ਸ੍ਰੀ ਮਹਾਂਦੇਵੀ ਜੀ** : 1. ਬਾਬਾ ਸੂਰਜ ਮੱਲ (ਸੰਨ 1617)

ਭੱਟ ਵਹੀਆਂ ਅਨੁਸਾਰ ਬਾਬਾ ਗੁਰਦਿੱਤਾ ਜੀ ਦਾ ਜਨਮ 1608 ਈ: ਅਤੇ ਬੀਬੀ ਵੀਰੋ ਜੀ ਦਾ ਜਨਮ 1626 ਈ: ਵਿਚ ਹੋਇਆ। ਇਸੇ ਤਰ੍ਹਾਂ ਬਾਕੀ ਬੱਚਿਆਂ ਦੀਆਂ ਜਨਮ ਤ੍ਰੀਕਾਂ ਵੀ ਹੋਰਨਾਂ ਸਰੋਤਾਂ ਤੋਂ ਵੱਖ ਹਨ।

ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵਿਆਹਾਂ ਬਾਰੇ ਪੰਥਕ ਤੌਰ 'ਤੇ ਕੋਈ ਨਿਰਣਾ ਹੋਣਾ ਚਾਹੀਦਾ ਹੈ ਤਾਂ ਕਿ ਸੰਗਤਾਂ ਕਿਸੇ ਪ੍ਰਕਾਰ ਦੇ ਭੰਬਲਭੂਸੇ (Confusion) ਵਿਚ ਨਾ ਪੈਣ। ਇਸ ਦੇ ਨਾਲ ਹੀ 'ਭੱਟ ਵਹੀਆਂ' ਦੀ ਪ੍ਰਮਾਣਿਕਤਾ ਬਾਰੇ ਵੀ ਫ਼ੈਸਲਾ ਹੋਣਾ ਚਾਹੀਦਾ ਹੈ। ਅੱਜ ਦੇ ਬਹੁਤੇ ਇਤਿਹਾਸਕਾਰ/ ਵਿਦਵਾਨ ਭੱਟ ਵਹੀਆਂ ਨੂੰ ਸੌ ਪ੍ਰਤੀਸ਼ਤ ਠੀਕ ਮੰਨ ਕੇ ਅੱਗੇ ਤੁਰਦੇ ਹਨ ਪਰ ਉਹ ਇਨ੍ਹਾਂ ਭੱਟ ਵਹੀਆਂ ਵਿਚਲੇ ਬ੍ਰਾਹਮਣੀ ਅੰਸ਼ਾਂ ਵੱਲ ਧਿਆਨ ਨਹੀਂ ਦਿੰਦੇ।

# ਮੁੜ ਪੰਜਾਬ ਵਿਚ

ਗੁਰੂ ਜੀ ਆਗਰੇ ਤੋਂ ਚੱਲ ਦਿੱਲੀ ਆਏ। ਉਥੇ ਕੁਝ ਦਿਨ ਠਹਿਰੇ ਅਤੇ ਫਿਰ ਡਰੋਲੀ ਹੁੰਦੇ ਹੋਏ ਅਕਤੂਬਰ, 1612 ਵਿਚ ਅੰਮ੍ਰਿਤਸਰ ਆ ਗਏ। ਸਿੱਖ ਸੰਗਤਾਂ ਲਈ ਇਹ ਅਥਾਹ ਖ਼ੁਸ਼ੀ ਵਾਲਾ ਅਵਸਰ ਸੀ। ਇਸ ਲਈ ਸਾਰੇ ਸ਼ਹਿਰ ਵਿਚ ਦੀਪਮਾਲਾ ਕੀਤੀ ਗਈ।

ਗੁਰੂ ਹਰਿਗੋਬਿੰਦ ਸਾਹਿਬ ਦੇ ਨਾਲ ਜਹਾਂਗੀਰ ਨੂੰ ਰਾਜੇ ਵੀ ਰਿਹਾ ਕਰਨੇ ਪਏ ਸਨ। ਇਸ ਨਾਲ ਸਿੱਖ-ਲਹਿਰ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਸਿੱਧ ਹੋਈ ਅਤੇ ਗੁਰੂ ਸਾਹਿਬ ਦਾ ਤੇਜ-ਪ੍ਰਤਾਪ ਵਧਿਆ, ਲੋਕਾਂ ਦੇ ਮਨਾਂ ਵਿਚੋਂ ਸਰਕਾਰ ਦਾ ਡਰ ਵੀ ਘਟਿਆ। ਪਹਾੜੀ ਰਿਆਸਤਾਂ ਦੇ ਰਾਜਸੀ-ਘਰਾਣਿਆਂ ਵਿਚ ਘਬਰਾਹਟ ਖ਼ਤਮ ਹੋਈ ਅਤੇ ਜੇ ਕਿਤੇ ਬਗਾਵਤ ਦਾ ਮਾੜਾ-ਮੋਟਾ ਅੰਸ਼ ਸੀ, ਉਹ ਵੀ ਸਮਾਪਤ ਹੋਇਆ।

### *ਸਿੱਖ ਸੰਗਤਾਂ ਮੁੜ ਸਰਗਰਮ*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਆਉਣ ਨਾਲ ਉਹ ਫਿਰ ਸਾਰੇ ਕਾਰਜ ਆਰੰਭ ਹੋ ਗਏ, ਜਿਨ੍ਹਾਂ ਨੂੰ ਬਹਾਨਾ ਬਣਾ ਕੇ ਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਪੁੱਜਣ ਲੱਗੀਆਂ। ਬਦਲੇ ਹੋਏ ਹਾਲਾਤ ਵਿਚ ਸਰਕਾਰ ਵਲੋਂ ਕਿਸੇ ਖ਼ਤਰੇ ਦਾ ਡਰ ਨਹੀਂ ਸੀ। ਗੁਰੂ ਜੀ ਨੇ ਸਾਰਾ ਧਿਆਨ ਸਿੱਖ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਧਰਮ-ਪ੍ਰਚਾਰ ਕਰਨ ਵੱਲ ਲਾਉਣ ਦਾ ਮਨ ਬਣਾ ਲਿਆ।

ਅੰਮ੍ਰਿਤਸਰ ਵਿਚ ਪੁੱਜ ਰਹੇ ਸਿੱਖ ਗੱਭਰੂਆਂ ਨੂੰ ਸਿੱਖ ਫ਼ੌਜ ਦੇ ਰੂਪ ਵਿਚ ਜਥੇਬੰਦ ਕੀਤਾ ਗਿਆ। ਘੋੜ ਸਵਾਰੀ, ਨੇਜ਼ਾ-ਬਾਜ਼ੀ ਤੇ ਸ਼ਸਤਰ ਅਭਿਆਸ ਦਾ ਕੰਮ ਜ਼ੋਰ-ਸ਼ੋਰ ਨਾਲ ਹੋਣ ਲੱਗਾ। ਗੁਰੂ ਜੀ ਅਤੇ ਸਿੱਖ ਸ਼ਿਕਾਰ ਲਈ ਨਿਕਲਦੇ, ਨਗਾਰਾ ਵੱਜਦਾ, ਨੌਜੁਆਨਾਂ ਦੇ ਡੌਲੇ ਜੋਸ਼ ਨਾਲ ਫਰਕਣ ਲੱਗਦੇ। ਅਕਾਲ ਤਖ਼ਤ ਸਾਹਿਬ 'ਤੇ ਦੀਵਾਨ ਸਜਦਾ, ਗੁਰੂ ਜੀ ਸੰਗਤਾਂ ਨੂੰ ਨਾਮ-ਦਾਨ ਬਖ਼ਸ਼ਦੇ ਅਤੇ ਹਰ ਤਰ੍ਹਾਂ ਦੇ ਡਰ ਨੂੰ ਮਨਾਂ ਵਿਚੋਂ ਕੱਢ ਦੇਣ ਦਾ ਉਪਦੇਸ਼ ਦਿੰਦੇ।

ਸ੍ਰੀ ਅਕਾਲ ਤਖ਼ਤ ਦੇ ਕੋਲ ਇਕ ਖੂਹ ਅਤੇ ਬਾਗ ਲਗਵਾਇਆ ਗਿਆ।

ਲਾਹੌਰ ਤੋਂ ਸੰਗਤਾਂ ਨੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਗੁਰੂ ਜੀ ਆਪ ਵੀ ਲਾਹੌਰ ਜਾਣਾ ਚਾਹੁੰਦੇ ਸਨ। ਆਪ ਦਾ ਇਰਾਦਾ ਸਿੱਖ ਸੰਗਤਾਂ ਵਿਚ ਉਤਸ਼ਾਹ ਭਰਨ ਦੇ ਨਾਲ ਸਾਈਂ ਮੀਆਂ ਮੀਰ ਜੀ ਨੂੰ ਮਿਲਣ ਦਾ ਵੀ ਸੀ। ਸਾਈਂ ਜੀ ਨੇ ਗੁਰੂ ਜੀ ਦੀ ਰਿਹਾਈ ਲਈ ਸਭ ਤੋਂ ਵੱਧ ਯਤਨ ਕੀਤੇ ਸਨ; ਪੰਚਮ ਪਾਤਸ਼ਾਹ ਦੀ ਸ਼ਹੀਦੀ ਵੇਲੇ ਵੀ, ਸਾਈਂ ਜੀ ਨੇ ਸ਼ਹੀਦੀ ਨੂੰ ਟਲਵਾਉਣ ਦੇ ਯਤਨ ਕੀਤੇ ਸਨ, ਪਰ ਉਹ ਸਫ਼ਲ ਨਹੀਂ ਸਨ ਹੋ ਸਕੇ।

ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ ਆਦਿਕ ਪ੍ਰਸਿੱਧ ਸਿੱਖਾਂ ਸਮੇਤ ਗੁਰੂ ਜੀ ਲਾਹੌਰ ਪੁੱਜੇ। ਲਾਹੌਰ ਦਾ ਹਾਕਮ ਭਾਵੇਂ ਮੁਰਤਜ਼ਾ ਖ਼ਾਨ ਹੀ ਸੀ, ਪਰ ਜਹਾਂਗੀਰ ਤੇ ਗੁਰੂ ਜੀ ਵਿਚਕਾਰ ਸੁਖਾਵੇਂ ਸੰਬੰਧਾਂ ਕਾਰਨ ਉਹ ਕੁਝ ਕਰ ਨਹੀਂ ਸੀ ਸਕਦਾ।

ਲਾਹੌਰ ਪੁੱਜ ਕੇ ਗੁਰੂ ਜੀ ਨੇ ਮੁਜੰਗ ਮੁਹੱਲੇ ਜਾ ਕੇ ਨਿਵਾਸ ਕੀਤਾ। ਲਾਹੌਰ ਅਤੇ

ਲਾਹੌਰ ਦੇ ਨੇੜੇ-ਤੇੜੇ ਦੇ ਇਲਾਕਿਆਂ ਤੋਂ ਸਿੱਖ ਸੰਗਤਾਂ ਦਰਸ਼ਨਾਂ ਲਈ ਉੱਮੜ ਪਈਆਂ। ਅਨੇਕਾਂ ਧਾਰਮਿਕ ਵਿਅਕਤੀ ਅਧਿਆਤਮਿਕ ਵਿਚਾਰਾਂ ਕਰਨ ਲਈ ਆਏ; ਜਿਨ੍ਹਾਂ ਵਿਚ ਸੂਫ਼ੀ ਫ਼ਕੀਰ, ਵੈਰਾਗੀ ਤੇ ਯੋਗੀ ਆਦਿ ਸਭ ਸ਼ਾਮਿਲ ਸਨ।

ਸਾਈਂ ਮੀਆਂ ਮੀਰ ਜੀ ਦੇ, ਬਾਬਾ ਤਾਲਿਬ ਦੇ ਡੇਰੇ, ਸਤਿਗੁਰੂ ਜੀ ਆਪ ਗਏ। ਉਨ੍ਹਾਂ ਨੇ ਆਪ ਦਾ ਸਵਾਗਤ ਕੀਤਾ ਅਤੇ ਪ੍ਰਭੂ ਦੇ ਦਰ ਦੀਆਂ ਬਾਤਾਂ ਕੀਤੀਆਂ। ਗਵਾਲੀਅਰ ਦੀ ਨਜ਼ਰਬੰਦੀ ਤੋਂ ਰਿਹਾਈ ਲਈ ਕੀਤੇ ਯਤਨਾਂ ਲਈ ਸਾਈਂ ਜੀ ਦਾ ਧੰਨਵਾਦ ਕੀਤਾ।

ਡੱਬੀ ਬਾਜ਼ਾਰ ਵਿਚਲੀ ਬਾਉਲੀ ਦੀ ਉਸਾਰੀ ਦੇ ਅਧੂਰੇ ਕਾਰਜ ਨੂੰ ਅੱਗੇ ਤੋਰਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਲੇ ਥਾਂ ਤੇ ਯਾਦਗਾਰ ਕਾਇਮ ਕਰਨ ਦਾ ਪ੍ਰੋਗਰਾਮ ਬਣਾਇਆ; ਪੱਟੀ ਦੇ ਭਾਈ ਲੰਗਾਹ ਨੂੰ ਇਹ ਕੰਮ ਸੌਂਪਿਆ ਗਿਆ।

### *ਚੰਦੂ ਦੀ ਮੌਤ*

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਰੁਹੇਲੇ ਦਾ ਵਸਨੀਕ ਚੰਦੂ (ਚੰਦੂ ਸ਼ਾਹ) ਲਾਹੌਰ ਵਿਖੇ ਕੋਈ ਛੋਟਾ-ਮੋਟਾ ਅਧਿਕਾਰੀ ਸੀ। ਉਸ ਕੋਲ ਕੋਈ ਵਿਸ਼ੇਸ਼ ਅਹੁਦਾ ਨਹੀਂ ਸੀ। ਜੇ ਹੁੰਦਾ, ਤਾਂ ਉਸਦਾ ਜ਼ਿਕਰ ਤੁਜ਼ਕਿ-ਜਹਾਂਗੀਰੀ ਜਾਂ ਫ਼ਾਰਸੀ ਦੀਆਂ ਲਿਖਤਾਂ ਜਾਂ ਸਰਕਾਰੀ ਰਿਕਾਰਡ ਵਿਚ ਕਿਧਰੇ ਨਾ ਕਿਧਰੇ ਜ਼ਰੂਰ ਹੁੰਦਾ। ਪਰ, ਐਸਾ ਜ਼ਿਕਰ ਹੈ ਨਹੀਂ। ਦਿੱਲੀ ਦਰਬਾਰ ਵਿਚ ਉਸ ਦਾ ਖ਼ਜ਼ਾਨਾ ਮੰਤਰੀ ਜਾਂ ਦੀਵਾਨ ਹੋਣਾ ਕਾਲਪਨਿਕ ਗੱਲ ਹੀ ਹੈ। ਧਰਮ, ਅਣਖ ਤੇ ਸਵੈ-ਮਾਣ ਨੂੰ ਇਕ ਪਾਸੇ ਰੱਖ, ਹੋਰਨਾਂ ਖੱਤਰੀਆਂ ਦੀ ਤਰ੍ਹਾਂ ਇਸ ਨੇ ਵੀ ਸਰਕਾਰੀ ਮੁਲਾਜ਼ਮਤ ਹਾਸਿਲ ਕੀਤੀ ਹੋਈ ਸੀ। ਇਸ ਮਾਮੂਲੀ ਅਹੁਦੇ ਦਾ ਵੀ ਉਸ ਨੂੰ ਬਹੁਤ ਹੰਕਾਰ ਸੀ। ਏਸੇ ਲਈ, ਗੁਰੂ ਅਰਜਨ ਦੇਵ ਜੀ ਵਲੋਂ, ਉਸ ਦੀ ਧੀ ਦੇ ਰਿਸ਼ਤੇ ਨੂੰ (ਗੁਰੂ) ਹਰਿਗੋਬਿੰਦ ਜੀ ਲਈ ਅਪ੍ਰਵਾਨ ਕਰਨ ਤੇ ਉਹ ਸੜ-ਬਲ ਗਿਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ, ਉਨ੍ਹਾਂ ਨੂੰ ਘੋਰ ਤਸੀਹੇ ਦੇਣ ਦੀ 'ਸਰਕਾਰੀ ਸੇਵਾ' ਇਸ ਨੇ ਪ੍ਰਾਪਤ ਕਰ ਲਈ ਸੀ। ਇਸੇ ਪਾਪ ਕਰਕੇ ਹੀ ਉਹ ਸਿੱਖਾਂ ਅਤੇ ਹੋਰ ਧਰਮ-ਭਾਵਨਾ ਵਾਲੇ ਲੋਕਾਂ ਦੀਆਂ ਅੱਖਾਂ ਵਿਚ ਰੜਕਦਾ ਸੀ।

ਜਦ ਗੁਰੂ ਜੀ ਲਾਹੌਰ ਵਿਚ ਸਨ ਤਾਂ ਜਹਾਂਗੀਰ ਦੇ ਹੁਕਮ ਪੁੱਜਣ ਤੇ ਚੰਦੂ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਗਿਆ ਸੀ। ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਨੇ ਉਸ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਲਾਹੌਰ ਦੇ ਬਜ਼ਾਰਾਂ ਵਿਚ ਘੁਮਾਇਆ ਸੀ। ਜਦ ਉਹ ਗੁਰਦਿੱਤੇ ਭੜਭੂੰਜੇ ਦੀ ਦੁਕਾਨ ਅੱਗੇ ਪਹੁੰਚਿਆ ਤਾਂ ਗੁਰਦਿੱਤਾ ਇਕ ਦਮ ਭੜਕ ਪਿਆ। ਉਸ ਨੇ ਆਪਣਾ ਭਾਰਾ ਕੜਛਾ ਚੰਦੂ ਦੇ ਸਿਰ ਵਿਚ ਮਾਰ ਕੇ, ਉਸ ਦਾ ਅੰਤ ਕਰ ਦਿੱਤਾ। ਇਸੇ ਕੜਛੇ ਨਾਲ ਹੀ, ਚੰਦੂ ਦੇ ਕਹਿਣ ਤੇ, ਗੁਰਦਿੱਤੇ ਨੇ ਗੁਰੂ ਅਰਜਨ ਦੇਵ ਜੀ ਦੇ ਸੀਸ ਵਿਚ ਗਰਮ-ਗਰਮ ਰੇਤ ਪਾਈ ਸੀ। 'ਮਹਾਨ ਕੋਸ਼' ਵਿਚ ਚੰਦੂ ਦੀ ਮੌਤ ਸੰਨ 1613 (ਸੰਮਤ 1670) ਵਿਚ ਹੋਈ ਲਿਖੀ ਹੈ।[28]

### *ਮਿਹਰਬਾਨ ਨਾਲ ਮੇਲ*

ਗੁਰੂ ਜੀ ਦੇ ਤਾਏ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਉਨ੍ਹੀਂ ਦਿਨੀਂ ਲਾਹੌਰ ਆਇਆ

ਹੋਇਆ ਸੀ। ਉਹ ਵੀ ਆਪਣੇ ਪਿਤਾ ਦੀ ਤਰ੍ਹਾਂ ਗੁਰੂ-ਘਰ ਨਾਲ ਈਰਖਾ ਕਰਦਾ ਸੀ। ਉਸ ਨੇ ਬਾਣੀ ਨੂੰ ਵਿਗਾੜ ਕੇ ਆਪਣਾ ਗ੍ਰੰਥ ਤਿਆਰ ਕਰ ਲਿਆ ਸੀ ਅਤੇ ਆਪਣੇ ਜ਼ਰ-ਖਰੀਦ ਮਸੰਦਾਂ ਤੋਂ 'ਗੁਰੂ' ਅਖਵਾਉਂਦਾ ਸੀ। ਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਰਾਹੀਂ ਉਸ ਨੂੰ ਆਪਣੇ ਕੋਲ ਸੱਦਿਆ ਤੇ ਲੰਮੀ ਵਿਚਾਰ ਕੀਤੀ। ਉਸ ਨੂੰ ਨਫ਼ਰਤ ਤੇ ਸਾੜਾ ਤਿਆਗਣ ਦਾ ਉਪਦੇਸ਼ ਦਿੱਤਾ, ਪਰ ਉਸ ਉਤੇ ਉਲਟਾ ਹੀ ਅਸਰ ਹੋਇਆ। ਉਹ ਸਗੋਂ ਹਉਮੈ ਭਰੇ ਬੋਲ ਬੋਲਣ ਲੱਗ ਪਿਆ।

ਲਾਹੌਰ ਦੀ ਇਸੇ ਛੋਟੀ ਜਿਹੀ ਫੇਰੀ ਮਗਰੋਂ ਗੁਰੂ ਜੀ ਅੰਮ੍ਰਿਤਸਰ ਆ ਗਏ।

### *ਪੰਜਾਬ ਵਿਚ ਧਰਮ ਪ੍ਰਚਾਰ-ਯਾਤਰਾ*

ਲਾਹੌਰ ਤੋਂ ਵਾਪਸ ਆ ਕੇ ਗੁਰੂ ਜੀ ਧਰਮ ਪ੍ਰਚਾਰ ਲਈ ਤੁਰ ਪਏ। ਪਹਿਲਾਂ ਆਪ ਮਾਝੇ ਅਤੇ ਦੁਆਬੇ ਦੇ ਪਿੰਡਾਂ ਵਿਚ ਗਏ ਤੇ ਫਿਰ ਮਾਲਵੇ ਦੇ ਇਲਾਕੇ ਵਿਚ ਗਏ। ਇਸ ਪ੍ਰਚਾਰ ਯਾਤਰਾ ਦੌਰਾਨ ਆਪ ਜੀ ਨੇ ਜਿਥੇ ਗੁਰੂ ਨਾਨਕ ਪਾਤਸ਼ਾਹ ਦਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਇਆ ਤੇ ਸਿੱਖ ਸੰਗਤਾਂ ਦੀ ਸਾਰ ਲਈ, ਇਸਦੇ ਨਾਲ ਹੀ ਮੀਰੀ-ਪੀਰੀ ਦੇ ਸੰਕਲਪ ਦੀ ਵਿਆਖਿਆ ਕੀਤੀ ਤੇ ਸਿੱਖ-ਸੰਗਤਾਂ ਨੂੰ ਸੰਗਠਿਤ ਕੀਤਾ। ਆਪ ਜੀ ਨੇ ਲੋਕ ਭਲਾਈ ਦੇ ਕਾਰਜਾਂ ਵੱਲ ਵੀ ਪੂਰਾ-ਪੂਰਾ ਧਿਆਨ ਦਿੱਤਾ।

### *ਮਾਝੇ ਦੇ ਪਿੰਡਾਂ ਵਿਚ*

ਬਿਆਸ ਅਤੇ ਰਾਵੀ ਨਦੀਆਂ ਦੇ ਵਿਚਕਾਰਲੇ ਇਲਾਕੇ ਨੂੰ 'ਮਾਝਾ' ਕਿਹਾ ਜਾਂਦਾ ਹੈ। ਅੰਮ੍ਰਿਤਸਰ ਮਾਝੇ ਵਿਚ ਹੀ ਪੈਂਦਾ ਹੈ। ਇਸ ਲਈ ਆਪ ਜੀ ਪਹਿਲਾਂ ਅੰਮ੍ਰਿਤਸਰ ਦੇ ਨੇੜਲੇ ਪਿੰਡਾਂ ਵਿਚ ਗਏ।

### *ਮਾਈ ਸੁਲੱਖਣੀ 'ਤੇ ਬਖ਼ਸ਼ਿਸ਼*

ਅੰਮ੍ਰਿਤਸਰ ਤੋਂ ਤਿੰਨ ਕੁ ਮੀਲ ਦੀ ਵਿੱਥ 'ਤੇ ਪਿੰਡ ਚੱਬਾ ਵਸਿਆ ਹੋਇਆ ਹੈ। ਇਥੋਂ ਦੀ ਇਕ ਮਾਈ ਸੀ ਸੁਲੱਖਣੀ। ਕਾਫ਼ੀ ਉਮਰ ਹੋ ਗਈ ਸੀ, ਪਰ ਸੰਤਾਨ ਦੀ ਦਾਤ ਤੋਂ ਸੱਖਣੀ ਸੀ। ਮਾਈ ਨੂੰ ਇਹ ਦੁੱਖ ਖਾਈ ਜਾ ਰਿਹਾ ਸੀ। ਉਸ ਨੂੰ ਸਤਿਗੁਰੂ ਦੇ ਕਿਸੇ ਪਿਆਰ ਵਾਲੇ ਸਿੱਖ ਨੇ ਇਹ ਦੱਸਿਆ ਕਿ ਗੁਰੂ ਦੇ ਦਰ ਤੋਂ ਦੀਨ ਅਤੇ ਦੁਨੀਆਂ ਦੋਹਾਂ ਤਰ੍ਹਾਂ ਦੇ ਪਦਾਰਥ ਮਿਲ ਜਾਂਦੇ ਹਨ। ਇਸ ਲਈ ਉਹ ਸਤਿਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਕਰੇ, ਉਹ ਉਸਦੀ ਮੁਰਾਦ ਪੂਰੀ ਕਰਨਗੇ।

ਸਤਿਗੁਰੂ ਜੀ ਸਿੱਖਾਂ ਨੂੰ ਲੈ ਕੇ ਸ਼ਹਿਰ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸ਼ਿਕਾਰ ਖੇਡਣ ਚਲੇ ਜਾਂਦੇ ਸਨ; ਉਥੇ ਸ਼ਸਤਰਾਂ ਦੇ ਅਭਿਆਸ ਵੀ ਕਰਾਉਂਦੇ ਸਨ। ਇਕ ਦਿਨ ਪਿੰਡ ਚੱਬੇ ਵੱਲ ਗਏ। ਮਾਈ ਸੁਲੱਖਣੀ ਨੂੰ ਵੀ ਪਤਾ ਲੱਗ ਗਿਆ। ਸਿੱਖ ਦੇ ਕਹਿਣ ਤੇ ਮਾਈ ਘਰੋਂ ਕਲਮ ਦਵਾਤ ਲੈ ਕੇ ਤੁਰੀ। ਸਤਿਗੁਰਾਂ ਕੋਲ ਪਹੁੰਚੀ। ਮੱਥਾ ਟੇਕ ਕੇ ਅਰਜ਼ ਕੀਤੀ, 'ਹੇ ਦੀਨ ਦੁਨੀ ਦੇ ਪਾਤਸ਼ਾਹ! ਮਿਹਰ ਕਰੋ, ਕੁੱਖ ਹਰੀ ਹੋਵੇ।' ਸਤਿਗੁਰਾਂ ਨੇ ਆਖਿਆ, 'ਮਾਈ ਤੇਰੇ ਲੇਖਾਂ ਵਿਚ ਸੰਤਾਨ ਨਹੀਂ।' ਇੰਨਾ ਸੁਣ, ਤੁਰੰਤ ਕਲਮ ਦਵਾਤ ਪੇਸ਼ ਕਰਕੇ ਆਖਣ ਲੱਗੀ—'ਦਾਤਿਆ! ਉਥੇ ਵੀ ਤੂੰ ਹੀ ਲੇਖ ਲਿਖਣੇ ਸਨ, ਆਹ ਲੈ ਕਲਮ ਦਵਾਤ।

ਜੇ ਉਦੋਂ ਨਹੀਂ ਲਿਖੇ ਤਾਂ ਹੁਣ ਲਿਖ ਦੇ।' ਇਕ ਸਿੱਧੀ-ਸਾਦੀ ਮਾਈ ਦੀ, ਭੋਲੇ-ਭਾਵ ਵਿਚ ਧੁਰ ਅੰਦਰੋਂ ਨਿਕਲੀ ਬੇਨਤੀ ਸੀ। ਦਿਲਾਂ ਦੇ ਦੁਖੜੇ ਜਾਣਨ ਵਾਲੇ ਸਤਿਗੁਰੂ ਜੀ ਨੇ ਸੁਣ ਲਈ। ਘੋੜੇ ਚੜ੍ਹੇ ਹੋਏ ਹੀ, ਮਾਈ ਕੋਲੋਂ ਕਲਮ ਦਵਾਤ ਲੈ ਇਕ ਪੁੱਤਰ ਦੀ ਦਾਤ ਲਿਖਣ ਲੱਗੇ। ਘੋੜੇ ਨੇ ਲੱਤ ਹਿਲਾਈ, ਇਕ (੧) ਦਾ ਸਾਤਾ (੭) ਬਣ ਗਿਆ। ਉਸ ਮਾਈ ਦੇ ਘਰ ਸੱਤ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦੀ ਸੰਤਾਨ ਹੁਣ ਤੱਕ ਵਸਦੀ ਹੈ।

ਜਿਨ੍ਹਾਂ ਸ਼ਬਦਾਂ ਵਿਚ ਮਾਈ ਨੇ ਬੇਨਤੀ ਕੀਤੀ, ਉਨ੍ਹਾਂ ਨੂੰ ਸਿੱਖ ਇਤਿਹਾਸ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :

**ਸੱਚੀਏ ਦਾਹੜੀਏ! ਚਿੱਟੀਏ ਪੱਗੇ!**
**ਅਰਜ਼ ਕਰੇਂਦੀ ਆਂ, ਗੁਰੂ ਹਰਿਗੋਬਿੰਦ ਅੱਗੇ।**
**ਨਾਮ ਸੁਲੱਖਣੀ, ਵਸਨੀ ਆਂ ਚੱਬੇ।**
**ਅਫਲ ਜਾਂਦੀ ਨੂੰ, ਕੋਈ ਫ਼ਲ ਲੱਗੇ।**

ਕੇਵਲ ਤਰਕ-ਆਧਾਰਿਤ ਗੱਲਾਂ ਨੂੰ ਠੀਕ ਮੰਨਣ ਵਾਲੇ ਲੋਕਾਂ ਨੂੰ ਇਹੋ ਜਿਹੀਆਂ ਘਟਨਾਵਾਂ ਅਨਹੋਣੀਆਂ ਜਾਪਦੀਆਂ ਹਨ ਪਰ ਸ਼ਰਧਾ ਅਤੇ ਪ੍ਰੇਮ ਦੇ ਖੇਤਰ ਵਿਚ ਵਿਚਰਨ ਵਾਲਿਆਂ ਲਈ ਇਹ ਸਹਿਜ ਵਿਚ ਵਾਪਰਨ ਵਾਲੀਆਂ ਘਟਨਾਵਾਂ ਹੀ ਹਨ। ਏਸੇ ਲਈ ਪ੍ਰੋ: ਸਾਹਿਬ ਸਿੰਘ ਲਿਖਦੇ ਹਨ : 'ਪਿਆਰ ਦਾ ਸਦਕਾ ਦਰ ਆਏ ਸਵਾਲੀਆਂ ਨੂੰ ਗੁਰੂ ਖ਼ਾਲੀ ਨਹੀਂ ਮੋੜਦਾ। ਸ਼ਰਧਾ ਦੇ ਬੇੜੇ ਪਾਰ ਹੁੰਦੇ ਹਨ। ਪਰ ਆਤਮ-ਪੈਂਡੇ ਤੋਂ ਅੰਵਾਣ ਰਾਹੀ ਇਸ ਰਮਜ਼ ਨੂੰ ਸਮਝਣ ਦੀ ਘੱਟ ਕੋਸ਼ਿਸ਼ ਕਰਦੇ ਹਨ। ਉਹ ਨਿਰਾ ਰੁੱਖਾ ਇਤਿਹਾਸ ਪੜ੍ਹਨ ਦੇ ਹੀ ਮਤਵਾਲੇ ਹੁੰਦੇ ਹਨ।' ਆਪ ਹੋਰ ਲਿਖਦੇ ਹਨ, 'ਪਿਆਰ ਦੀਆਂ ਖੇਡਾਂ ਅਨੋਖੀਆਂ ਹਨ। ਗੁਰ ਇਤਿਹਾਸ ਨਿਰੀਆਂ ਘਟਨਾਵਾਂ ਦਾ ਸੰਗ੍ਰਹਿ ਨਹੀਂ। ਇਥੇ ਜੀਵਨ ਨਾਟ ਦੇ ਚੋਜ ਭੀ ਹਨ, ਜੋ ਆਤਮਕ ਜੀਵਨ ਵਲੋਂ ਮਰ ਚੁੱਕੇ ਬੰਦਿਆਂ ਦੇ ਅੰਦਰ ਜਿੰਦ ਪਾ ਦਿੰਦੇ ਹਨ।'[29]

### *ਦੁਆਬੇ ਦੀ ਪ੍ਰਚਾਰ-ਫੇਰੀ*

ਪ੍ਰੋ: ਸਤਿਬੀਰ ਸਿੰਘ ਤੇ ਸ: ਸਾਧੂ ਸਿੰਘ ਗੋਬਿੰਦਪੁਰੀ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਸੰਨ 1614 ਵਿਚ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਆ ਗਏ। ਕਰਤਾਰਪੁਰ ਨੂੰ ਟਿਕਾਣਾ ਬਣਾ ਕੇ ਉਨ੍ਹਾਂ ਨੇ ਦੁਆਬੇ ਦੇ ਵੱਖ-ਵੱਖ ਇਲਾਕਿਆਂ ਵਿਚ ਗੁਰਮਤਿ ਦਾ ਪ੍ਰਚਾਰ ਕੀਤਾ।

ਕੁਝ ਸਮਾਂ ਤਾਂ ਕਰਤਾਰਪੁਰ ਹੀ ਨਿਵਾਸ ਰੱਖਿਆ। ਸੰਗਤਾਂ ਵਹੀਰਾਂ ਘੱਤ ਕੇ ਇਥੇ ਪੁੱਜੀਆਂ। ਸਤਿਗੁਰਾਂ ਨੇ ਨਾਮ ਦੀ ਦਾਤ ਖੂਬ ਵੰਡੀ ਤੇ ਸੰਗਤਾਂ ਨੂੰ ਹਮੇਸ਼ਾ ਚੜ੍ਹਦੀਆਂ ਕਲਾਂ ਵਿਚ ਰਹਿਣ ਦਾ ਉਪਦੇਸ਼ ਦਿੱਤਾ।

ਪਿੰਡ 'ਵੱਡਾ ਮੀਰ' : ਇਹ ਪਿੰਡ ਪਠਾਣਾਂ ਦਾ ਪਿੰਡ ਸੀ ਅਤੇ ਕਰਤਾਰਪੁਰ ਦੇ ਨੇੜੇ ਹੀ ਵਸਿਆ ਹੋਇਆ ਸੀ। ਅਨੇਕਾਂ ਪਠਾਣ ਗੁਰੂ ਜੀ ਦੇ ਸ਼ਰਧਾਲੂ ਬਣ ਚੁੱਕੇ ਸਨ, ਜਿਨ੍ਹਾਂ ਵਿਚੋਂ 26 ਪਠਾਣ ਇਸਮਾਈਲ ਖ਼ਾਨ ਦੀ ਅਗਵਾਈ ਵਿਚ ਗੁਰੂ ਜੀ ਦੀ ਫ਼ੌਜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਵਿਚੋਂ ਕੁਝ ਦੇ ਨਾਮ ਇਸ ਪ੍ਰਕਾਰ ਹਨ : ਦਲਾਵਰ ਖ਼ਾਨ, ਅਮੀਰ ਖ਼ਾਨ, ਅਤਾਉਲਾ ਖ਼ਾਨ ਅਤੇ ਬਹਾਦਰ ਖ਼ਾਨ। ਇਕ ਯਤੀਮ ਬੱਚਾ ਪੈਂਦੇ ਖ਼ਾਨ ਵੀ ਇਥੇ ਹੀ ਗੁਰੂ

ਜੀ ਦੀ ਸ਼ਰਨ ਵਿਚ ਆਇਆ ਸੀ। ਉਸ ਦੇ ਪਿੰਡ 'ਵੱਡਾ ਮੀਰ' ਵਿਖੇ ਨਾਨਕੇ ਸਨ।*

ਗੁਰੂ ਜੀ ਜਲੰਧਰ ਵਿਖੇ ਵੀ ਪਧਾਰੇ ਸਨ ਅਤੇ ਬਸਤੀ ਸ਼ੇਖ਼ ਵਿਖੇ ਟਿਕਾਣਾ ਕੀਤਾ ਸੀ। ਇਥੇ ਆਪ ਜੀ ਦੀ ਯਾਦ ਵਿਚ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਬਣਿਆ ਹੋਇਆ ਹੈ। ਇਹ ਮੁਸਲਮਾਨਾਂ ਦਾ ਇਲਾਕਾ ਸੀ ਜਿਸ ਤੋਂ ਪਤਾ ਲਗਦਾ ਹੈ ਕਿ ਮੁਸਲਮਾਨ ਵੀ ਭਾਰੀ ਗਿਣਤੀ ਵਿਚ ਗੁਰੂ ਸਾਹਿਬ ਦੇ ਸ਼ਰਧਾਲੂ ਸਨ।

### *ਮਾਲਵੇ ਵਿਚ*

ਦੁਆਬੇ ਦੇ ਕਈ ਨਗਰਾਂ ਵਿਚ ਆਮ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਦੇ ਹੋਏ ਸਤਿਗੁਰੂ ਜੀ ਮਾਲਵੇ ਦੇ ਇਲਾਕੇ ਵਿਚ ਆ ਗਏ। ਫ਼ਿਰੋਜ਼ਪੁਰ, ਲੁਧਿਆਣਾ ਤੇ ਪਟਿਆਲਾ ਦੇ ਤਿੰਨ ਜ਼ਿਲ੍ਹੇ ਮਾਲਵੇ ਵਿਚ ਪੈਂਦੇ ਸਨ। ਅੱਜਕੱਲ੍ਹ ਫ਼ਿਰੋਜ਼ਪੁਰ ਵਿਚੋਂ ਹੀ ਮੁਕਤਸਰ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹੇ ਬਣਾ ਲਏ ਗਏ ਹਨ। ਪਟਿਆਲੇ ਦੇ ਜ਼ਿਲ੍ਹੇ ਵਿਚੋਂ ਹੀ ਫ਼ਤਹਿਗੜ੍ਹ ਸਾਹਿਬ ਦਾ ਨਵਾਂ ਜ਼ਿਲ੍ਹਾ ਹੋਂਦ ਵਿਚ ਆ ਚੁੱਕਾ ਹੈ।

ਸਤਿਗੁਰੂ ਜੀ ਸਧਾਰ, ਗੁੱਜਰਵਾਲ, ਸਿਧਵਾਂ ਕਲਾਂ, ਰਾੜਾ, ਸਰਹੰਦ ਆਦਿ ਵਿਚ ਗਏ। ਤਖ਼ਤੂਪੁਰੇ ਹੋ ਕੇ ਡਰੌਲੀ ਭਾਈ ਪੁੱਜੇ। ਇਥੇ ਉਨ੍ਹਾਂ ਦਾ ਸਾਢੂ ਭਾਈ ਸਾਈਂ ਦਾਸ ਰਹਿੰਦਾ ਸੀ। ਉਹ ਪ੍ਰੇਮ ਤੇ ਸ਼ਰਧਾ-ਭਾਵਨਾ ਵਾਲਾ ਸੱਚਾ-ਸੁੱਚਾ ਸਿੱਖ ਸੀ। ਉਸ ਦਾ ਵਿਆਹ ਮਾਤਾ ਦਮੋਦਰੀ ਜੀ ਦੀ ਵੱਡੀ ਭੈਣ ਸ੍ਰੀ ਰਾਮੋ ਜੀ ਨਾਲ ਹੋਇਆ ਸੀ। ਇਸ ਕੋਲ ਗੁਰੂ ਪਾਤਸ਼ਾਹ ਕਈ ਵਾਰ ਆਏ ਸਨ।

ਸਿੱਖੀ ਦੇ ਪ੍ਰਚਾਰ ਕਾਰਨ ਕਈ ਹਿੰਦੂ ਪਰਿਵਾਰ, ਜੋ ਸਰਵਰੀਏ ਬਣ ਗਏ ਸਨ, ਮੁੜ ਕੇ ਗੁਰੂ ਸਾਹਿਬਾਂ ਦੇ ਚਰਨਾਂ ਦੇ ਭੌਰੇ ਬਣ ਗਏ। ਇਨ੍ਹਾਂ ਵਿਚ ਭਾਈ ਸਾਧੂ ਬੜਾ ਉੱਘਾ ਸਿੱਖ ਹੋਇਆ ਹੈ। ਭਾਈ ਸਾਧੂ ਦਾ ਪਿਤਾ ਚੌਧਰੀ ਸੱਦਾ ਤਰਨ ਤਾਰਨ ਦੇ ਨੇੜਲੇ ਪਿੰਡ ਤੁਕਲਾਣੀ ਦਾ ਰਹਿਣ ਵਾਲਾ ਸੀ। 'ਸੱਦਾ' ਸਖੀ ਪਰਿਵਾਰ ਦਾ ਮੁਰੀਦ ਸੀ। ਸਾਧੂ ਦਾ ਰਿਸ਼ਤਾ ਜ਼ਿਲ੍ਹਾ ਮੋਗਾ ਦੇ ਪਿੰਡ ਵੱਡਾ-ਘਰ ਵਿਚ ਇਕ ਸ਼ਰਧਾਲੂ ਸਿੱਖ ਭਾਈ ਆਕਲ ਦੇ ਘਰ ਹੋ ਗਿਆ। ਰਿਸ਼ਤਾ ਕਰਨ ਵੇਲੇ ਭਾਈ ਆਕਲ ਨੂੰ ਇਹ ਪਤਾ ਨਾ ਲੱਗਾ ਕਿ ਉਸ ਦਾ ਕੁੜਮ ਸਰਵਰੀਆ ਹੈ। ਗੁਰੂ ਜੀ ਅਜੇ ਡਰੌਲੀ ਹੀ ਸਨ ਕਿ ਸੱਦਾ ਆਪਣੇ ਪੁੱਤਰ ਨੂੰ ਵਿਆਹੁਣ ਆਇਆ ਸੀ। ਮੁੜਦੀ ਵਾਰੀ ਜੰਞ ਡਰੌਲੀ ਦੇ ਰਸਤਿਉਂ ਲੰਘੀ। ਭਾਈ ਸਾਧੂ ਨੂੰ ਗੁਰੂ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਗਿਆ, ਵਹੁਟੀ ਤਾਂ ਅੱਗੇ ਹੀ ਗੁਰੂ ਘਰ ਵਿਚ ਸ਼ਰਧਾ ਰਖਦੀ ਸੀ। ਸਾਧੂ ਗੁਰੂ ਜੀ ਦਾ ਸਿੱਖ ਬਣ ਗਿਆ। ਇਸ ਦੇ ਘਰ ਪੁੱਤਰ ਜਨਮਿਆ, ਜਿਸ ਦਾ ਨਾਮ ਰੂਪ ਚੰਦ ਰੱਖਿਆ ਗਿਆ।

ਇਸੇ ਹੀ ਪ੍ਰਚਾਰ ਫੇਰੀ ਤੇ ਸਤਿਗੁਰੂ ਜੀ ਨਥਾਣਾ, ਸਮਾਧ ਭਾਈ, ਕਾਉਂਕੇ, ਰਾਇਕੋਟ, ਲੋਪੋ ਆਦਿਕ ਸਥਾਨਾਂ ਤੇ ਵੀ ਗਏ ਸਨ।

---

*ਪੈਂਦੇ ਖ਼ਾਨ (ਪਾਯੰਦਾ ਖ਼ਾਨ) ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਆਲਮਪੁਰ ਦਾ ਰਹਿਣ ਵਾਲਾ ਸੀ। ਇਸ ਦੇ ਪਿਤਾ ਦਾ ਨਾਮ ਫ਼ਤਹ ਖ਼ਾਨ ਸੀ। ਇਹ ਚੰਗੇ ਕੱਦ ਵਾਲਾ ਤੇ ਬਲਵਾਨ ਸੀ। ਗੁਰੂ ਸਾਹਿਬ ਨੇ ਇਸ ਨੂੰ ਸ਼ਸਤਰ ਵਿਦਿਆ ਸਿਖਾ ਕੇ ਫ਼ੌਜ ਦੇ ਇਕ ਜਥੇ ਦਾ ਸਰਦਾਰ ਥਾਪਿਆ ਸੀ।

ਸੰਨ 1617 ਵਿਚ ਮੁਰਤਜ਼ਾ ਖ਼ਾਨ ਦੀ ਮੌਤ ਹੋ ਗਈ। ਉਸ ਦੀ ਥਾਂ ਨੂਰਜਹਾਂ ਦੇ ਪਿਤਾ ਗਿਆਸ ਬੇਗ ਨੂੰ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ। ਰਾਜਨੀਤਕ ਉਥਲ-ਪੁਥਲ ਦੇ ਸਮੇਂ ਗੁਰੂ ਜੀ ਨੇ ਵਾਪਸ ਅੰਮ੍ਰਿਤਸਰ ਆਉਣਾ ਠੀਕ ਸਮਝਿਆ।

ਸਤਿਗੁਰੂ ਜੀ ਅੰਮ੍ਰਿਤਸਰ ਆ ਕੇ ਲਗਭਗ ਦੋ-ਢਾਈ ਸਾਲ ਏਥੇ ਹੀ ਰਹੇ। ਇਸ ਸਮੇਂ ਅੰਮ੍ਰਿਤਸਰ ਸ਼ਹਿਰ ਦਾ ਵਿਕਾਸ ਕੀਤਾ, ਅਧੂਰੇ ਪਏ ਕੰਮ ਸਿਰੇ ਚਾੜ੍ਹੇ ਅਤੇ ਸਿੱਖ ਸੰਗਠਨ ਮਜ਼ਬੂਤ ਕੀਤਾ। ਲੋਕਾਂ ਨੂੰ ਪ੍ਰਭੂ ਨਾਲ ਜੋੜਨ ਨੂੰ ਆਪ ਨੇ ਹਮੇਸ਼ਾ ਹੀ ਪਹਿਲ ਦਿਤੀ ਅਤੇ ਵੱਧ ਤੋਂ ਵੱਧ ਸਮਾਂ ਏਸ ਪਾਸੇ ਲਾਇਆ। ਇਸ ਲਈ ਸੰਭਵ ਹੈ ਇਸ ਸਮੇਂ ਆਪ ਮਾਝੇ ਤੇ ਦੁਆਬੇ ਦੇ ਨੇੜਲੇ ਇਲਾਕਿਆਂ ਵਿਚ ਧਰਮ ਪ੍ਰਚਾਰ ਲਈ ਜਾਂਦੇ ਰਹੇ ਹੋਣ।

**ਬਿਬੇਕਸਰ ਦੀ ਤਿਆਰੀ :** ਸਿੱਖ ਸ਼ਰਧਾਲੂਆਂ ਦੀ ਵਧ ਰਹੀ ਗਿਣਤੀ ਨੂੰ ਮੁੱਖ ਰੱਖ ਕੇ ਬਿਬੇਕਸਰ ਸਰੋਵਰ ਦੀ ਰਚਨਾ ਕੀਤੀ ਗਈ ਤਾਂ ਕਿ ਬਾਹਰੋਂ ਆਈਆਂ ਸੰਗਤਾਂ ਨੂੰ ਜਲ ਆਦਿ ਦੀ ਤੰਗੀ ਨਾ ਹੋਵੇ। ਮਗਰੋਂ ਇਸ ਤਲਾਅ ਨੂੰ ਪੱਕਾ ਕੀਤਾ ਗਿਆ।

**ਲੋਹਗੜ੍ਹ** ਕਿਲ੍ਹੇ ਨੂੰ ਵੀ ਮਜ਼ਬੂਤ ਕੀਤਾ ਗਿਆ। ਸਿੱਖ ਸੈਨਿਕਾਂ ਨੂੰ ਇਸ ਵਿਚ ਟਿਕਾਇਆ ਗਿਆ। ਸਿੱਖ ਸੈਨਿਕਾਂ ਦੀ ਨਿੱਤ ਵਧਦੀ ਗਿਣਤੀ ਕਾਰਨ ਇਹ ਕਿਲ੍ਹਾ ਸਿੱਖ ਛਾਉਣੀ ਦਾ ਰੂਪ ਧਾਰਨ ਕਰ ਗਿਆ। ਇਸ ਵਿਚ ਘੋੜਿਆਂ ਦੇ ਤਬੇਲੇ ਬਣਾਏ ਗਏ ਤੇ ਸ਼ਸਤਰਾਂ ਦਾ ਭੰਡਾਰ ਵੀ ਕਾਇਮ ਕੀਤਾ ਗਿਆ।

ਲਾਹੌਰ ਦਾ ਸੂਬੇਦਾਰ ਬਣਨ ਤੋਂ ਬਾਅਦ ਗਿਆਸ ਬੇਗ ਨੇ ਜਹਾਂਗੀਰ ਨੂੰ ਲਾਹੌਰ ਆਉਣ ਦਾ ਸੱਦਾ ਭੇਜਿਆ। ਜਹਾਂਗੀਰ ਪੰਜਾਬ ਦੀ ਰਾਜਨੀਤਕ ਦਸ਼ਾ ਦੀ ਖ਼ੁਦ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬ ਆਉਣਾ ਚਾਹੁੰਦਾ ਸੀ। ਉਹ ਆਪਣੀ ਮਲਕਾ ਨੂਰਜਹਾਂ ਦੇ ਨਾਲ ਅਕਤੂਬਰ-ਨਵੰਬਰ ਸੰਨ 1619 ਵਿਚ ਪੰਜਾਬ ਪੁੱਜਾ। ਲਾਹੌਰ ਜਾਣ ਤੋਂ ਪਹਿਲਾਂ ਉਹ ਅੰਮ੍ਰਿਤਸਰ ਆਇਆ।

## *ਜਹਾਂਗੀਰ ਦਰਬਾਰ ਸਾਹਿਬ ਵਿਚ*

ਅੰਮ੍ਰਿਤਸਰ ਪੁੱਜ ਕੇ ਜਹਾਂਗੀਰ ਨੇ ਗੁਮਟਾਲਾ ਦੀ ਜੂਹ ਵਿਚ ਟਿਕਾਣਾ ਕੀਤਾ। ਉਹ ਅਤੇ ਮਲਕਾ ਨੂਰਜਹਾਂ ਦਰਬਾਰ ਸਾਹਿਬ ਆਏ। ਮੱਥਾ ਟੇਕਿਆ ਅਤੇ ਸੰਗਤ ਵਿਚ ਬੈਠ ਕੇ ਹਰੀ-ਜੱਸ ਸੁਣਿਆ। ਉਹ ਅਕਾਲ ਤਖ਼ਤ ਸਾਹਿਬ ਵੀ ਆਇਆ ਅਤੇ ਦੀਵਾਨ ਵਿਚ ਬੈਠਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤਖ਼ਤ ਤੇ ਬੈਠਣਾ, ਸਿੱਖ ਸੂਰਮਿਆਂ ਦਾ ਫ਼ੌਜੀ ਵਰਦੀ ਵਿਚ ਹੋਣਾ। ਕਲਗੀ ਸਜਾ ਕੇ ਬਿਰਾਜਮਾਨ ਗੁਰੂ ਸਾਹਿਬ 'ਤੇ ਚੌਰਬਰਦਾਰ ਵਲੋਂ ਚੌਰ ਕਰਨਾ, ਦਰਬਾਰ ਦੇ ਬਾਹਰ ਨਗਾਰਾ ਵੱਜਣਾ...ਇਸ ਸ਼ਾਹੀ ਠਾਠ-ਬਾਠ ਨੂੰ ਵੇਖ ਕੇ ਜਹਾਂਗੀਰ ਚਕਾ-ਚੌਂਧ ਹੋ ਗਿਆ। ਇਹ ਸਭ ਉਸ ਲਈ ਅਸਹਿ ਸੀ, ਪਰ ਉਹ ਗੁਰੂ ਘਰ ਨਾਲ ਸਥਾਪਿਤ ਹੋਏ ਸੰਬੰਧਾਂ ਕਾਰਨ ਚੁੱਪ ਰਿਹਾ। ਉਸਨੇ ਧਾਰਮਿਕ ਕਾਰਜਾਂ ਲਈ ਮਾਇਆ ਅਰਪਨ ਕਰਨੀ ਚਾਹੀ, ਪਰ ਗੁਰੂ ਜੀ ਨੇ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਗੁਰੂ-ਦਰਬਾਰ ਦੇ ਸਾਰੇ ਕਾਰਜ ਸਿੱਖ ਸੰਗਤਾਂ ਹੀ ਕਰਦੀਆਂ ਹਨ। ਨੂਰਜਹਾਂ ਨੇ ਮਾਤਾ ਗੰਗਾ ਜੀ ਪਾਸੋਂ 'ਸੁਖੀ ਵਸਣ' ਦੀ ਅਸੀਸ ਪ੍ਰਾਪਤ ਕੀਤੀ।

ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਜਹਾਂਗੀਰ ਤੇ ਨੂਰਜਹਾਂ 6 ਨਵੰਬਰ ਸੰਨ 1619

ਨੂੰ ਲਾਹੌਰ ਪੁੱਜੇ।[30] ਗਿਆਸ ਬੇਗ ਨੇ ਜਹਾਂਗੀਰ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਉਸ ਦਾ ਭਰਵਾਂ ਸੁਆਗਤ ਕੀਤਾ। ਸਾਰਾ ਰਾਹ ਸ਼ਿੰਗਾਰਿਆ ਗਿਆ, ਪੂਰਾ ਸ਼ਹਿਰ ਨਵੀਂ ਨਿਵੇਲੀ ਵਿਆਹੀ ਮੁਟਿਆਰ ਦੀ ਤਰ੍ਹਾਂ ਸ਼ਿੰਗਾਰਿਆ ਗਿਆ ਸੀ। ਇਨਾ ਸਵਾਗਤ ਵੇਖ ਕੇ ਜਹਾਂਗੀਰ ਗਦਗਦ ਹੋ ਗਿਆ।

ਸ਼ਾਲੀਮਾਰ ਬਾਗ ਵਿਚ ਵੱਡਾ ਜਸ਼ਨ ਕੀਤਾ ਗਿਆ। ਇਥੇ ਜਹਾਂਗੀਰ ਨੇ ਗਿਆਸ ਬੇਗ ਨੂੰ 'ਇਦਮਾਦ-ਉਦ-ਦੌਲਾ' ਭਾਵ ਵਜ਼ੀਰ-ਏ-ਆਜ਼ਮ ਦੇ ਖ਼ਿਤਾਬ ਨਾਲ ਨਿਵਾਜਿਆ। ਉਸ ਦੇ ਕਹਿਣ 'ਤੇ ਉਸ ਦੇ ਦਾਮਾਦ ਕਾਸਮ ਬੇਗ ਨੂੰ ਲਾਹੌਰ ਸ਼ਹਿਰ ਦੀ ਹਕੂਮਤ ਸੌਂਪੀ ਗਈ। ਕਾਸਮ ਬੇਗ, ਨੂਰਜਹਾਂ ਦੀ ਵੱਡੀ ਭੈਣ ਮੁਨੀਜ ਬੇਗਮ ਦਾ ਪਤੀ ਸੀ।

ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਲਾਹੌਰ ਆਉਣ ਦਾ ਸੱਦਾ ਭੇਜਿਆ। ਇਹ ਸੁਣ ਕੇ ਸੰਗਤਾਂ ਵਿਚ ਕੁਝ ਘਬਰਾਹਟ ਫੈਲ ਗਈ ਕਿਉਂਕਿ ਕੁਝ ਸਮਾਂ ਪਹਿਲਾਂ ਜਹਾਂਗੀਰ ਨੇ ਗੁਰੂ ਜੀ ਨੂੰ ਆਪਣੇ ਕੋਲ ਬੁਲਾ ਕੇ ਕੈਦ ਕਰ ਲਿਆ ਸੀ। ਗੁਰੂ ਜੀ ਨੇ ਸੰਗਤਾਂ ਨੂੰ ਸਮਝਾਇਆ ਕਿ ਹੁਣ ਕੋਈ ਖ਼ਤਰਾ ਨਹੀਂ ਹੈ, ਹੁਣ ਸਰਕਾਰ ਨਾਲ ਚੰਗੇ ਸੰਬੰਧ ਹਨ।

ਗੁਰੂ ਸਾਹਿਬ ਲਾਹੌਰ ਗਏ ਅਤੇ ਉਥੇ ਮੁਜੰਗ ਵਿਖੇ ਹੀ ਡੇਰਾ ਰੱਖਿਆ। ਜਹਾਂਗੀਰ ਨਾਲ ਕਈ ਮੁਲਾਕਾਤਾਂ ਹੋਈਆਂ। ਨੂਰਜਹਾਂ ਵੀ ਦਰਸ਼ਨਾਂ ਨੂੰ ਆਈ। ਉਸ ਨੂੰ ਸਰੀਰਕ ਸੁੰਦਰਤਾ ਤੇ ਮਾਣ ਕਰਨ ਦੀ ਥਾਂ ਸੁੰਦਰਤਾ ਦੇ ਦਾਤੇ ਪ੍ਰਭੂ ਦੀ ਯਾਦ ਵਿਚ ਜੁੜਨ ਦਾ ਉਪਦੇਸ਼ ਦਿੱਤਾ। ਜਹਾਂਗੀਰ ਨੂੰ ਵੀ ਸਮਝਾਇਆ ਕਿ ਜੇ ਮਨੁੱਖ ਮੌਤ ਨੂੰ ਯਾਦ ਰੱਖੇ ਤਾਂ ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ।

### *ਸ੍ਰੀ ਹਰਿਗੋਬਿੰਦਪੁਰ ਵਿਖੇ*

ਸੰਨ 1620 ਦੀਆਂ ਗਰਮੀਆਂ ਵਿਚ ਬਾਦਸ਼ਾਹ ਕਸ਼ਮੀਰ ਚਲਾ ਗਿਆ ਤੇ ਗੁਰੂ ਜੀ ਵਾਪਿਸ ਅੰਮ੍ਰਿਤਸਰ ਆ ਗਏ। ਫਿਰ ਆਪ ਕਰਤਾਰਪੁਰ ਆਏ। ਫਿਰ ਦੁਆਬੇ ਦੇ ਪਿੰਡਾਂ ਨਗਰਾਂ ਵਿਚੋਂ ਹੁੰਦੇ ਹੋਏ ਮੁਕੇਰੀਆਂ ਆਏ। ਇਥੋਂ ਦਰਿਆ ਬਿਆਸ ਪਾਰ ਕੀਤਾ ਅਤੇ ਦਰਿਆ ਦੇ ਕੰਢੇ ਮਾਝੇ ਵਾਲੇ ਪਾਸੇ ਸ੍ਰੀ ਹਰਿਗੋਬਿੰਦਪੁਰ ਵਿਖੇ ਆ ਗਏ।

ਸ੍ਰੀ ਹਰਿਗੋਬਿੰਦਪੁਰ ਜ਼ਿਲ੍ਹਾ ਗੁਰਦਾਸਪੁਰ ਦੀ ਬਟਾਲਾ ਤਹਿਸੀਲ ਵਿਚ ਹੈ। ਇਹ ਗੁਰਦਾਸਪੁਰ ਤੋਂ 40 ਕਿਲੋਮੀਟਰ ਤੇ ਅੰਮ੍ਰਿਤਸਰ ਤੋਂ 60 ਕਿਲੋਮੀਟਰ ਦੀ ਦੂਰੀ 'ਤੇ ਹੈ। ਗੁਰੂ ਅਰਜਨ ਦੇਵ ਜੀ ਨੇ ਧਰਮ ਪ੍ਰਚਾਰ ਦੇ ਨਵੇਂ ਨਗਰ ਕਰਤਾਰਪੁਰ (ਜਲੰਧਰ) ਅਤੇ ਤਰਨ ਤਾਰਨ ਵਸਾਏ ਸਨ। ਸ੍ਰੀ ਹਰਿਗੋਬਿੰਦਪੁਰ ਵਾਲੀ ਥਾਂ ਤੇ ਨਵਾਂ ਨਗਰ ਵਸਾਉਣਾ ਵੀ ਉਨ੍ਹਾਂ ਦੇ ਪ੍ਰੋਗਰਾਮ ਵਿਚ ਸ਼ਾਮਿਲ ਸੀ। ਉਨ੍ਹਾਂ ਨੇ ਜ਼ਮੀਨ ਖਰੀਦੀ ਤੇ ਸੰਨ 1587 ਵਿਚ ਨਗਰ ਵਸਾਉਣਾ ਆਰੰਭ ਕੀਤਾ। 'ਮਹਾਨ ਕੋਸ਼' ਅਨੁਸਾਰ ਨਗਰ ਦਾ ਨਾਮ 'ਸ੍ਰੀ ਗੋਬਿੰਦਪੁਰ' ਰੱਖਿਆ ਗਿਆ। ਗੁਰੂ ਜੀ ਆਪਣੇ ਹੋਰ ਰੁਝੇਵਿਆਂ ਕਾਰਨ ਨਗਰ ਵਸਾਉਣ ਵੱਲ ਪੂਰਾ ਧਿਆਨ ਨਾ ਦੇ ਸਕੇ। ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਲੋਕ-ਭਲਾਈ ਦੇ ਕਾਰਜਾਂ ਵੱਲ ਵਧੇਰੇ ਧਿਆਨ ਦਿੱਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਤਿਆਰੀ ਲਈ ਵੀ ਲਗਭਗ ਦੋ ਸਾਲ ਦਾ ਸਮਾਂ ਲਾਇਆ। ਸਿੱਖ ਧਰਮ ਦੇ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਵੱਲ ਵੀ ਧਿਆਨ ਦੇਣਾ ਚਾਹਿਆ। ਚੰਦੂ ਸ਼ਾਹ ਦੀ

ਸ਼ਰਾਰਤ ਨਾਲ ਇਹ ਅਸਥਾਨ ਰੁਹੇਲੇ ਪਿੰਡ ਦੇ ਭਗਵਾਨ ਦਾਸ ਘੇਰੜ ਨੂੰ ਮਿਲ ਗਿਆ।

ਛੇਵੇਂ ਪਾਤਸ਼ਾਹ ਜਦ ਇਧਰ ਆਏ ਤਾਂ ਉਨ੍ਹਾਂ ਨੇ ਇਸ ਸ਼ਹਿਰ ਨੂੰ ਮੁੜ ਵਸਾਇਆ। ਇਥੇ ਗੁਰੂ ਜੀ ਨੇ ਇਕ ਸਰਾਂ, ਗੁਰਦੁਆਰਾ ਅਤੇ ਮਸਜਿਦ ਬਣਵਾਈ। ਇਸ ਇਲਾਕੇ ਦੇ ਅਨੇਕਾਂ ਪਠਾਣ ਗੁਰੂ ਜੀ ਦੇ ਸ਼ਰਧਾਲੂ ਬਣ ਗਏ ਸਨ।

ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ 'ਹਰਿਗੋਬਿੰਦਪੁਰ ਦੀ ਉਸਾਰੀ ਦਾ ਕੰਮ ਭਾਈ ਇਸਮਾਈਲ, ਭਾਈ ਅਮੀਉ, ਭਾਈ ਬੂਲਾ, ਭਾਈ ਜੇਠਾ, ਭਾਈ ਲਾਲੋ ਤੇ ਭਾਈ ਕਲਿਆਣੇ ਦੇ ਹਵਾਲੇ ਕਰ ਕੇ, ਗੁਰੂ ਸਾਹਿਬ ਬਟਾਲੇ ਦੇ ਰਾਹ ਸ੍ਰੀ ਅੰਮ੍ਰਿਤਸਰ ਪੁੱਜੇ।'[31]

ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੁੜ ਤੋਂ ਵਸਾਇਆ ਜਾਣ ਅਤੇ ਵਿਕਸਿਤ ਕੀਤਾ ਜਾਣ ਕਰਕੇ ਇਸ ਨਗਰ ਦਾ ਨਾਮ 'ਸ੍ਰੀ ਹਰਿਗੋਬਿੰਦਪੁਰ' ਪ੍ਰਸਿੱਧ ਹੋਇਆ।

# ਕਸ਼ਮੀਰ ਦੀ ਪ੍ਰਚਾਰ ਯਾਤਰਾ

ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਤੋਂ ਮਗਰਲੇ ਗੁਰੂ ਸਾਹਿਬਾਨ ਨੇ ਸਿੱਖੀ ਦਾ ਸੁਨੇਹਾ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਸਨ। ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਪ੍ਰਸਿੱਧ ਨਗਰਾਂ ਤੋਂ ਸਿਵਾ ਸ੍ਰੀ ਲੰਕਾ, ਇਰਾਕ, ਇਰਾਨ, ਅਫ਼ਗਾਨਿਸਤਾਨ, ਤਿੱਬਤ, ਨੇਪਾਲ ਅਤੇ ਰੂਸ ਦੇ ਕੁਝ ਇਲਾਕਿਆਂ ਵਿਚ ਆਪਣੀ ਮੌਲਿਕ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਸੀ। ਕੁਝ ਵਿਦਵਾਨ ਤਾਂ ਇਹ ਵੀ ਮੰਨਦੇ ਹਨ ਕਿ ਗੁਰੂ ਜੀ ਚੀਨ ਵਿਚ ਵੀ ਗਏ ਸਨ। ਗੁਰੂ ਸਾਹਿਬਾਨ ਦੇ ਯਤਨਾਂ ਤੱਕ ਸਿੱਖੀ ਦੂਰ-ਦੂਰ ਤੱਕ ਫੈਲ ਗਈ ਸੀ। ਇਸੇ ਲਈ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਮੁਹਸਿਨ ਫ਼ਾਨੀ (ਜ਼ੁਲਫ਼ਿਕਾਰ ਅਰਦਿਸਤਾਨੀ ਮੋਬੀਦ) ਜਿਸ ਨੇ ਛੇਵੇਂ ਪਾਤਸ਼ਾਹ ਦੇ ਕਈ ਵਾਰ ਦਰਸ਼ਨ ਕੀਤੇ ਸਨ, ਆਪਣੀ ਪੁਸਤਕ 'ਦਬਸਿਤਾਨ-ਇ-ਮਜ਼ਾਹਬ' ਵਿਚ ਲਿਖਦਾ ਹੈ—"ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਬਹੁਤ ਵਧ ਗਈ ਸੀ। ਕੋਈ ਅਜਿਹਾ ਵੱਡਾ ਸ਼ਹਿਰ ਦੇਸ਼ ਵਿਚ ਨਹੀਂ ਸੀ, ਜਿਥੇ ਕੁਝ ਨਾ ਕੁਝ ਸਿੱਖ ਨਾ ਵੱਸਦੇ ਹੋਣ।"[32]

ਕਸ਼ਮੀਰ ਦੇ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਸੀ। ਮਟਨ ਵਿਖੇ ਪੰਡਤ ਬ੍ਰਹਮ ਦਾਸ ਪੁਰਾਣੇ ਗ੍ਰੰਥਾਂ ਦੀ ਜਾਣਕਾਰੀ ਦਾ ਅਭਿਮਾਨ ਤਿਆਗ ਕੇ ਗੁਰੂ ਜੀ ਦਾ ਸਿੱਖ ਬਣਿਆ। ਉਹ ਫ਼ੋਕਟ ਕਰਮ-ਕਾਂਡਾਂ ਦੇ ਜਾਲ ਵਿਚੋਂ ਨਿਕਲ ਕੇ ਸਰਬ-ਵਿਆਪੀ ਅਕਾਲ ਪੁਰਖ ਦੀ ਪੂਜਾ ਕਰਨ ਲੱਗਾ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਇਲਾਕੇ ਵਿਚ ਸਿੱਖੀ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ ਸੀ। ਉਸ ਦਾ ਸ਼ਰਧਾਲੂ ਕਮਾਲ ਵੀ ਉਸ ਨਾਲ ਗੁਰਮਤਿ-ਸੰਦੇਸ਼ ਘਰ-ਘਰ ਪਹੁੰਚਾਉਣ ਲੱਗਾ। ਗੁਰੂ ਅਮਰਦਾਸ ਜੀ ਨੇ ਭਾਈ ਫੇਰਾ, ਮੀਰਪੁਰ (ਜੰਮੂ) ਨੂੰ ਧਰਮ-ਪ੍ਰਚਾਰ ਦੀ ਮੰਜੀ ਸੌਂਪੀ ਸੀ।[33] ਗੁਰੂ ਅਰਜਨ ਦੇਵ ਜੀ ਦੇ ਸਮੇਂ ਕਸ਼ਮੀਰ ਵਿਚ ਭਾਈ ਤਿਲੋਕਾ, ਭਾਈ ਭਾਨਾ ਮੱਲ ਅਤੇ ਭਾਈ ਰੇਖਾ ਰਾਉ ਪ੍ਰਚਾਰ ਕਰ ਰਹੇ ਸਨ।[34] ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਸੇਵਾ ਦਾਸ, ਭਾਈ ਮਾਧੋ ਤੇ ਭਾਈ ਕੱਟੂ ਸ਼ਾਹ ਆਦਿਕ ਸਿੱਖੀ ਦੀ ਸੁਗੰਧੀ ਫੈਲਾਉਣ ਵਿਚ ਲੱਗੇ ਹੋਏ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਕਸ਼ਮੀਰ ਵਿਚ ਜਾ ਕੇ ਧਰਮ ਪ੍ਰਚਾਰ ਦੇ ਕੰਮ ਵਿਚ ਨਵੀਂ ਰੂਹ ਫੂਕਣ ਦਾ ਮਨ ਬਣਾਇਆ। ਕੁਝ ਸਿੱਖ ਪ੍ਰਚਾਰਕ ਤੇ ਕਈ ਸ਼ਰਧਾਲੂ ਸਿੱਖ ਵੀ ਚਾਹੁੰਦੇ ਸਨ ਕਿ ਗੁਰੂ ਜੀ ਉਸ ਇਲਾਕੇ ਵਿਚ ਆ ਕੇ ਸੰਗਤਾਂ ਨੂੰ ਦਰਸ਼ਨ ਦੇਣ। ਇਸਦੇ ਨਾਲ ਹੀ ਕਸ਼ਮੀਰ ਵਿਚ ਜਾਣ ਦਾ ਇਕ ਹੋਰ ਕਾਰਨ ਵੀ ਬਣਿਆ, ਉਹ ਦੀ ਗਿਲ੍ਹਟੀ ਤਾਪ ਦਾ ਮਹਾਂਮਾਰੀ ਦੀ ਸ਼ਕਲ ਧਾਰਨ ਕਰ ਲੈਣਾ। ਸੰਨ 1616 ਤੋਂ 1624 ਤੱਕ ਕਸ਼ਮੀਰ ਵਿਚ ਗਿਲ੍ਹਟੀ ਤਾਪ ਮਾਰ ਕਰਦਾ ਰਿਹਾ; ਕਦੇ ਠੰਢ ਵਰਤ ਜਾਂਦੀ ਤੇ ਕਦੇ ਫਿਰ ਫੁੱਟ ਪੈਂਦਾ। ਅੰਧ-ਵਿਸ਼ਵਾਸੀ ਲੋਕ ਬਿਮਾਰੀਆਂ ਤੋਂ ਬਚਣ ਲਈ ਪੀਰਾਂ-ਫ਼ਕੀਰਾਂ ਦੀ ਸ਼ਰਨ ਵਿਚ ਚਲੇ ਜਾਂਦੇ ਸਨ। ਇਸ ਨਾਲ ਪੀਰਾਂ-ਫ਼ਕੀਰਾਂ ਦੀ ਮਾਨਤਾ ਤਾਂ ਵਧਦੀ ਸੀ, ਪਰ ਬੀਮਾਰੀ ਨੂੰ ਕੋਈ ਠੱਲ੍ਹ ਨਹੀਂ ਸੀ ਪੈਂਦੀ। ਲੋਕਾਂ ਨੂੰ ਪੀਰ-ਫ਼ਕੀਰਾਂ ਤੋਂ ਬਚਾਉਣ ਤੇ ਰੋਗ-ਪੀੜਤਾਂ ਦੀ ਸਹਾਇਤਾ ਲਈ ਗੁਰੂ ਪਾਤਸ਼ਾਹ ਕਸ਼ਮੀਰ ਜਾਣ ਲਈ ਜਲਦੀ ਹੀ ਤਿਆਰ ਹੋ ਗਏ।

### ਪ੍ਰਚਾਰ ਯਾਤਰਾ ਆਰੰਭ

ਸੰਨ 1620 ਦੀਆਂ ਗਰਮੀਆਂ ਆਰੰਭ ਹੋਣ ਤੋਂ ਪਹਿਲਾਂ ਹੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਵੱਲ ਤੁਰ ਪਏ। ਸ੍ਰੀ ਕਰਤਾਰਪੁਰ ਅਤੇ ਹਰਿਗੋਬਿੰਦਪੁਰਾ ਹੁੰਦੇ ਹੋਏ ਸਿਆਲਕੋਟ ਪੁੱਜੇ।

ਸਿਆਲਕੋਟ ਵਿਦਵਾਨਾਂ ਦਾ ਗੜ੍ਹ ਸੀ। ਉਸ ਵੇਲੇ ਦੇ ਪ੍ਰਸਿੱਧ ਵਿਦਵਾਨ, ਸੰਤ, ਫ਼ਕੀਰ ਸਤਿਗੁਰੂ ਜੀ ਨੂੰ ਮਿਲੇ। ਉਹਨਾਂ ਨਾਲ ਗੋਸ਼ਟਾਂ ਹੋਈਆਂ। ਫ਼ਕੀਰਾਂ ਵਿਚ ਮੌਲਵੀ ਅਬਦੁਲ ਹਕੀਮ ਦਾ ਨਾਂ ਪ੍ਰਸਿੱਧ ਹੈ। ਸੰਗਤਾਂ ਨੂੰ ਉਪਦੇਸ਼ ਦਿੰਦੇ ਹੋਏ ਚਪਰਾੜ ਨਗਰ ਪੁੱਜੇ, ਜਿਥੇ ਦੀ ਧਰਤੀ ਪਥਰੀਲੀ ਸੀ ਤੇ ਪਾਣੀ ਦੀ ਬਹੁਤ ਘਾਟ ਸੀ। ਇਥੇ ਸਤਿਗੁਰਾਂ ਨੇ ਜ਼ਮੀਨ ਵਿਚ ਬਰਛਾ ਗੱਡਿਆ; ਉਥੋਂ ਪਾਣੀ ਵਹਿ ਤੁਰਿਆ। ਜਿਸ ਨਾਲ ਨਗਰ ਨਿਵਾਸੀਆਂ ਦੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਸਰੋਵਰ ਬਣਾਇਆ। ਉਸ ਦਾ ਨਾਮ ਗੁਰੂ ਸਰ ਰੱਖਿਆ ਗਿਆ।

ਮੀਰਪੁਰ ਵਿਖੇ ਹੀ ਬੀਰੂ ਦੱਤ ਬ੍ਰਾਹਮਣ ਦਰਸ਼ਨਾਂ ਨੂੰ ਆਇਆ ਅਤੇ ਸਤਿਗੁਰਾਂ ਤੋਂ ਉਪਦੇਸ਼ ਲੈ ਸਿੱਖੀ ਧਾਰਨ ਕੀਤੀ। ਉਸਦੇ ਘਰਾਣੇ ਦੇ ਬਹੁਤ ਸਾਰੇ ਲੋਕ ਪੁਣਛ ਤੱਕ ਗੁਰੂ ਜੀ ਨਾਲ ਆਏ। ਕੋਣ ਪਿੰਡ ਵਿਖੇ ਝੰਗਣ ਨਾਮ ਦੇ ਬ੍ਰਾਹਮਣ ਨੇ ਗੁਰੂ-ਚਰਨਾਂ ਵਿਚ ਹਾਜ਼ਰ ਹੋ ਕੇ ਸਿੱਖੀ ਦੀ ਦਾਤ ਪ੍ਰਾਪਤ ਕੀਤੀ। ਮੁਹਸਿਨ ਫ਼ਾਨੀ ਅਨੁਸਾਰ 'ਝੰਡਾ' ਨਾਮ ਦੇ ਸਿੱਖ ਨੇ ਗੁਰੂ ਜੀ ਨੂੰ ਜੰਗਲਾਂ ਵਿਚ ਰਾਹ ਦੱਸਿਆ।

ਮੀਰਪੁਰ ਤੋਂ ਭਿੰਬਰ, ਬਹਿਰਾਮ ਗਾਹੀਂ ਸੁਪਈਆਂ ਪੁੱਜੇ ਸਨ। ਭਿੰਬਰ ਤੋਂ ਦਸ ਮੀਲ ਦੂਰ ਦੇ ਭਾਈ ਮੂਲ ਨੇ ਵੀ ਗੁਰੂ ਸਾਹਿਬ ਦੀ ਸਿੱਖੀ ਧਾਰਨ ਕੀਤੀ ਸੀ।

ਸੁਪਈਆਂ ਦੇ ਨੇੜੇ ਹੀ ਭਾਈ ਕੱਟੂ ਸ਼ਾਹ ਦਾ ਪਿੰਡ ਸੀ। ਉਥੇ ਜਾ ਉਸ ਨੂੰ ਦਰਸ਼ਨ ਦਿੱਤੇ।

ਫਿਰ ਸਤਿਗੁਰੂ ਜੀ ਰਾਜੌਰੀ ਤੋਂ ਹੁੰਦੇ ਥਾਨਾ ਮੰਡੀ, ਗੋਸ, ਪੀਰ ਮਾਰਗ ਪਹੁੰਚੇ। ਖਾਂਪੁਰ ਸਤ੍ਰਾਂ ਹੋ ਕੇ ਸ੍ਰੀਨਗਰ ਪੁੱਜੇ।

ਸ੍ਰੀਨਗਰ ਪਹੁੰਚ ਕੇ ਸਤਿਗੁਰਾਂ ਨੇ ਕਾਠੀ ਦਰਵਾਜ਼ੇ ਭਾਈ ਸੇਵਾ ਦਾਸ ਦੇ ਘਰ ਚਰਨ ਪਾਏ। ਭਾਈ ਸੇਵਾ ਦਾਸ, ਸਿੱਖ ਪ੍ਰਚਾਰਕ ਭਾਈ ਮਾਧੋ ਜੀ ਦੀ ਪ੍ਰੇਰਨਾ ਨਾਲ ਸਿੱਖ ਸਜਿਆ ਸੀ। ਭਾਈ ਮਾਧੋ ਨੂੰ ਗੁਰੂ ਅਰਜਨ ਦੇਵ ਜੀ ਨੇ ਪ੍ਰਚਾਰ ਲਈ ਕਸ਼ਮੀਰ ਭੇਜਿਆ ਸੀ।

### ਮਾਤਾ ਭਾਗਭਰੀ ਦੀ ਭੇਟਾ

ਭਾਈ ਸੇਵਾ ਦਾਸ ਦੀ ਮਾਤਾ ਭਾਗਭਰੀ ਜੀ ਦੇ ਮਨ ਵਿਚ ਸਿੱਖੀ ਅਤੇ ਗੁਰੂ-ਸਾਹਿਬਾਂ ਲਈ ਅਪਾਰ ਸ਼ਰਧਾ ਸੀ। ਉਸ ਦੇ ਮਨ ਦੀ ਇੱਛਾ ਸੀ ਕਿ ਗੁਰੂ ਜੀ ਉਸ ਨੂੰ ਆ ਕੇ ਦਰਸ਼ਨ ਦੇਣ ਕਿਉਂਕਿ ਬਹੁਤ ਬਿਰਧ ਹੋਣ ਕਾਰਨ ਉਹ ਅੰਮ੍ਰਿਤਸਰ ਨਹੀਂ ਸੀ ਜਾ ਸਕਦੀ। ਪਿਆਰ ਵੱਸ ਉਸ ਨੇ ਗੁਰੂ ਜੀ ਲਈ ਆਪਣੇ ਹੱਥੀਂ ਸੂਤ ਕੱਤ ਕੇ ਚੋਲਾ ਤਿਆਰ ਕਰਕੇ ਰੱਖਿਆ ਹੋਇਆ ਸੀ। ਗੁਰੂ ਜੀ ਨੇ ਮਾਤਾ ਭਾਗਭਰੀ ਪਾਸੋਂ ਆਪ ਚੋਲਾ ਮੰਗਿਆ। ਮਾਤਾ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਆਪਣੇ ਸਤਿਗੁਰੂ ਦੇ ਦਰਸ਼ਨ-ਦੀਦਾਰ ਹੋਣ ਨਾਲੋਂ ਵੱਡੀ ਖੁਸ਼ੀ ਸਿੱਖ ਲਈ ਕੀ ਹੋ ਸਕਦੀ ਹੈ। ਗੁਰੂ ਜੀ ਇਥੇ ਕੁਝ ਦਿਨ ਰਹੇ। ਉਨ੍ਹਾਂ ਦੀ

ਯਾਦ ਵਿਚ ਇਥੇ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਸੁਸ਼ੋਭਿਤ ਹੈ। ਗੁਰੂ ਜੀ ਨੇ ਪੱਕਾ ਟਿਕਾਣਾ 'ਸ਼ਾਲੀਮਾਰ ਬਾਗ' ਵਿਖੇ ਰੱਖਿਆ। ਇਨ੍ਹਾਂ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਤੇ ਉਸ ਦੀ ਬੇਗਮ ਨੂਰਜਹਾਂ ਵੀ ਸ੍ਰੀਨਗਰ ਵਿਚ ਹੀ ਸਨ। ਉਨ੍ਹਾਂ ਦਾ ਟਿਕਾਣਾ 'ਨਿਸ਼ਾਤ ਬਾਗ' ਵਿਖੇ ਸੀ। ਨੂਰਜਹਾਂ ਦੇ ਮਨ ਵਿਚ ਗੁਰੂ ਜੀ ਲਈ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਸੀ। ਉਹ ਸਹੇਲੀਆਂ ਦੇ ਨਾਲ ਸਜ-ਧਜ ਕੇ, ਖ਼ੂਬ ਹਾਰ-ਸ਼ਿੰਗਾਰ ਕਰ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਈ। ਸਤਿਗੁਰਾਂ ਦੇ ਚਰਨ ਸਪਰਸ਼ ਕੀਤੇ। ਮੀਰੀ-ਪੀਰੀ ਦੇ ਪਾਤਸ਼ਾਹ ਨੇ ਨੂਰਜਹਾਂ ਨੂੰ ਉਪਦੇਸ਼ ਦਿੱਤਾ, 'ਜੇ ਹਮੇਸ਼ਾ ਕਾਇਮ ਰਹਿਣ ਵਾਲੇ ਖ਼ੁਦਾ ਦੀ ਯਾਦ ਦਾ ਹਾਰ-ਸ਼ਿੰਗਾਰ ਕਰ ਲਵੇਂ, ਬੇਟੀ! ਤੂੰ ਸੱਚਮੁੱਚ ਖ਼ੁਦਾ ਨੂੰ ਪਾ ਲਵੇਂ।' ਉਸ ਨੂੰ ਇਹ ਵੀ ਸਮਝਾਇਆ ਕਿ ਮੌਤ ਨੂੰ ਯਾਦ ਰੱਖਣ ਨਾਲ ਮਨ ਵਿਕਾਰਾਂ ਦੀ ਮਾਰ ਤੋਂ ਬਚਿਆ ਰਹਿੰਦਾ ਹੈ।

### *ਭਾਈ ਕੱਟੂ ਸ਼ਾਹ*

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ 'ਸਿੱਖ ਦਾ ਮੂੰਹ, ਗੁਰੂ ਦੀ ਗੋਲਕ' ਦਾ ਉਪਦੇਸ਼ ਦ੍ਰਿੜ੍ਹਾਉਣ ਵਾਲੀ ਘਟਨਾ ਵੀ ਲਿਖੀ ਹੈ। ਸ੍ਰੀਨਗਰ ਵਿਖੇ ਵੱਖ-ਵੱਖ ਥਾਵਾਂ ਤੋਂ, ਜਥਿਆਂ ਦੇ ਰੂਪ ਵਿਚ, ਸੰਗਤਾਂ ਗੁਰੂ ਸਾਹਿਬ ਤੋਂ ਉਪਦੇਸ਼ ਗ੍ਰਹਿਣ ਕਰਨ ਲਈ ਪੁਜਦੀਆਂ ਸਨ। ਇਕ ਜਥੇ ਵਿਚ ਭਾਈ ਕੱਟੂ ਸ਼ਾਹ ਵੀ ਸਨ। ਉਨ੍ਹਾਂ ਨੂੰ ਰਸਤੇ ਵਿਚ ਸਾਹ ਦੀ ਤਕਲੀਫ਼ ਹੋਈ ਤੇ ਖੰਘ ਛਿੜ ਪਈ। ਉਨ੍ਹਾਂ ਨੇ ਜਥੇਦਾਰ ਪਾਸੋਂ ਕੁਝ ਬੂੰਦਾਂ ਸ਼ਹਿਦ ਦੀਆਂ ਮੰਗ ਲਈਆਂ। ਜਥੇਦਾਰ ਨੇ ਕਿਹਾ ਕਿ ਪਹਿਲਾਂ ਸ਼ਹਿਦ ਗੁਰੂ ਜੀ ਨੂੰ ਭੇਟ ਕਰਨਾ ਹੈ, ਫਿਰ ਹੀ ਕਿਸੇ ਨੂੰ ਦਿੱਤਾ ਜਾਵੇਗਾ। ਭਾਈ ਕੱਟੂ ਜੀ ਚੁੱਪ ਕਰ ਗਏ ਤੇ ਤਕਲੀਫ਼ ਸਹਿੰਦਿਆਂ ਹੋਇਆਂ ਹੀ ਪੈਂਡਾ ਤੈਅ ਕੀਤਾ। ਜਦ ਸੰਗਤਾਂ ਨੇ ਹੋਰ ਸੁਗਾਤਾਂ ਸਮੇਤ ਸ਼ਹਿਦ ਗੁਰੂ ਜੀ ਦੇ ਅੱਗੇ ਰਖਿਆ, ਗੁਰੂ ਜੀ ਨੇ ਕਿਹਾ ਕਿ ਸ਼ਹਿਦ ਵਿਚੋਂ ਬਦਬੂ ਆ ਰਹੀ ਹੈ, ਵਿਚ ਕੀੜੇ ਚੱਲ ਰਹੇ ਹਨ। ਰਸਤੇ ਵਿਚ ਕੋਈ ਵਿਘਨ ਪਿਆ ਹੋਣਾ ਹੈ। ਜਥੇਦਾਰ ਨੇ ਕਿਹਾ, 'ਮਹਾਰਾਜ ਰਸਤੇ ਵਿਚ ਭਾਈ ਕੱਟੂ ਜੀ ਨੂੰ ਸਾਹ-ਖੰਘ ਦਾ ਦੌਰਾ ਪਿਆ ਸੀ। ਉਨ੍ਹਾਂ ਨੇ ਕੁਝ ਬੂੰਦਾਂ ਸ਼ਹਿਦ ਦੀਆਂ ਮੰਗੀਆਂ ਸਨ, ਪਰ ਮੈਂ ਇਹ ਆਖ ਕੇ ਇਨਕਾਰ ਕਰ ਦਿੱਤਾ ਸੀ ਕਿ ਪਹਿਲਾਂ ਗੁਰੂ ਜੀ ਤਾਂ ਮੁੱਖ ਲਾ ਲੈਣ, ਫਿਰ ਹੀ ਕਿਸੇ ਨੂੰ ਹੋਰ ਦਿੱਤਾ ਜਾ ਸਕਦਾ ਹੈ।' ਗੁਰੂ ਜੀ ਨੇ ਉਸੇ ਸਮੇਂ ਹੀ ਫ਼ੁਰਮਾਇਆ: 'ਕੋਈ ਸਿੱਖ ਭੀੜਾ ਅੰਦਰ ਨਜ਼ਰ ਆਵੇ, ਉਸ ਨੂੰ ਦਿਓ। ਭੁਖਿਆਂ ਨੂੰ ਖੁਆਓ। ਸਿੱਖ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ।'

ਸ੍ਰੀਨਗਰ ਵਿਚ ਗੁਰੂ ਜੀ ਇਕ ਮਹੀਨੇ ਤੋਂ ਵੀ ਵੱਧ ਸਮਾਂ ਰਹੇ। ਇਸੇ ਦੌਰਾਨ ਮਾਤਾ ਭਾਗਭਰੀ ਅਕਾਲ ਚਲਾਣਾ ਕਰ ਗਈ। ਗੁਰੂ ਜੀ ਨੇ ਉਸ ਦਾ ਸਸਕਾਰ ਆਪ ਕੀਤਾ।

ਸ੍ਰੀਨਗਰ ਤੋਂ ਗੁਰੂ ਜੀ ਬਾਰਾਮੂਲਾ ਆਏ। ਉਥੇ ਉਨ੍ਹਾਂ ਦੀ ਯਾਦ ਵਿਚ 'ਕੋਟ ਤੀਰਥ' ਨਾਮ ਦਾ ਗੁਰ ਅਸਥਾਨ ਹੈ। ਇਥੇ ਆਪ ਠਹਿਰੇ ਸਨ ਅਤੇ ਉਨ੍ਹਾਂ ਆਪਣੇ ਹੱਥ ਨਾਲ ਚਿਨਾਰ ਦਾ ਦਰਖ਼ਤ ਲਾਇਆ ਸੀ। ਇਥੋਂ ਹੀ ਆਪ ਸਿੰਘਪੁਰਾ ਵਿਖੇ ਸ਼ਿਕਾਰ ਖੇਡਣ ਜਾਂਦੇ ਸਨ।

ਬਾਰਾਮੂਲਾ ਤੋਂ ਗੁਰੂ ਜੀ ਉੜੀ, ਦੁਲਾਂਝਾ, ਕਠਾਈ, ਖਾਂਡਾ, ਨਲੂਛੀ (ਮੁਜ਼ੱਫਰਾਬਾਦ) ਪੁੱਜੇ। ਉਥੋਂ ਹਜ਼ਰੋ, ਹਜ਼ਾਰਾ ਹੁੰਦੇ ਹੋਏ ਹਸਨ ਅਬਦਾਲ (ਪੰਜਾ ਸਾਹਿਬ) ਪੁੱਜੇ। ਉਨ੍ਹਾਂ ਦੀ

ਯਾਦ ਵਿਚ ਥਾਂ-ਥਾਂ ਗੁਰਦੁਆਰੇ ਹਨ।

ਕਸ਼ਮੀਰ ਵਿਚ ਤਾਪ ਦਾ ਜ਼ੋਰ ਸੀ। ਕਸ਼ਮੀਰ-ਯਾਤਰਾ ਦੌਰਾਨ ਗੁਰੂ ਜੀ ਨੇ ਗਿਲਟੀ ਤਾਪ ਤੋਂ ਪੀੜਤ ਲੋਕਾਂ ਦੀ ਵੱਧ ਤੋਂ ਵੱਧ ਸਹਾਇਤਾ ਕੀਤੀ। ਦਸਵੰਧ ਦੀ ਸਾਰੀ ਮਾਇਆ ਦੁਖੀਆਂ ਲਈ ਵਰਤੀ। ਰੋਗੀਆਂ ਦੀ ਦਵਾਈਆਂ, ਵਸਤਰਾਂ, ਕੰਬਲਾਂ ਆਦਿ ਨਾਲ ਸਹਾਇਤਾ ਕੀਤੀ। ਗੁਰਸਿੱਖਾਂ ਨਾਲ ਰਲ ਕੇ ਹੱਥੀਂ ਸੇਵਾ ਵੀ ਕੀਤੀ ਅਤੇ ਲੰਗਰ ਲਗਾਏ। ਗੁਰੂ ਸਾਹਿਬ ਦੇ ਉਪਦੇਸ਼ਾਂ ਦੇ ਪ੍ਰਭਾਵ ਅਤੇ ਦੀਨ-ਦੁਖੀਆਂ ਦੀ ਸਹਾਇਤਾ ਕਾਰਨ ਹਜ਼ਾਰਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ।

## *ਗੁਜਰਾਤ ਵਿਚ*

ਗੁਜਰਾਤ ਅਣਵੰਡੇ ਪੰਜਾਬ ਵਿਚ ਆਉਂਦਾ ਸੀ। ਇਹ ਵਜ਼ੀਰਾਬਾਦ ਅਤੇ ਲਾਲਾਮੂਸਾ ਦੇ ਵਿਚਕਾਰ ਦਾ ਇਲਾਕਾ ਸੀ। ਅੱਜਕੱਲ੍ਹ ਇਹ ਪਾਕਿਸਤਾਨ ਦਾ ਪ੍ਰਸਿੱਧ ਜ਼ਿਲ੍ਹਾ ਹੈ ਅਤੇ ਲਾਹੌਰ ਤੋਂ ਪਿਸ਼ਾਵਰ ਜਾਣ ਵਾਲੀ ਰੇਲਵੇ ਲਾਈਨ ਤੇ ਸਥਿਤ ਹੈ। ਸਟੇਸ਼ਨ ਤੋਂ ਇਕ ਮੀਲ ਦੀ ਵਿੱਥ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿਚ ਬਣਿਆ ਗੁਰਦੁਆਰਾ ਹੈ।

ਗੁਜਰਾਤ ਵਿਚ ਸ਼ਾਹ ਦੌਲਾ ਨਾਂ ਦਾ ਫ਼ਕੀਰ ਬਹੁਤ ਪ੍ਰਸਿੱਧ ਸੀ। ਉਸਨੇ ਲੋਕ ਭਲਾਈ ਦੇ ਅਨੇਕਾਂ ਕੰਮ ਕੀਤੇ ਸਨ। ਉਸ ਨੇ ਭਿੰਬਰ ਦਰਿਆ ਦਾ ਬੰਨ੍ਹ ਬੰਨ੍ਹਿਆ ਅਤੇ ਦਰਿਆ ਤੇ ਪੁਲ ਬਣਾਇਆ ਸੀ ਅਤੇ ਸਿਆਲਕੋਟ ਤੇ ਅਮੀਨਾਬਾਦ ਦੀਆਂ ਨਦੀਆਂ ਉਪਰ ਵੀ ਪੁਲ ਬਣਵਾਏ ਸਨ। ਲੋਕ ਉਸਦਾ ਬਹੁਤ ਸਤਿਕਾਰ ਕਰਦੇ ਸਨ। ਗੁਰੂ ਸਾਹਿਬ ਨੇ ਵੀ ਉਸਦੀ ਤਾਰੀਫ਼ ਕਰਦਿਆਂ ਉਸ ਨੂੰ 'ਫ਼ਕੀਰ ਮਉਲਾ' ਆਖ ਕੇ ਨਿਵਾਜਿਆ ਸੀ।

ਸ਼ਾਹਦੌਲਾ ਦਾ ਇਕ ਚੇਲਾ ਸੀ—ਜਹਾਂਗੀਰ। ਉਹ ਗੁਰੂ ਸਾਹਿਬ ਦੇ ਨਾਲ ਫ਼ੌਜਾਂ, ਘੋੜੇ, ਹਥਿਆਰ, ਸਿੱਖ-ਸੇਵਕ ਤੇ ਸ਼ਾਹੀ ਠਾਠ-ਬਾਠ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ। ਗੁਰੂ ਸਾਹਿਬ ਦਾ ਵਿਆਹੇ ਤੇ ਸੰਤਾਨ ਵਾਲਾ ਹੋਣਾ ਉਸ ਲਈ ਹੋਰ ਹੈਰਾਨੀ ਦਾ ਕਾਰਨ ਸੀ। ਉਸ ਦੇ ਵਿਚਾਰਾਂ ਅਨੁਸਾਰ ਅਜਿਹਾ ਵਿਅਕਤੀ ਰੂਹਾਨੀ-ਆਗੂ ਨਹੀਂ ਹੋ ਸਕਦਾ ਸੀ। ਉਸ ਕੋਲੋਂ ਚੁੱਪ ਨਾ ਰਿਹਾ ਗਿਆ ਅਤੇ ਆਖਣ ਲੱਗਾ :

ਹਿੰਦੂ ਕਿਆ ਤੇ ਪੀਰ ਕਿਆ?
ਔਰਤ ਕਿਆ ਤੇ ਫ਼ਕੀਰ ਕਿਆ?
ਦੌਲਤ ਕਿਆ ਤੇ ਤਿਆਗ ਕਿਆ?
ਲੜਕੇ ਕਿਆ ਤੇ ਬੈਰਾਗ ਕਿਆ?
ਆਰਫ਼ ਕਿਆ ਤੇ ਦੁਨੀਆਦਾਰ ਕਿਆ?
ਮਜ਼ਹਬ ਕਿਆ ਤੇ ਸੱਚ ਕਿਆ?
ਪੁਜਾਰੀ ਕਿਆ ਤੇ ਸਵਾਬ ਕਿਆ?
ਮਾਰੂਥਲ ਕਿਆ ਤੇ ਆਬ ਕਿਆ?

ਸਤਿਗੁਰੂ ਮੁਸਕਰਾ ਪਏ ਤੇ ਸਮਝ ਗਏ ਕਿ ਜਹਾਂਗੀਰ ਨੂੰ ਆਪਣੇ 'ਫਕੀਰ' ਹੋਣ ਦਾ ਹੰਕਾਰ ਹੈ। ਉਸ ਦੇ ਸ਼ੰਕਿਆਂ ਨੂੰ ਨਵਿਰਤ ਕਰਨ ਲਈ ਆਪ ਨੇ ਕਿਹਾ :

ਮੀਰੀ ਰੱਬ ਦਾ ਦਾਨ, ਔਰਤ ਈਮਾਨ।
ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ।
ਫ਼ਕੀਰ ਨਾ ਹਿੰਦੂ ਨਾ ਮੁਸਲਮਾਨ।
ਆਰਫ਼ ਵੀਚਾਰ, ਮਜ਼ਹਬ ਸੁਧਾਰ।
ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ।

ਸਤਿਗੁਰੂ ਜੀ ਦਾ ਇਹ ਕੁਝ ਕਹਿਣ ਤੋਂ ਭਾਵ ਸੀ ਕਿ ਮੀਰੀ (ਸ਼ਾਹੀ ਠਾਠ) ਤੇ ਪੀਰੀ (ਧਾਰਮਿਕ ਅਗਵਾਈ) ਪ੍ਰਭੂ ਦੀਆਂ ਦਾਤਾਂ ਹਨ। ਪਤਨੀ (ਔਰਤ) ਸੰਜਮ ਦਾ ਦੂਜਾ ਨਾਂ ਹੈ; ਈਮਾਨ ਦੀ ਰਾਖੀ ਹੈ। ਦੌਲਤ ਗੁਜ਼ਾਰੇ ਵਾਸਤੇ ਹੈ, ਸੰਤਾਨ ਮੇਲ-ਜੋਲ ਦਾ ਢੰਗ ਸਿਖਾਉਂਦੀ ਹੈ। ਵਿਚਾਰਵਾਨ ਹੋਣ ਲਈ ਆਰਫ਼ (ਵਿਦਵਾਨ) ਬਣਨਾ ਪੈਂਦਾ ਹੈ; ਮਜ਼ਹਬ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਹੈ। ਪੁਜਾਰੀ ਨੂੰ ਉੱਚੇ ਆਚਰਨ ਵਾਲਾ ਹੋਣਾ ਚਾਹੀਦਾ ਹੈ ਅਤੇ ਮਾਰੂਥਲ ਵਿਚ ਜਲ ਦਾ ਹੋਣਾ, ਭਾਵ, ਸੰਸਾਰਿਕਤਾ ਵਿਚ ਅਧਿਆਤਮਿਕਤਾ ਦਾ ਹੋਣਾ, ਪ੍ਰਭੂ ਦੀ ਖੇਡ ਹੈ।

ਇਹ ਬਚਨ ਸੁਣ ਕੇ 'ਜਹਾਂਗੀਰ' ਗੁਰੂ ਜੀ ਦਾ ਮੁਰੀਦ ਬਣ ਗਿਆ।

ਗੁਜਰਾਤ ਤੋਂ **ਹਾਫਿਜ਼ਾਬਾਦ** ਆਏ। ਇਥੇ ਭਾਈ ਕਰਮ ਚੰਦ ਨੂੰ ਜਪੁ ਜੀ ਸਾਹਿਬ ਦੇ ਅਰਥ ਸਮਝਾਏ ਅਤੇ ਪ੍ਰਚਾਰ ਕਰਨ ਅਥਵਾ ਲੋਕਾਂ ਦੇ ਸ਼ੰਕੇ ਨਵਿਰਤ ਕਰਨ ਦਾ ਢੰਗ ਦੱਸਿਆ। ਇਥੇ ਹੀ ਭਾਈ ਬੁੱਲੇ, ਭਾਈ ਬੁੱਲਣ ਨਿਹਾਲਾ, ਭਾਈ ਤੁਲਸਾ, ਭਾਈ ਤੀਰਥੀਏ, ਭਾਈ ਭਗਤੇ ਭਗਵਾਨੇ ਅਤੇ ਭਾਈ ਬੇਦਲੇ ਨੇ ਸਤਿਗੁਰਾਂ ਤੋਂ ਉਪਦੇਸ਼ ਲੈ ਕੇ ਮਨ ਵਿਚ ਉਠਦੇ ਸਵਾਲਾਂ ਨੂੰ ਸ਼ਾਂਤ ਕੀਤਾ।

ਹਾਫਿਜ਼ਾਬਾਦ ਤੋਂ ਮੰਦਰਾਂ ਅਤੇ ਭਾਈ ਕੇ ਮਟਵੀ ਪੁੱਜੇ। ਇਸ ਅਸਥਾਨ 'ਤੇ ਇਥੋਂ ਦੇ ਕਈ ਪੰਡਿਤਾਂ ਨੇ ਗੁਰੂ ਜੀ ਤੋਂ ਸਿੱਖੀ ਧਾਰਨ ਕੀਤੀ ਸੀ। ਉਨ੍ਹਾਂ ਦੇ ਮੁਖੀ ਦਾ ਨਾਮ ਭਾਈ ਮੱਟੂ ਸੀ। ਇਸ ਦੇ ਨਾਮ ਤੇ ਇਸ ਅਸਥਾਨ ਦਾ ਨਾਮ 'ਭਾਈ ਕੇ ਮੱਟੂ' (ਮਟਵੀ) ਪਿਆ।[35]

ਸੰਗਤਾਂ ਨੂੰ ਤਾਰਦੇ ਹੋਏ **ਨਨਕਾਣਾ ਸਾਹਿਬ** ਪੁੱਜੇ। ਇਥੇ ਗੁਰੂ ਨਾਨਕ ਸਾਹਿਬ ਦੇ ਜਨਮ-ਅਸਥਾਨ 'ਤੇ ਇਮਾਰਤ ਬਣਾਉਣ ਲਈ ਟੱਕ ਲਾਇਆ। ਗੁਰੂ ਨਾਨਕ ਸਾਹਿਬ ਦੀਆਂ ਹੋਰ ਯਾਦਗਾਰਾਂ ਦੀ ਸੰਭਾਲ ਵੀ ਕੀਤੀ। ਬਾਕੀ ਸੰਗਤਾਂ ਤੋਂ ਸਿਵਾ ਰਾਇ ਬੁਲਾਰ ਜੀ ਦੀ ਸੰਤਾਨ ਵੀ ਦਰਸ਼ਨਾਂ ਨੂੰ ਆਈ।

ਨਨਕਾਣਾ ਸਾਹਿਬ ਤੋਂ **ਲਾਹੌਰ** ਪਧਾਰੇ। ਲਾਹੌਰ ਆਪ ਪਹਿਲਾਂ ਵੀ ਦੋ-ਤਿੰਨ ਵਾਰ ਆ ਚੁੱਕੇ ਸਨ। ਲਾਹੌਰ ਵਿਚ ਆਪ ਜੀ ਨਾਲ ਸੰਬੰਧਿਤ ਹੇਠ ਲਿਖੇ ਗੁਰਦੁਆਰੇ ਹਨ :

**ਗੁਰਦੁਆਰਾ ਚੁਮ੍ਹਾਲਾ ਸਾਹਿਬ :** ਇਹ ਗੁਰਦੁਆਰਾ ਲਾਹੌਰ ਸ਼ਹਿਰ ਦੇ ਭਾਟੀ ਦਰਵਾਜ਼ੇ ਦੇ ਅੰਦਰ ਚੁਮਾਲਾ ਮੁਹੱਲੇ ਵਿਚ ਹੈ। ਇਥੇ ਭਾਈ ਜੀਵਨ ਮੱਲ ਦਾ ਘਰ ਸੀ, ਜਿਸ ਨੂੰ ਗੁਰਦੁਆਰੇ ਦਾ ਰੂਪ ਦੇ ਦਿੱਤਾ ਗਿਆ ਸੀ। ਗੁਰੂ ਸਾਹਿਬ 'ਮੁਜੰਗ' ਤੋਂ ਆ ਕੇ ਇਥੇ ਕਈ ਵਾਰ ਦੀਵਾਨ ਲਗਾਇਆ ਕਰਦੇ ਸਨ। ਜਿਸ ਬੇਰੀ ਨਾਲ ਘੋੜਾ ਬੰਨ੍ਹਿਆ ਸੀ, ਉਹ ਮੌਜੂਦ ਹੈ।

**ਗੁਰਦੁਆਰਾ ਸਾਹਿਬ, ਮੁਜੰਗ :** ਗੁਰੂ ਸਾਹਿਬ ਲਾਹੌਰ ਵਿਚ ਆ ਕੇ ਆਮ ਤੌਰ ਤੇ ਇਥੇ

ਹੀ ਨਿਵਾਸ ਰੱਖਦੇ ਸਨ। ਇਹ ਗੁਰਦੁਆਰਾ ਲਾਹੌਰ ਸ਼ਹਿਰ ਤੋਂ ਲਗਪਗ ਦੋ ਕਿਲੋਮੀਟਰ ਬਾਹਰ ਹੈ। ਵਰਤਮਾਨ ਸਮੇਂ ਵਿਚ ਇਹ ਅਸਥਾਨ ਮੰਦਰ ਰੋਡ, ਭੂੰਡਪੁਰਾ ਅਰਥਾਤ ਟੈਂਪਲ ਥਾਣੇ ਦੇ ਕੋਲ ਹੈ।

**ਗੁਰਦੁਆਰਾ ਸ਼ਿਕਾਰਗੜ੍ਹ ਸਾਹਿਬ :** ਇਹ ਗੁਰਦੁਆਰਾ ਮੁਜੰਗਾਂ ਤੋਂ ਥੋੜ੍ਹਾ ਅੱਗੇ ਜਾ ਕੇ ਫਿਰੋਜ਼ਪੁਰ ਨੂੰ ਜਾਂਦੀ ਸੜਕ ਉੱਪਰ ਹੈ। ਇਥੇ ਗੁਰੂ ਸਾਹਿਬ ਸ਼ਿਕਾਰ ਖੇਡਦੇ ਹੁੰਦੇ ਸਨ। ਉਸ ਸਮੇਂ ਇਹ ਥਾਂ ਸੰਘਣੇ ਜੰਗਲ ਵਾਲੀ ਸੀ, ਪਰ ਸੰਗਤਾਂ ਨੇ ਗੁਰੂ ਜੀ ਦੀ ਯਾਦ ਵਜੋਂ ਸੰਭਾਲ ਰੱਖੀ ਸੀ। ਇਥੇ ਸੁੰਦਰ ਗੁਰਦੁਆਰਾ ਅਤੇ ਸਰੋਵਰ ਬਣਾਇਆ ਗਿਆ ਸੀ।

### *ਬੀਬੀ ਕੌਲਾਂ ਦਾ ਗੁਰਬਾਣੀ ਨਾਲ ਪਿਆਰ*

ਬੀਬੀ ਕੌਲਾਂ ਲਾਹੌਰ ਦੇ ਕਾਜ਼ੀ ਰੁਸਤਮ ਖ਼ਾਨ ਦੀ ਮੁੱਲ ਲੈ ਕੇ ਪਾਲੀ ਹੋਈ ਕਨੀਜ਼ (ਗੋਲੀ/ਦਾਸੀ) ਸੀ। 'ਮਹਾਨ ਕੋਸ਼' ਅਨੁਸਾਰ ਉਸਦਾ ਪਹਿਲਾ ਨਾਮ ਕਮਲਾ ਸੀ।[36] ਉਹ ਛੋਟੀ ਉਮਰ ਤੋਂ ਹੀ ਧਾਰਮਿਕ ਵਿਚਾਰਾਂ ਵਾਲੀ ਸੀ ਅਤੇ ਧਾਰਮਿਕ ਪੁਰਖਾਂ ਦੀ ਸੰਗਤ ਵਿਚ ਰਹਿਣ ਦੀ ਕੋਸ਼ਿਸ਼ ਕਰਦੀ ਸੀ। ਇਸੇ ਕਰਕੇ ਹੀ ਉਹ ਸਾਈਂ ਮੀਆਂ ਮੀਰ ਜੀ ਦੀ ਚੇਲੀ ਬਣ ਗਈ ਸੀ। ਉਸ ਨੇ ਸਾਈਂ ਜੀ ਦੇ ਮੁਰੀਦ ਸ਼ਾਹ ਅਬਦੁੱਲਾ ਪਾਸੋਂ ਗੁਰਬਾਣੀ ਸੁਣ ਕੇ ਕੰਠ ਕਰ ਲਈ ਸੀ। ਸ਼ਾਹ ਅਬਦੁੱਲਾ ਉਸ ਨੂੰ ਸੂਫ਼ੀ ਕਲਾਮ ਵੀ ਪੜ੍ਹਾਉਂਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਜਦੋਂ ਪਹਿਲੀ ਵਾਰ ਸਾਈਂ ਮੀਆਂ ਮੀਰ ਜੀ ਨੂੰ ਮਿਲਣ ਉਸ ਦੀ ਖ਼ਾਨਕਾਹ ਵਿਚ ਗਏ ਸਨ ਤਾਂ ਕੌਲਾਂ ਨੇ ਉਨ੍ਹਾਂ ਦੇ ਦਰਸ਼ਨ ਕੀਤੇ ਸਨ ਅਤੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਈ ਸੀ। ਉਸ ਨੇ ਸਾਈਂ ਮੀਆਂ ਮੀਰ ਜੀ ਤੋਂ ਇਹ ਵੀ ਸੁਣ ਰਖਿਆ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਪਹੁੰਚ ਕੇ ਕਾਲ-ਪੀੜਤਾਂ ਦੀ ਕਿਵੇਂ ਸੇਵਾ ਕੀਤੀ ਸੀ; ਜਿਥੇ ਬਿਮਾਰਾਂ ਦੀ ਦਵਾਈਆਂ, ਕੱਪੜਿਆਂ ਤੇ ਲੰਗਰ ਲਾ ਕੇ ਸਹਾਇਤਾ ਕੀਤੀ, ਉਥੇ ਸ਼ਹਿਰ ਵਿਚ ਮੁਰਦਿਆਂ ਨੂੰ ਚੁੱਕ ਕੇ ਬਾਹਰ ਲਿਜਾਉਣ ਤੇ ਦਫ਼ਨ ਕਰਨ ਦਾ ਪ੍ਰਬੰਧ ਵੀ ਕੀਤਾ ਸੀ। ਗੁਰੂ ਸਾਹਿਬ ਤੇ ਸਿੱਖ ਸੰਗਤਾਂ ਦੀ ਇਸ ਸੇਵਾ ਕਾਰਨ ਸਾਰੇ ਸ਼ਹਿਰ ਨਿਵਾਸੀ ਹੀ ਸਿੱਖੀ ਤੇ ਸਿੱਖਾਂ ਦੀ ਪ੍ਰਸ਼ੰਸਾ ਕਰਦੇ ਸਨ। ਬੀਬੀ ਕੌਲਾਂ ਵੀ ਇਹੋ ਜਿਹੀਆਂ ਗੱਲਾਂ ਸੁਣ ਕੇ ਗੁਰੂ ਸਾਹਿਬਾਨ ਦੀ ਸ਼ਰਧਾਲੂ ਹੋ ਗਈ ਸੀ ਅਤੇ ਗੁਰਬਾਣੀ ਨੂੰ ਬੜੇ ਪਿਆਰ ਅਤੇ ਸ਼ਰਧਾ ਨਾਲ ਪੜ੍ਹਦੀ ਸੀ। ਇਸ ਗੱਲ ਦਾ ਜ਼ਿਕਰ 'ਉਦਮਾਤੁਤ-ਤਵਾਰੀਖ' ਵਿਚ ਇੰਝ ਕੀਤਾ ਗਿਆ ਹੈ : "ਕੌਲਾਂ ਨਾਮ ਦੀ ਕਾਜ਼ੀ ਦੀ ਲੌਂਡੀ (ਮੁੱਲ ਖਰੀਦੀ ਦਾਸੀ) ਜੋ ਕਿ ਇਸ ਉੱਚੇ ਦਰਬਾਰ ਦੀ ਉਪਾਸ਼ਕਾਂ ਦੀ ਗਿਣਤੀ ਵਿਚੋਂ ਸੀ, ਈਮਾਨ ਲੈ ਆਈ (ਸਿੱਖ ਬਣ ਗਈ)।"

ਕੌਲਾਂ ਦਾ ਪਿਤਾ ਮੁਜੰਗ ਵਿਖੇ ਹੀ ਰਹਿੰਦਾ ਸੀ। ਗੁਰੂ ਹਰਿਗੋਬਿੰਦ ਸਾਹਿਬ ਵੀ ਇਸ ਇਲਾਕੇ ਵਿਚ ਵਧੇਰੇ ਠਹਿਰਦੇ ਤੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿਆ ਕਰਦੇ ਸਨ। ਸੁਭਾਵਕ ਹੀ ਹੈ ਕਿ ਕੌਲਾਂ ਸੰਗਤ ਵਿਚ ਜ਼ਰੂਰ ਆਉਂਦੀ ਹੋਵੇਗੀ। ਜਦੋਂ ਗੁਰੂ ਜੀ ਕਸ਼ਮੀਰ ਤੋਂ ਹੋ ਕੇ ਲਾਹੌਰ ਪੁੱਜੇ, ਮੁਜੰਗੀ ਠਹਿਰੇ ਤਾਂ ਕੌਲਾਂ ਨੇ ਸੰਗਤ ਵਿਚ ਬੈਠ ਕੇ ਉਨ੍ਹਾਂ ਦੇ ਉਪਦੇਸ਼ ਸੁਣੇ। ਇਸ ਤਰ੍ਹਾਂ ਉਹ ਮਨ ਹੀ ਮਨ ਵਿਚ 'ਸਿੱਖ' ਬਣ ਗਈ ਸੀ।

ਕਾਜ਼ੀ ਰੁਸਤਮ ਖ਼ਾਨ ਗੁਰਬਾਣੀ ਪ੍ਰਤੀ ਲੋਕਾਂ ਦੇ ਪਿਆਰ ਨੂੰ ਵੇਖ ਕੇ ਬਹੁਤ ਕ੍ਰਿਝਦਾ

ਸੀ। ਲਾਹੌਰ ਦੀ ਮਸਜਿਦ ਦੇ ਕਾਜ਼ੀ ਦੀ ਕੁੜੀ ਗੁਰਬਾਣੀ ਪੜ੍ਹੇ, ਸਿੱਖ-ਗੁਰੂਆਂ ਦੀ ਵਡਿਆਈ ਕਰੇ, ਕਾਜ਼ੀ ਇਹ ਕਿਵੇਂ ਜਰ ਸਕਦਾ ਸੀ? ਉਹ ਤਾਂ ਕੌਲਾਂ ਨੂੰ ਇਸਲਾਮ ਵਿਚ ਪਰਪੱਕ ਕਰਨਾ ਚਾਹੁੰਦਾ ਸੀ। ਉਸ ਨੇ ਕੌਲਾਂ ਨੂੰ ਬਹੁਤ ਸਮਝਾਇਆ, ਡਰਾਵੇ ਵੀ ਦਿੱਤੇ, ਪਰ ਕੌਲਾਂ ਤੇ ਇਸ ਨਾਲ ਕੋਈ ਅਸਰ ਨਾ ਪਿਆ।

## *ਗੁਰੂ ਦਾ ਘੋੜਾ, ਗੁਰੂ ਜੀ ਕੋਲ*

ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਲਈ ਕਾਬਲ, ਕੰਧਾਰ ਵੱਲ ਭੇਜਣਾ ਆਰੰਭ ਕਰ ਦਿੱਤਾ ਸੀ। ਘੋੜਿਆਂ ਦੇ ਨਾਲ ਸਿੱਖ ਹੋਰ ਵਸਤਾਂ ਦਾ ਵੀ ਵਪਾਰ ਕਰਨ ਲੱਗ ਪਏ ਸਨ। ਵਪਾਰ ਕਰਨ ਦੀ ਤਾਂ ਪੂਰੀ ਖੁਲ੍ਹ ਸੀ, ਪਰ ਰਸਤੇ ਵਿਚ ਕਈ ਵਾਰ ਸਰਕਾਰੀ ਅਧਿਕਾਰੀ ਘੋੜੇ ਖੋਹ ਲੈਂਦੇ ਸਨ।

ਇਕ ਵਾਰ, ਇਕ ਸਿੱਖ ਵਪਾਰੀ ਘੋੜੇ ਖਰੀਦ ਕੇ ਲਿਆਇਆ। ਉਸ ਨੇ ਇਕ ਘੋੜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਭੇਟਾ ਦੇਣ ਲਈ ਮਨ ਬਣਾ ਲਿਆ। ਲਾਹੌਰ ਦੇ ਹਾਕਮ ਨੇ ਉਹ ਘੋੜਾ ਖੋਹ ਕੇ, ਤਬੇਲੇ ਵਿਚ ਜਾ ਬੰਨ੍ਹਿਆ। ਸਿੱਖ ਨੇ ਬਥੇਰਾ ਕਿਹਾ ਕਿ ਇਹ ਘੋੜਾ ਗੁਰੂ ਹਰਿਗੋਬਿੰਦ ਸਾਹਿਬ ਲਈ ਹੈ, ਪਰ ਉਸਦੀ ਇਕ ਨਾ ਸੁਣੀ ਗਈ। ਉਸ ਨੇ ਸਾਰੀ ਘਟਨਾ ਗੁਰੂ ਸਾਹਿਬ ਨੂੰ ਜਾ ਦੱਸੀ। ਸਤਿਗੁਰ ਜੀ ਨੇ ਉਸ ਨੂੰ ਧੀਰਜ ਦਿੰਦਿਆਂ ਆਖਿਆ ਕਿ ਉਹ ਚਿੰਤਾ ਨਾ ਕਰੇ, ਉਸ ਵਲੋਂ ਦਿੱਤਾ ਘੋੜਾ ਉਨ੍ਹਾਂ ਤੱਕ ਪਹੁੰਚ ਗਿਆ ਹੈ।

ਉਧਰ ਘੋੜੇ ਨੂੰ ਕੋਈ ਬਿਮਾਰੀ ਲੱਗ ਗਈ ਉਸ ਨੇ ਖਾਣਾ-ਪੀਣਾ ਬੰਦ ਕਰ ਦਿੱਤਾ। ਕਿਸੇ ਦਵਾਈ ਦਾ ਕੋਈ ਅਸਰ ਨਾ ਹੋਇਆ। ਉਹ ਘੋੜਾ ਕਾਜ਼ੀ ਨੂੰ ਭੇਟ ਕਰ ਦਿੱਤਾ ਗਿਆ। ਕਾਜ਼ੀ ਨੇ ਕਈ ਉਪਾਅ ਕੀਤੇ, ਪਰ ਘੋੜੇ ਦੇ ਬਚਣ ਦੀ ਕੋਈ ਆਸ ਨਾ ਰਹੀ। ਉਸ ਨੇ ਉਹ ਘੋੜਾ ਬੜੇ ਸਸਤੇ ਮੁੱਲ ਗੁਰੂ ਹਰਿਗੋਬਿੰਦ ਜੀ ਕੋਲ ਵੇਚ ਦਿੱਤਾ। ਘੋੜੇ ਦਾ ਇਲਾਜ ਬੜੇ ਧਿਆਨ ਨਾਲ ਕੀਤਾ ਗਿਆ। ਉਹ ਠੀਕ ਹੋਣਾ ਸ਼ੁਰੂ ਹੋ ਗਿਆ ਤੇ ਕੁਝ ਹੀ ਦਿਨਾਂ ਵਿਚ ਨਵਾਂ-ਨਰੋਆ ਹੋ ਗਿਆ। ਕਾਜ਼ੀ ਘੋੜਾ ਵੇਖੇ ਤਾਂ ਬੜਾ ਪਛਤਾਏ। ਉਸ ਨੇ ਵਾਪਸ ਮੁੱਲ ਲੈਣਾ ਚਾਹਿਆ, ਪਰ ਸਿੱਖਾਂ ਨੇ ਇਨਕਾਰ ਕਰ ਦਿੱਤਾ। ਜਿਹੜਾ ਵਪਾਰੀ-ਸਿੱਖ ਘੋੜਾ ਲੈ ਕੇ ਆਇਆ ਸੀ, ਉਸ ਨੂੰ ਬਹੁਤ ਪ੍ਰਸੰਨਤਾ ਹੋਈ ਕਿ ਉਸ ਦੀ ਭੇਟਾ ਗੁਰੂ ਜੀ ਕੋਲ ਪਹੁੰਚ ਗਈ ਹੈ।

ਕੁਝ ਦਿਨਾਂ ਮਗਰੋਂ ਗੁਰੂ ਜੀ ਅੰਮ੍ਰਿਤਸਰ ਆ ਗਏ।

## *(ਗੁਰੂ) ਤੇਗ ਬਹਾਦਰ ਜੀ ਦਾ ਪ੍ਰਕਾਸ਼*

ਪਹਿਲੀ ਅਪ੍ਰੈਲ, ਸੰਨ 1621 ਨੂੰ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ, ਅੰਮ੍ਰਿਤਸਰ ਗੁਰੂ ਕੇ ਮਹਿਲਾਂ ਵਿਚ, ਇਕ ਬਾਲਕ ਦਾ ਜਨਮ ਹੋਇਆ। ਬਾਲਕ ਦਾ ਨਾਮ ਤਿਆਗ ਮੱਲ ਰੱਖਿਆ ਗਿਆ, ਜੋ ਮਗਰੋਂ ਜਾ ਕੇ ਸਿੱਖਾਂ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਬਣੇ।

# ਰਾਜ-ਬਦਲੀ ਤੇ ਹੋਰ ਸਮਾਚਾਰ

## *ਜਹਾਂਗੀਰ ਦਾ ਅੰਤਲਾ ਸਮਾਂ*

ਜਹਾਂਗੀਰ ਸੰਨ 1620 ਦੀਆਂ ਗਰਮੀਆਂ ਵਿਚ ਕਸ਼ਮੀਰ ਗਿਆ ਸੀ। ਸ੍ਰੀਨਗਰ ਵਿਖੇ ਉਹ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਮਿਲਿਆ ਵੀ ਸੀ। ਗੁਰੂ ਸਾਹਿਬ ਤਾਂ ਵਾਪਸ ਆ ਗਏ, ਪਰ ਜਹਾਂਗੀਰ ਲਗਪਗ ਇਕ ਸਾਲ ਕਸ਼ਮੀਰ ਵਿਚ ਹੀ ਰਿਹਾ। 1621 ਵਿਚ ਉਹ ਲਾਹੌਰ ਆਇਆ, ਪਰ ਕੁਝ ਸਮੇਂ ਮਗਰੋਂ ਹੀ ਉਸਦੀ ਸਿਹਤ ਵਿਗੜ ਗਈ। ਜ਼ਿਆਦਾ ਸ਼ਰਾਬ ਪੀਣ ਕਰਕੇ ਉਸ ਨੂੰ ਦਮੇ (ਸਾਹ) ਦੀ ਬੀਮਾਰੀ ਪੱਕੀ ਹੀ ਲੱਗੀ ਹੋਈ ਸੀ। 1622 ਦੀਆਂ ਗਰਮੀਆਂ ਵਿਚ ਉਹ ਫਿਰ ਕਸ਼ਮੀਰ ਚਲਾ ਗਿਆ।

ਜਹਾਂਗੀਰ ਅਜੇ ਕਸ਼ਮੀਰ ਵਿਚ ਹੀ ਸੀ ਕਿ ਉਸ ਨੂੰ ਪਤਾ ਲੱਗਾ ਕਿ ਈਰਾਨ ਦੇ ਸ਼ਾਹ ਨੇ ਕੰਧਾਰ 'ਤੇ ਹਮਲਾ ਕਰ ਦਿੱਤਾ ਹੈ। ਨੂਰਜਹਾਂ ਨੇ ਆਪਣੇ ਦਾਮਾਦ ਸ਼ਹਰਯਾਰ ਨੂੰ ਕੰਧਾਰ ਦੀ ਮੁਹਿੰਮ 'ਤੇ ਭੇਜਿਆ ਤਾਂ ਕਿ ਉਹ ਆਪਣੀ ਯੋਗਤਾ ਸਿੱਧ ਕਰ ਸਕੇ। ਉਸ ਨੂੰ ਉਹ ਤਖ਼ਤ ਦਾ ਵਾਰਿਸ ਬਣਾਉਣਾ ਚਾਹੁੰਦੀ ਸੀ। ਉਸ ਨੇ ਸ਼ਹਿਜ਼ਾਦਾ ਖ਼ੁੱਰਮ (ਸ਼ਾਹਜਹਾਨ) ਨੂੰ ਵੀ ਬੁਲਾ ਲਿਆ ਅਤੇ ਮਹਾਬਤ ਖ਼ਾਨ ਨੂੰ ਪੇਸ਼ ਹੋਣ ਲਈ ਕਿਹਾ। ਆਸਫ਼ ਖ਼ਾਨ ਨੂੰ ਦਿੱਲੀ ਦੇ ਇੰਤਜ਼ਾਮ ਲਈ ਭੇਜ ਦਿੱਤਾ। ਉੱਧਰ ਖ਼ੁੱਰਮ ਨੇ ਪੰਜਾਬ ਆਉਣ ਤੋਂ ਮਨ੍ਹਾਂ ਕਰ ਦਿੱਤਾ ਤੇ ਬਗ਼ਾਵਤ ਕਰ ਦਿੱਤੀ। ਉਸ ਨੇ ਪੰਜਾਬ ਵੱਲ ਆਉਂਦੇ ਸ਼ਾਹੀ ਖ਼ਜ਼ਾਨੇ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਸਫ਼ਲ ਨਾ ਹੋ ਸਕਿਆ।

ਜਹਾਂਗੀਰ ਨੇ ਕੰਧਾਰ ਦੇ ਝਗੜੇ ਨੂੰ ਮੁਕਾ ਕੇ ਖ਼ੁੱਰਮ ਵੱਲ ਧਿਆਨ ਦਿੱਤਾ। ਉਸ ਨੇ 1623 ਵਿਚ ਦਿੱਲੀ, ਆਗਰਾ, ਤੇ ਅਜਮੇਰ ਦਾ ਤੂਫ਼ਾਨੀ ਦੌਰਾ ਕੀਤਾ। ਜਹਾਂਗੀਰ ਦਾ ਆਉਣਾ ਸੁਣ ਕੇ, ਸ਼ਹਿਜ਼ਾਦਾ ਖ਼ੁੱਰਮ ਦੱਖਣ ਵੱਲ ਚਲਾ ਗਿਆ।

ਜਹਾਂਗੀਰ ਲਾਹੌਰ ਪਰਤ ਆਇਆ। ਦਮੇ ਦੀ ਬਿਮਾਰੀ ਦਿਨੋਂ-ਦਿਨ ਵਧਦੀ ਚਲੀ ਜਾ ਰਹੀ ਸੀ। ਸ਼ਾਹੀ ਤਖ਼ਤ ਲਈ ਝਗੜਿਆਂ ਨੇ ਉਸ ਨੂੰ ਹੋਰ ਬੇਚੈਨ ਕਰ ਦਿੱਤਾ। ਬਿਮਾਰੀ ਤੇ ਚਿੰਤਾਵਾਂ ਵਲੋਂ ਧਿਆਨ ਹਟਾਉਣ ਲਈ ਉਸ ਨੇ ਹੋਰ ਜ਼ਿਆਦਾ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਉਸਦੀ ਸਿਹਤ ਦਿਨੋ-ਦਿਨ ਵਿਗੜਦੀ ਗਈ। ਉਹ ਸੰਨ 1624 ਵਿਚ ਫਿਰ ਕਸ਼ਮੀਰ ਚਲਾ ਗਿਆ ਤੇ ਅਗਲੇ ਸਾਲ ਵਾਪਸ ਆਇਆ।

ਇਸ ਤਰ੍ਹਾਂ ਸੰਨ 1620 ਤੋਂ 1627 ਤੱਕ ਜਹਾਂਗੀਰ ਲਾਹੌਰ ਤੋਂ ਕਸ਼ਮੀਰ ਤੇ ਕਸ਼ਮੀਰ ਤੋਂ ਲਾਹੌਰ ਦੇ ਚੱਕਰ ਹੀ ਕੱਟਦਾ ਰਿਹਾ।

ਸੰਨ 1627 ਦੀਆਂ ਸਰਦੀਆਂ ਆਰੰਭ ਹੋਣ ਤੇ ਜਹਾਂਗੀਰ ਕਸ਼ਮੀਰ ਤੋਂ ਲਾਹੌਰ ਪਰਤਿਆ। ਨੂਰਜਹਾਂ ਤੇ ਉਸਦਾ ਭਰਾ ਆਸਫ਼ ਖ਼ਾਨ ਜਹਾਂਗੀਰ ਦੇ ਨਾਲ ਹੀ ਸਨ। ਰਸਤੇ ਵਿਚ ਉਸ ਦੀ ਹਾਲਤ ਵਿਗੜ ਗਈ। ਭਿੰਬਰ ਦਰਿਆ ਦੇ ਕਿਨਾਰੇ, ਚੰਗੇਜ਼ ਹੱਟੀ ਦੇ ਸਥਾਨ ਤੇ 8 ਨਵੰਬਰ ਨੂੰ ਉਸ ਦੀ ਮੌਤ ਹੋ ਗਈ। ਉਸ ਨੂੰ ਲਾਹੌਰ ਲਿਆਂਦਾ ਗਿਆ ਤੇ ਰਾਵੀ ਨਦੀ ਦੇ ਕਿਨਾਰੇ, ਸ਼ਾਹਦਰਾ ਵਿਖੇ ਦਫ਼ਨ ਕਰ ਦਿੱਤਾ ਗਿਆ।

### ਸ਼ਾਹਜਹਾਨ ਤਖ਼ਤ ਤੇ ਬੈਠਾ

ਨੂਰਜਹਾਂ ਇਹ ਚਾਹੁੰਦੀ ਸੀ ਕਿ ਉਸ ਦਾ ਜੁਆਈ ਸ਼ਹਰਯਾਰ ਤਖ਼ਤ ਤੇ ਬੈਠੇ, ਜਦ ਕਿ ਉਸ ਦਾ ਭਰਾ ਆਸਫ਼ ਖ਼ਾਨ ਇਹ ਚਾਹੁੰਦਾ ਸੀ ਕਿ ਉਸ ਦਾ ਜੁਆਈ ਸ਼ਾਹਜ਼ਾਦਾ ਖ਼ੁੱਰਮ ਤਖ਼ਤ ਤੇ ਬੈਠੇ। ਆਸਫ਼ ਖ਼ਾਨ ਦੀ ਲੜਕੀ ਮੁਮਤਾਜ਼ ਮਹਲ ਖ਼ੁੱਰਮ ਨਾਲ ਵਿਆਹੀ ਹੋਈ ਸੀ।

ਲਾਹੌਰ ਵਿਚ ਨੂਰਜਹਾਂ ਨੇ ਸ਼ਹਰਯਾਰ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਇਸ ਨਾਲ ਆਸਫ਼ ਖ਼ਾਨ ਤੁਰੰਤ ਹਰਕਤ ਵਿਚ ਆਇਆ। ਉਸ ਨੇ ਆਪਣੇ ਜੁਆਈ ਖ਼ੁੱਰਮ ਵੱਲ, ਜੋ ਕਿ ਦੱਖਣ ਵਿਚ ਸੀ, ਆਪਣੇ ਖ਼ਾਸ ਵਿਸ਼ਵਾਸ-ਪਾਤਰ ਬਨਾਰਸੀ ਨੂੰ ਚਿੱਠੀ ਦੇ ਕੇ ਖ਼ੁੱਰਮ ਵੱਲ ਭੇਜਿਆ। ਬਨਾਰਸੀ 20 ਦਿਨਾਂ ਮਗਰੋਂ ਖ਼ੁੱਰਮ ਨੂੰ ਜੁਨੇਰ ਕਿਲ੍ਹਾ ਦੇ ਅਸਥਾਨ ਤੇ ਮਿਲਿਆ। ਖ਼ੁੱਰਮ ਦਸੰਬਰ 1627 ਦੇ ਆਰੰਭ ਵਿਚ ਆਗਰੇ ਵੱਲ ਨੂੰ ਤੁਰਿਆ ਤੇ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ। ਉਧਰ ਲਾਹੌਰ ਵਿਚ ਆਸਫ਼ ਖ਼ਾਨ ਨੇ ਆਪਣੀ ਭੈਣ ਨੂਰਜਹਾਂ ਨੂੰ ਨਜ਼ਰਬੰਦ ਕਰ ਦਿੱਤਾ ਅਤੇ ਸ਼ਹਰਯਾਰ ਨੂੰ ਤਕੜੀ ਹਾਰ ਦਿੱਤੀ। ਉਸ ਨੂੰ ਪਕੜ ਕੇ ਖ਼ੁਸਰੋ ਦੇ ਪੁੱਤਰ ਦਾਵਰ ਬਖ਼ਸ਼ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਸ ਨੇ ਨਜ਼ਰਬੰਦ ਕਰਕੇ ਅੰਨ੍ਹਾ ਕਰਨ ਦਾ ਹੁਕਮ ਦੇ ਦਿੱਤਾ।

ਖ਼ੁੱਰਮ ਫ਼ਰਵਰੀ 1628 ਦੇ ਆਰੰਭ ਵਿਚ ਆਗਰੇ ਪੁੱਜਾ ਅਤੇ ਸ਼ਾਹਜਹਾਨ ਪਾਤਸ਼ਾਹ ਗਾਜ਼ੀ ਦੇ ਨਾਉਂ (ਖਿਤਾਬ) ਨਾਲ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ।

### ਬਾਬਾ ਗੁਰਦਿੱਤਾ ਜੀ ਦਾ ਵਿਆਹ

ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਬਾਬਾ ਗੁਰਦਿੱਤਾ ਜੀ ਦਾ ਵਿਆਹ ਸੰਨ 1624 (21 ਵੈਸਾਖ, ਸੰਮਤ 1681) ਵਿਚ ਹੋਣਾ ਲਿਖਿਆ ਹੈ। ਆਪ ਦਾ ਵਿਆਹ ਭਾਈ ਰਾਮਾ ਜੀ ਦੀ ਸਪੁੱਤਰੀ ਬੀਬੀ ਨਿਹਾਲ ਕੌਰ ਜੀ ਨਾਲ ਬਟਾਲੇ ਹੋਇਆ ਸੀ। (ਆਪ ਦਾ ਨਾਮ ਬੀਬੀ ਅਨੰਤੀ ਜਾਂ ਬੀਬੀ ਬਸੀ ਕਰਕੇ ਵੀ ਲਿਖਿਆ ਮਿਲਦਾ ਹੈ)। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਹੋਏ—ਵੱਡੇ ਬਾਬਾ ਧੀਰ ਮੱਲ ਤੇ ਛੋਟੇ (ਗੁਰੂ) ਹਰਿ ਰਾਇ ਜੀ।

### ਕੀਰਤਪੁਰ ਦੀ ਨੀਂਹ ਰੱਖਣੀ

ਕੀਰਤਪੁਰ ਸ਼ਹਿਰ, ਰੋਪੜ ਤੋਂ ਨੰਗਲ ਜਾਣ ਵਾਲੀ ਸੜਕ ਤੇ, ਰੋਪੜ ਤੋਂ 37 ਕਿਲੋਮੀਟਰ ਦੂਰ ਵਸਿਆ ਹੋਇਆ ਹੈ। ਇਸ ਤੋਂ 9 ਕਿਲੋਮੀਟਰ ਅੱਗੇ ਅਨੰਦਪੁਰ ਸਾਹਿਬ ਹੈ।

ਕੀਰਤਪੁਰ ਸਾਹਿਬ ਕਦੋਂ ਵਸਿਆ, ਇਸ ਬਾਰੇ ਇਤਿਹਾਸਕਾਰਾਂ ਨੇ ਵੱਖ-ਵੱਖ ਸੰਨ-ਸੰਮਤ ਦਿੱਤੇ ਹਨ। ਕੁਝ ਲੇਖਕਾਂ ਨੇ ਭੱਟ ਵਹੀ ਮੁਲਤਾਨੀ ਸਿੰਧੀ ਦਾ ਹਵਾਲਾ ਦਿੰਦਿਆਂ ਹੋਇਆਂ, ਕੀਰਤਪੁਰ ਦੀ ਨੀਂਹ ਸੰਨ 1624 ਵਿਚ ਰੱਖੀ ਲਿਖੀ ਹੈ। ਇਸੇ ਹੀ ਭੱਟ ਵਹੀ ਦਾ ਹਵਾਲਾ ਦੇ ਕੇ ਕੁਝ ਲੇਖਕਾਂ ਨੇ ਸੰਨ 1630 ਲਿਖਿਆ ਹੈ। ਡਾ: ਸੁਖਦਿਆਲ ਸਿੰਘ ਨੇ ਭੱਟ ਵਹੀਆਂ ਦਾ ਹਵਾਲਾ ਦਿੰਦਿਆਂ ਕੀਰਤਪੁਰ ਦੀ ਸਥਾਪਨਾ ਅਪ੍ਰੈਲ-ਮਈ ਸੰਨ 1630 ਵਿਚ ਲਿਖੀ ਹੈ।[37] **ਪ੍ਰੋ: ਹਰਬੰਸ ਸਿੰਘ ਅਤੇ ਡਾ: ਹਰਜਿੰਦਰ ਸਿੰਘ ਦਿਲਗੀਰ ਨੇ 1 ਮਈ, 1626 ਦੀ ਮਿਤੀ ਦਿੱਤੀ ਹੈ।[38] ਸਾਡੇ ਵਿਚਾਰ ਵਿਚ ਇਹ ਮਿਤੀ ਠੀਕ ਹੈ।**

ਗੁਰੂ ਹਰਿਗੋਬਿੰਦ ਸਾਹਿਬ, ਸਿੱਖ ਧਰਮ ਦਾ ਅਗਲਾ ਪ੍ਰਚਾਰ ਕੇਂਦਰ ਲਾਹੌਰ ਤੋਂ ਹਟਵਾਂ

ਬਣਾਉਣਾ ਚਾਹੁੰਦੇ ਸਨ, ਜਿਥੋਂ ਧਰਮ-ਪ੍ਰਚਾਰ ਸਰਗਰਮੀਆਂ ਨੂੰ ਬਿਨਾਂ ਕਿਸੇ ਸਰਕਾਰੀ ਖਤਰੇ ਤੋਂ, ਅਟੱਕ ਹੋ ਕੇ ਕੀਤਾ ਜਾ ਸਕੇ ਅਤੇ ਜਿਹੜਾ ਇਲਾਕਾ ਸ਼ਸਤਰ ਅਭਿਆਸ ਕਰਾਉਣ ਲਈ ਯੋਗ ਹੋਵੇ। ਭਾਵੇਂ ਜਹਾਂਗੀਰ ਨਾਲ ਸੁਖਾਵੇਂ ਸੰਬੰਧ ਕਾਇਮ ਹੋ ਗਏ ਸਨ, ਪਰ ਇਨ੍ਹਾਂ ਦੇ ਹਮੇਸ਼ਾ ਲਈ ਸੁਖਾਵੇਂ ਰਹਿਣ ਦੀ ਕੋਈ ਗਰੰਟੀ ਨਹੀਂ ਸੀ। ਇਸ ਲਈ ਗੁਰੂ ਸਾਹਿਬ ਨੇ ਆਪਣੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕਿਆਂ ਵਿਚ ਯੋਗ ਅਸਥਾਨ ਚੁਣਨ ਦੀ ਸੇਵਾ ਲਗਾਈ। ਕੁਝ ਸਰੋਤਾਂ ਅਨੁਸਾਰ ਪਹਾੜੀ ਰਾਜੇ ਖੁਦ ਸ੍ਰੀ ਅੰਮ੍ਰਿਤਸਰ ਆਏ ਸਨ ਤੇ ਉਨ੍ਹਾਂ ਨੇ ਪਹਾੜੀ ਇਲਾਕੇ ਵਿਚ ਪ੍ਰਚਾਰ ਕੇਂਦਰ ਕਾਇਮ ਕਰਨ ਦੀ ਬੇਨਤੀ ਵੀ ਕੀਤੀ ਸੀ। ਇਹ ਰਾਜੇ ਗੁਰੂ ਜੀ ਦੇ ਅਹਿਸਾਨਮੰਦ ਵੀ ਸਨ ਕਿਉਂਕਿ ਗੁਰੂ ਜੀ ਨੇ ਹੀ ਗਵਾਲੀਅਰ ਦੀ ਕੈਦ ਵਿਚੋਂ ਉਨ੍ਹਾਂ ਦੀ ਬੰਦ-ਖਲਾਸੀ ਕਰਾਈ ਸੀ। ਇਹੀ ਸਰੋਤ ਇਹ ਮੰਨਦੇ ਹਨ ਕਿ ਕੀਰਤਪੁਰ ਕਹਿਲੂਰ ਰਿਆਸਤ ਦੇ ਰਾਜੇ ਕਲਿਆਨ ਚੰਦ ਵਲੋਂ ਭੇਟਾ ਕੀਤੀ ਗਈ ਜ਼ਮੀਨ ਤੇ ਵਸਾਇਆ ਗਿਆ ਸੀ।[39] 'ਮਹਾਨ ਕੋਸ਼' ਅਨੁਸਾਰ ਕੀਰਤਪੁਰ ਵਾਲਾ ਅਸਥਾਨ ਰਾਜਾ ਤਾਰਾਂ ਚੰਦ ਤੋਂ ਜ਼ਮੀਨ ਖਰੀਦ ਕੇ ਬਣਵਾਇਆ ਸੀ :

> "ਪਹਾੜੀ ਇਲਾਕੇ, ਸਤਲੁਜ ਦੇ ਕਿਨਾਰੇ ਇਹ ਨਗਰ ਹੈ, ਜੋ ਸੰਮਤ 1683 (ਸੰਨ 1626) ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਹਲੂਰ ਦੇ ਰਾਜਾ ਤਾਰਾ ਚੰਦ ਤੋਂ ਜ਼ਮੀਨ ਖਰੀਦ ਕੇ ਬਾਬਾ ਗੁਰਦਿੱਤਾ ਜੀ ਦੀ ਮਾਰਫ਼ਤ ਆਬਾਦ ਕਰਵਾਇਆ।"

ਬਾਬਾ ਗੁਰਦਿੱਤਾ ਜੀ ਨੇ ਸਥਾਨ ਦੀ ਚੋਣ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਇੱਧਰ ਬੁਲਵਾਇਆ ਤੇ ਉਨ੍ਹਾਂ ਬਾਬਾ ਗੁਰਦਿਤਾ ਪਾਸੋਂ ਹੀ ਇਸ ਨਗਰ ਦੀ ਨੀਂਹ ਰਖਵਾਈ।

### ਬੀਬੀ ਕੌਲਾਂ ਦਾ ਅੰਮ੍ਰਿਤਸਰ ਆਉਣਾ

ਬੀਬੀ ਕੌਲਾਂ ਦਾ ਗੁਰਬਾਣੀ ਪ੍ਰਤਿ ਪਿਆਰ ਦਿਨੋ-ਦਿਨ ਵੱਧਦਾ ਜਾਂਦਾ ਸੀ। ਉਹ ਹਰ ਸਮੇਂ ਹੀ ਗੁਰਬਾਣੀ ਦਾ ਪਾਠ ਕਰਦੀ ਰਹਿੰਦੀ। ਇਹ ਗੱਲ ਲੋਕਾਂ ਵਿਚ ਵੀ ਫੈਲ ਗਈ ਕਿ ਕਾਜ਼ੀ ਦੀ ਕਨੀਜ਼ ਸਿੱਖ ਗੁਰੂਆਂ ਦਾ ਕਲਾਮ ਪੜ੍ਹਦੀ ਰਹਿੰਦੀ ਹੈ। ਕਾਜ਼ੀ ਨੇ ਸਮਝਾ-ਬੁਝਾ ਕੇ ਅਤੇ ਕੁੱਟ-ਮਾਰ ਕੇ ਵੀ ਵੇਖ ਲਿਆ, ਪਰ ਉਹ ਕੌਲਾਂ ਨੂੰ ਬਾਣੀ ਨਾਲੋਂ ਤੋੜ ਨਾ ਸਕਿਆ। ਲੋਕਾਂ ਵਿਚ ਆਪਣੀ ਸਾਖ ਨੂੰ ਬਰਕਰਾਰ ਰੱਖਣ ਲਈ ਉਸਨੇ ਕੌਲਾਂ ਵਿਰੁੱਧ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਸਾਈਂ ਮੀਆਂ ਮੀਰ ਜੀ ਨੂੰ ਪਤਾ ਲੱਗਾ, ਉਨ੍ਹਾਂ ਆਪਣੇ ਮੁਰੀਦ ਅਬਦੁੱਲਾ ਯਾਰ ਸ਼ਾਹ ਰਾਹੀਂ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਨ ਵਿਚ ਭੇਜ ਦਿੱਤਾ। ਗੁਰੂ ਜੀ ਕੌਲਾਂ ਦੇ ਸਿੱਖੀ ਪ੍ਰੇਮ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਕੌਲਾਂ ਦੇ ਰਹਿਣ ਲਈ ਵੱਖਰਾ ਮਕਾਨ ਬਣਵਾ ਦਿੱਤਾ। ਇਹ ਘਟਨਾ ਸੰਨ 1626 ਵਿਚ ਹੋਈ ਦੱਸੀ ਜਾਂਦੀ ਹੈ।

ਬੀਬੀ ਕੌਲਾਂ ਨੇ ਬਾਕੀ ਜੀਵਨ ਗੁਰੂ ਭਗਤੀ ਵਿਚ ਲੀਨ ਹੋ ਕੇ ਗੁਜ਼ਾਰਿਆ। 'ਮਹਾਨ ਕੋਸ਼' ਅਨੁਸਾਰ ਉਹ ਸੰਨ 1629 (ਸੰਮਤ 1686) ਵਿਚ ਇਸ ਫ਼ਾਨੀ ਸੰਸਾਰ ਤੋਂ ਚਲਾਣਾ ਕਰ ਗਈ।

ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਦੀ ਯਾਦ ਵਿਚ 'ਕੌਲਸਰ' ਨਾਮ ਦਾ ਤਲਾਬ

ਬਣਾਇਆ। ਇਸਦੇ ਨਾਲ ਹੀ ਗੁਰਦੁਆਰਾ ਸਾਹਿਬ ਵੀ ਹੈ।

### *ਬਾਬਾ ਅਟੱਲ ਰਾਇ ਜੀ ਦਾ ਦਿਹਾਂਤ*

ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਅਟੱਲ ਰਾਇ ਜੀ 9 ਸਾਲਾਂ ਦੀ ਛੋਟੀ ਉਮਰ ਵਿਚ ਹੀ, ਅੰਮ੍ਰਿਤਸਰ ਵਿਖੇ ਸੰਨ 1628 (ਸਾਵਣ ਵਦੀ 10, ਸੰਮਤ 1685) ਵਿਚ ਦੇਹ ਤਿਆਗ ਗਏ। ਇਹ ਮਿਤੀ ਮਹਾਨ ਕੋਸ਼ ਵਿਚ ਦਿੱਤੀ ਗਈ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਮਿਤੀ ਅੱਸੂ ਵਦੀ 10 ਲਿਖੀ ਹੈ।

ਸਿੱਖ ਇਤਿਹਾਸ ਅਨੁਸਾਰ ਬਾਬਾ ਅਟੱਲ ਰਾਇ ਜੀ ਦਾ ਦਿਹਾਂਤ ਇਕ ਅਸਚਰਜ-ਜਨਕ ਘਟਨਾ ਦੇ ਸਿੱਟੇ ਵਜੋਂ ਹੋਇਆ ਸੀ। ਉਹ ਘਟਨਾ ਇਸ ਤਰ੍ਹਾਂ ਦੱਸੀ ਜਾਂਦੀ ਹੈ :

ਇਕ ਦਿਨ ਬਾਬਾ ਅਟੱਲ ਰਾਇ ਜੀ ਆਪਣੇ ਹਾਣੀਆਂ ਨਾਲ ਲੁਕਣ-ਮੀਟੀ ਖੇਡ ਰਹੇ ਸਨ। ਸ਼ਾਮ ਨੂੰ ਇਹ ਨਿਯਤ ਹੋਇਆ ਕਿ ਮੋਹਣ ਨਾਂ ਦਾ ਲੜਕਾ ਅਗਲੇ ਦਿਨ ਮੀਟੀ ਦੇਵੇਗਾ। ਰੱਬ ਦੀ ਕਰਨੀ, ਰਾਤ ਨੂੰ ਮੋਹਣ ਨੂੰ ਸੱਪ ਡੱਸ ਗਿਆ ਤੇ ਉਹ ਚਲਾਣਾ ਕਰ ਗਿਆ। ਦੂਜੇ ਦਿਨ ਜਦੋਂ ਉਹ ਖੇਡਣ ਨਾ ਆਇਆ ਤਾਂ ਬਾਬਾ ਅਟੱਲ ਜੀ ਹਾਣੀਆਂ ਸਮੇਤ ਉਸ ਦੇ ਘਰ ਗਏ, ਤੇ ਮੋਹਣ ਨੂੰ ਆਵਾਜ਼ ਲਗਾਈ। ਘਰਦਿਆਂ ਨੇ ਦੱਸਿਆ ਕਿ ਸੱਪ ਦੇ ਡੱਸਣ ਨਾਲ ਉਹ ਚੜ੍ਹਾਈ ਕਰ ਗਿਆ ਹੈ। ਬਾਬਾ ਜੀ ਅੱਗੇ ਵਧੇ ਤੇ ਮੋਹਣ ਦੀ ਦੇਹ ਨੂੰ ਹੱਥ ਲਾ ਕੇ ਆਖਣ ਲੱਗੇ, 'ਮੋਹਣ ਉੱਠ ਮੀਟੀ ਦੇ।' ਸਾਖੀ ਅਨੁਸਾਰ ਮੋਹਣ ਸੱਚਮੁੱਚ ਹੀ ਉੱਠ ਖੜ੍ਹਾ ਹੋਇਆ। ਸਾਰੇ ਸ਼ਹਿਰ ਵਿਚ ਖ਼ਬਰ ਫੈਲ ਗਈ ਕਿ ਬਾਬਾ ਅਟੱਲ ਰਾਇ ਨੇ ਮਰ ਚੁੱਕੇ ਦੋਸਤ ਨੂੰ ਜਿਊਂਦਾ ਕਰ ਦਿੱਤਾ ਹੈ। ਗੁਰੂ ਜੀ ਨੂੰ ਪਤਾ ਲੱਗਾ, ਉਨ੍ਹਾਂ ਬਾਬਾ ਅਟੱਲ ਜੀ ਨੂੰ ਬੁਲਾਇਆ ਤੇ ਸਮਝਾਇਆ ਕਿ ਮਾਰਨਾ ਤੇ ਪੈਦਾ ਕਰਨਾ ਪ੍ਰਭੂ ਦਾ ਕੰਮ ਹੈ। ਉਸ ਦੇ ਕੰਮ ਵਿਚ ਦਖ਼ਲ ਦੇਣਾ ਸਾਡਾ ਕੰਮ ਨਹੀਂ। ਤੁਸੀਂ ਮੋਹਨ ਨੂੰ ਜਿਊਂਦਾ ਕਰਕੇ ਚੰਗਾ ਨਹੀਂ ਕੀਤਾ। ਕਰਾਮਾਤਾਂ ਵਿਖਾਉਣਾ ਗੁਰਸਿੱਖਾਂ ਦਾ ਕੰਮ ਨਹੀਂ ਹੈ।

ਬਾਬਾ ਅਟੱਲ ਰਾਇ ਜੀ, ਗੁਰੂ ਦਾ ਉਪਦੇਸ਼ ਸੁਣ ਕੇ ਚੁੱਪ-ਚਾਪ ਉਠ ਆਏ ਤੇ ਕੌਲਸਰ ਦੇ ਨੇੜੇ ਵਾਲੀ ਥਾਂ ਤੇ ਚਾਦਰ ਤਾਣ ਕੇ ਸੌਂ ਗਏ ਤੇ ਪ੍ਰਾਣ ਤਿਆਗ ਦਿੱਤੇ। ਸੰਗਤਾਂ ਨੇ ਬੜਾ ਦੁੱਖ ਮਨਾਇਆ, ਪਰ ਗੁਰੂ ਸਾਹਿਬ ਨੇ ਫੁਰਮਾਇਆ ਕਿ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਸਿੱਖੀ ਦਾ ਇਕ ਮੁੱਖ ਸਿਧਾਂਤ ਹੈ। ਅਟੱਲ ਰਾਇ ਨੇ ਗੁਰਮਤਿ ਸਿਧਾਂਤਾਂ ਦੀ ਰਾਖੀ ਕਰਦੇ ਹੋਏ ਸਵਾਸ ਤਿਆਗੇ ਹਨ।

### *ਮਾਤਾ ਗੰਗਾ ਜੀ ਦਾ ਅਕਾਲ ਚਲਾਣਾ*

ਗੁਰੂ ਹਰਿਗੋਬਿੰਦ ਸਾਹਿਬ ਦੇ ਮਾਤਾ ਜੀ, ਮਾਤਾ ਗੰਗਾ ਜੀ, ਬਕਾਲਾ ਵਿਖੇ ਨਿਵਾਸ ਰੱਖ ਰਹੇ ਸਨ। ਗੁਰੂ ਜੀ ਉਨ੍ਹਾਂ ਨੂੰ ਮਿਲਣ ਗਏ ਹੋਏ ਸਨ ਕਿ ਜੂਨ 1628 (15 ਹਾੜ, ਸੰਮਤ 1685) ਨੂੰ ਮਾਤਾ ਜੀ ਚਲਾਣਾ ਕਰ ਗਏ। ਉਨ੍ਹਾਂ ਦੇ ਸਰੀਰ ਨੂੰ ਬਿਆਸਾ ਨਦੀ ਵਿਚ ਜਲ-ਪ੍ਰਵਾਹ ਕੀਤਾ ਗਿਆ।

ਮਾਤਾ ਗੰਗਾ ਜੀ ਦਾ ਜੀਵਨ ਸਾਡੇ ਸਭਨਾਂ ਲਈ ਤੇ ਵਿਸ਼ੇਸ਼ ਕਰਕੇ ਸਿੱਖ ਬੀਬੀਆਂ

ਲਈ ਚਾਨਣ-ਮੁਨਾਰਾ ਹੈ। ਆਪ ਜੀ, ਆਪਣੇ ਪਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਪ੍ਰਭੂ-ਪਿਆਰ ਵਿਚ ਖੀਵੇ ਰਹਿੰਦੇ ਸਨ। ਪ੍ਰਭੂ ਦੇ ਭਾਣੇ ਨੂੰ ਅਡੋਲਤਾ ਵਿਚ ਰਹਿ ਕੇ, ਦ੍ਰਿੜ੍ਹਤਾ ਨਾਲ ਮੰਨਣ ਵਾਲੇ ਸਨ। ਪਹਿਲਾਂ ਪ੍ਰਿਥੀ ਚੰਦ ਦੀਆਂ ਵਧੀਕੀਆਂ ਨੂੰ ਸਹਾਰਿਆ, ਫਿਰ ਗੁਰੂ-ਪਤੀ ਦੀ ਸ਼ਹਾਦਤ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੀਰੀ ਤੇ ਪੀਰੀ ਦੀਆਂ ਸਰਗਰਮੀਆਂ ਦੀ ਸਰਾਹਨਾ ਕੀਤੀ ਅਤੇ ਉਨ੍ਹਾਂ ਦੇ ਗਵਾਲੀਅਰ ਵਿਚ ਨਜ਼ਰਬੰਦ ਰਹਿਣ ਸਮੇਂ ਵੀ ਪ੍ਰਭੂ ਦੇ ਭਾਣੇ ਵਿਚ ਅਡੋਲ ਰਹੇ।

### ਬਾਬਾ ਸ੍ਰੀ ਚੰਦ ਜੀ ਨਾਲ ਮੇਲ

ਮਾਤਾ ਗੰਗਾ ਜੀ ਦੇ ਅੰਤਮ ਸੰਸਕਾਰ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਨਾਲ ਸਾਰਾ ਪਰਿਵਾਰ ਹੀ ਆਇਆ ਹੋਇਆ ਸੀ। ਸਾਰਾ ਕਾਰਜ ਨਿਪਟਾ ਕੇ ਗੁਰੂ ਜੀ ਆਪਣੇ ਸਪੁੱਤਰਾਂ ਬਾਬਾ ਸੂਰਜ ਮੱਲ ਤੇ ਬਾਬਾ ਗੁਰਦਿੱਤਾ ਜੀ ਨੂੰ ਨਾਲ ਲੈ ਕੇ ਬਾਬਾ ਸ੍ਰੀ ਚੰਦ ਜੀ ਨੂੰ ਮਿਲਣ ਤੁਰ ਪਏ।

ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਗੁਰਦਾਸਪੁਰ ਜ਼ਿਲ੍ਹੇ ਵਿਚ, ਪਠਾਨਕੋਟ ਤੋਂ 8 ਕੁ ਕਿਲੋਮੀਟਰ ਦੂਰ ਬਾਰਠ ਵਿਖੇ ਨਿਵਾਸ ਰੱਖ ਰਹੇ ਸਨ। ਗੁਰੂ ਨਾਨਕ ਦੇਵ ਜੀ ਵਲੋਂ ਗੁਰਗੱਦੀ ਪ੍ਰਾਪਤ ਨਾ ਹੋਣ ਕਰਕੇ ਭਾਵੇਂ ਉਹ ਨਾਰਾਜ਼ ਹੋ ਗਏ ਸਨ ਅਤੇ ਸਿੱਖੀ ਤੋਂ ਦੂਰ ਚਲੇ ਗਏ ਸਨ ਫਿਰ ਵੀ ਉਹ ਸਮੇਂ ਸਮੇਂ ਗੁਰੂ ਸਾਹਿਬਾਨ ਨੂੰ ਮਿਲਣ ਆਉਂਦੇ ਰਹੇ। ਗੁਰੂ ਰਾਮਦਾਸ ਜੀ ਨਾਲ ਮਿਲਣੀ ਸਮੇਂ ਤਾਂ ਉਹ ਗੁਰੂ-ਘਰ ਵਲ ਮੁੜ ਪ੍ਰੇਰੇ ਗਏ ਸਨ, ਜਦੋਂ ਗੁਰੂ ਰਾਮਦਾਸ ਜੀ ਨੇ ਅਤਿ ਨਿਮਰਤਾ ਭਰੇ ਬਚਨਾਂ ਨਾਲ ਉਹਨਾਂ ਦਾ ਮਨ ਮੋਹ ਲਿਆ ਸੀ ਤੇ ਉਨ੍ਹਾਂ ਨੂੰ ਬਣਦਾ ਸਤਿਕਾਰ ਵੀ ਦਿੱਤਾ ਸੀ। ਉਨ੍ਹਾਂ ਦੇ ਮਨ ਵਿਚ ਆਈ ਤਬਦੀਲੀ ਨੂੰ ਵੇਖ ਕੇ ਹੀ ਗੁਰੂ ਅਰਜਨ ਦੇਵ ਜੀ ਵੀ ਉਨ੍ਹਾਂ ਨੂੰ ਮਿਲਣ ਗਏ।

ਗੁਰੂ ਹਰਿਗੋਬਿੰਦ ਸਾਹਿਬ ਤੇ ਉਨ੍ਹਾਂ ਦੇ ਦੋਵੇਂ ਸਪੁੱਤਰ ਸ੍ਰੀ ਹਰਿਗੋਬਿੰਦਪੁਰ ਤੋਂ ਹੁੰਦੇ ਹੋਏ ਬਾਰਠ ਪਹੁੰਚੇ। ਬਾਬਾ ਜੀ ਗੁਰੂ ਸਾਹਿਬ ਨੂੰ ਮਿਲ ਕੇ ਅਤੀ ਪ੍ਰਸੰਨ ਹੋਏ। ਗੁਰੂ ਜੀ ਦਾ ਮਾਣ-ਸਤਿਕਾਰ ਕੀਤਾ ਤੇ ਗੁਰੂ ਜੀ ਦੇ ਸਪੁੱਤਰਾਂ ਨਾਲ ਸਨੇਹ ਕੀਤਾ। ਗੁਰੂ ਜੀ ਬਾਬਾ ਸ੍ਰੀ ਚੰਦ ਜੀ ਕੋਲ ਕੁਝ ਦਿਨ ਰਹੇ। ਦੋਹਾਂ ਵਿਚਕਾਰ ਰੋਜ਼ ਬਚਨ-ਬਿਲਾਸ ਹੁੰਦੇ ਰਹੇ।

ਇਕ ਦਿਨ ਬਾਬਾ ਜੀ ਗੁਰੂ ਜੀ ਨੂੰ ਆਖਣ ਲੱਗੇ : "ਪਿਤਾ-ਗੁਰੂ ਜੀ ਦਾ ਦਿੱਤਾ ਤੁਹਾਡੇ ਕੋਲ ਸਭ ਕੁਝ ਹੈ; ਤੁਸੀਂ ਦਾਤਾਂ ਦੇ ਮਾਲਕ ਹੋ, ਜੇ ਕੁਝ ਮੰਗਾਂ ਤਾਂ ਦਿਓਗੇ?" ਸਤਿਗੁਰਾਂ ਨੇ ਵੀ ਬੜੇ ਪਿਆਰ ਨਾਲ ਉੱਤਰ ਦਿੱਤਾ : "ਸਭ ਕੁਝ ਤੁਹਾਡੇ ਪਿਤਾ ਜੀ ਦਾ ਹੀ ਦਿੱਤਾ ਹੋਇਆ ਹੈ, ਵਸਤਾਂ ਤਾਂ ਤੁਹਾਡੀਆਂ ਹੀ ਹਨ, ਅਸੀਂ ਤਾਂ ਕੇਵਲ ਸੰਭਾਲ ਹੀ ਕਰ ਰਹੇ ਹਾਂ।" ਬਾਬਾ ਸ੍ਰੀ ਚੰਦ ਜੀ ਗੁਰੂ ਜੀ ਦੇ ਅਜਿਹੇ ਬਚਨਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਆਖਣ ਲੱਗੇ : "ਇਹ ਠੀਕ ਹੈ, ਅਸੀਂ ਗੁਰੂ-ਪਿਤਾ ਜੀ ਤੋਂ ਦੂਰ ਹੋ ਗਏ ਸਾਂ, ਪਰ ਅਸੀਂ ਉਨ੍ਹਾਂ ਦਾ ਸੰਦੇਸ਼ ਹੀ ਲੁਕਾਈ ਤੱਕ ਪਹੁੰਚਾਇਆ ਹੈ। ਅਸੀਂ ਹੁਣ ਬਹੁਤ ਬਿਰਧ ਹੋ ਗਏ ਹਾਂ, ਪ੍ਰਚਾਰ ਦਾ ਭਾਰ ਹੁਣ ਚੁੱਕ ਨਹੀਂ ਸਕਦੇ। ਸਾਨੂੰ ਸਹਾਇਤਾ ਦੀ ਲੋੜ ਹੈ। ਵੱਡਾ ਪੁੱਤਰ ਸਾਨੂੰ ਦੇ ਦਿਓ। ਇਹ ਤੁਹਾਡਾ ਟਿੱਕਾ ਨਹੀਂ, ਸਾਡਾ ਟਿੱਕਾ ਨਹੀਂ, ਸਗੋਂ ਸਾਰੀ ਹੀ ਸੰਗਤ ਦਾ ਟਿੱਕਾ ਹੋਵੇਗਾ।" ਗੁਰੂ ਜੀ ਨੇ ਅਨੁਭਵ ਕੀਤਾ ਕਿ ਬਾਬਾ ਸ੍ਰੀ ਚੰਦ ਜੀ

ਸਿੱਖੀ ਦੀ ਮੁੱਖ-ਧਾਰਾ ਤੋਂ ਕੁਝ ਦੂਰੀ ਤੇ ਚੱਲਣ ਦੀ ਥਾਂ, ਹੁਣ ਸਿੱਖੀ ਦੀ ਮੁੱਖ-ਧਾਰਾ ਵਿਚ ਆਉਣਾ ਲੋਚਦੇ ਹਨ। ਉਨ੍ਹਾਂ ਨੇ ਬਾਬਾ ਗੁਰਦਿੱਤਾ ਜੀ ਦੀ ਬਾਂਹ ਬਾਬਾ ਸ੍ਰੀ ਚੰਦ ਦੇ ਹੱਥ ਫੜਾ ਦਿੱਤੀ। ਬਾਬਾ ਗੁਰਦਿੱਤਾ ਜੀ ਉਦਾਸੀ ਲਹਿਰ ਦੇ ਆਗੂ ਬਣ ਗਏ।

ਸੰਗਤਾਂ ਵਿਚ ਸਿੱਖੀ ਦਾ ਪ੍ਰਚਾਰ ਕਰਦਿਆਂ ਹੋਇਆਂ, ਸ੍ਰੀ ਹਰਿਗੋਬਿੰਦਪੁਰੇ ਹੁੰਦੇ ਹੋਏ ਸਤਿਗੁਰੂ ਜੀ ਅੰਮ੍ਰਿਤਸਰ ਆ ਗਏ।

### *ਬਾਬਾ ਸ੍ਰੀ ਚੰਦ ਜੀ ਦਾ ਦਿਹਾਂਤ :*

ਬਾਬਾ ਗੁਰਦਿੱਤਾ ਜੀ ਕੀਰਤਪੁਰ ਵਿਖੇ ਇਮਾਰਤਾਂ ਦੀ ਉਸਾਰੀ ਅਤੇ ਸ਼ਹਿਰ ਦੇ ਵਿਕਾਸ ਵਿਚ ਰੁੱਝੇ ਹੋਏ ਸਨ। ਬਾਬਾ ਸ੍ਰੀ ਚੰਦ ਜੀ ਵੀ ਉਥੇ ਆ ਗਏ। ਭਾਵੇਂ ਉਨ੍ਹਾਂ ਦੀ ਉਮਰ ਬਹੁਤ ਹੋ ਚੁੱਕੀ ਸੀ, ਤਾਂ ਵੀ ਉਨ੍ਹਾਂ ਦੇ ਮਨ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਵਲ-ਵਲੇ ਉਠ ਰਹੇ ਸਨ। ਇਸ ਦਾ ਕਾਰਨ ਗੁਰੂ ਨਾਨਕ ਪਾਤਸ਼ਾਹ ਤੋਂ ਦੂਰ ਚਲੇ ਜਾਣ ਦਾ ਪਛਤਾਵਾ ਤੇ ਮੁੜ ਸਿੱਖ ਲਹਿਰ ਵਿਚ ਸ਼ਾਮਿਲ ਹੋਣ ਦਾ ਉਤਸ਼ਾਹ ਵੀ ਸੀ। ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਉਦਾਸੀ ਲਹਿਰ ਨੂੰ ਮੁੜ ਤੋਂ ਸੰਗਠਿਤ ਕਰਨ ਬਾਰੇ ਬਾਬਾ ਗੁਰਦਿੱਤਾ ਜੀ ਨਾਲ ਵਿਚਾਰਾਂ ਕੀਤੀਆਂ ਅਤੇ ਦਿਸ਼ਾ-ਨਿਰਦੇਸ਼ ਦਿੱਤੇ। ਕੀਰਤਪੁਰ ਵਿਚ ਹੀ ਆਪ ਸੰਨ 1629 ਵਿਚ ਅਕਾਲ-ਚਲਾਣਾ ਕਰ ਗਏ। ਪ੍ਰੋ: ਹਰਬੰਸ ਸਿੰਘ ਨੇ ਉਨ੍ਹਾਂ ਦੇ ਦੇਹਾਂਤ ਦੀ ਤ੍ਰੀਕ 15 ਜਨਵਰੀ, 1629 ਦਿੱਤੀ ਹੈ।[10]

### *(ਗੁਰੂ) ਹਰਿ ਰਾਇ ਜੀ ਦਾ ਜਨਮ*

ਬਾਬਾ ਗੁਰਦਿੱਤਾ ਜੀ ਕੀਰਤਪੁਰ ਵਿਖੇ ਹੀ ਨਿਵਾਸ ਰੱਖ ਰਹੇ ਸਨ। ਉਥੇ ਹੀ 16 ਜਨਵਰੀ, ਸੰਨ 1630 ਆਪ ਦੇ ਘਰ ਇਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਮ ਸ੍ਰੀ ਹਰਿ ਰਾਇ ਰੱਖਿਆ ਗਿਆ, ਜੋ ਬਾਅਦ ਵਿਚ ਸਿੱਖਾਂ ਦੇ ਸਤਵੇਂ ਗੁਰੂ ਬਣੇ।

### *ਡਰੋਲੀ ਜਾਣਾ*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੰਨ 1631 ਵਿਚ ਇਕ ਵਾਰ ਫਿਰ ਡਰੋਲੀ ਗਏ। ਡਰੋਲੀ ਸਿੱਖੀ-ਪ੍ਰਚਾਰ ਦਾ ਕੇਂਦਰ ਬਣ ਚੁੱਕਾ ਸੀ। ਗੁਰੂ ਜੀ ਦਾ ਸਾਂਢੂ ਭਾਈ ਸਾਈਂ ਦਾਸ ਤੇ ਉਸ ਦੀ ਪਤਨੀ ਬੀਬੀ ਰਾਮੋ ਗੁਰੂ ਜੀ ਦੇ ਅਤੀ ਸ਼ਰਧਾਲੂ ਸਿੱਖ ਸਨ। ਆਪ ਇਲਾਕੇ ਵਿਚ ਧਰਮ ਪ੍ਰਚਾਰ ਦਾ ਕਾਰਜ ਬੜੀ ਲਗਨ ਨਾਲ ਕਰਦੇ ਸਨ। ਆਪ ਗੁਰੂ ਜੀ ਨੂੰ ਸਮੇਂ-ਸਮੇਂ ਯਾਦ ਕਰਦੇ ਤੇ ਗੁਰੂ ਜੀ ਵੀ ਉਨ੍ਹਾਂ ਦੀ ਲਗਨ ਤੋਂ ਪ੍ਰਭਾਵਿਤ ਹੋ ਕੇ ਇਸ ਇਲਾਕੇ ਦਾ ਚੱਕਰ ਲਾਉਂਦੇ।

ਡਾ: ਹਰਜਿੰਦਰ ਸਿੰਘ ਦਿਲਗੀਰ ਮੁਤਾਬਿਕ ਆਪ 18 ਮਾਰਚ, ਸੰਨ 1631 ਨੂੰ ਡਰੋਲੀ ਪੁੱਜੇ ਸਨ।[11] ਰਸਤੇ ਵਿਚ ਆਪ ਲੋਕਾਂ ਨੂੰ ਨਾਮ-ਬਾਣੀ ਨਾਲ ਜੋੜਦੇ ਆਏ ਸਨ। ਆਪ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਲੈ ਆਏ ਸਨ, ਜੋ ਮਗਰੋਂ ਕਰਤਾਰਪੁਰ (ਜਲੰਧਰ) ਭੇਜ ਦਿੱਤਾ ਗਿਆ।

ਗੁਰੂ ਜੀ ਦਾ ਡਰੋਲੀ ਆਉਣਾ ਸੁਣ ਕੇ ਸੰਗਤਾਂ ਭਾਰੀ ਗਿਣਤੀ ਵਿਚ ਗੁਰੂ-ਦਰਸ਼ਨਾਂ ਅਤੇ ਗੁਰ-ਉਪਦੇਸ਼ਾਂ ਨੂੰ ਗ੍ਰਹਿਣ ਕਰਨ ਲਈ ਆਉਣ ਲੱਗੀਆਂ। ਡਰੋਲੀ ਡੇਰਾ ਰੱਖ ਕੇ

ਆਪ ਜੀ ਜ਼ੀਰੇ, ਕੁਇਰਵਾਲੇ, ਡਮਰਾ, ਰੋਡੇ, ਲੰਡੇ, ਗਿੱਲ, ਕੋਡੇ, ਭੁੱਲਰਾਂ, ਕੋਟੜੇ, ਮਾੜੀ ਪਿੰਡ ਆਦਿਕ ਪਿੰਡਾਂ ਵਿਚ ਪ੍ਰਚਾਰ ਕਰਨ ਪੁੱਜੇ।

ਮਾੜੀ ਪਿੰਡ ਵਿਚ ਚੌਧਰੀ ਮੇਹਰਾਜ ਦੇ ਪੁੱਤਰਾਂ ਨੇ ਵਧ ਚੜ੍ਹ ਕੇ ਸੇਵਾ ਕੀਤੀ। 'ਭੁੱਲਰਾਂ' ਨੇ ਆਪਣੀ ਤਾਕਤ ਦੇ ਬਲ-ਬੂਤੇ ਇਨ੍ਹਾਂ ਨੂੰ ਉਜਾੜ ਦਿੱਤਾ ਸੀ। ਭੁੱਲਰ ਇਨ੍ਹਾਂ ਦੀਆਂ ਤੀਵੀਆਂ ਨਾਲ ਠੱਠਾ-ਮਖੌਲ ਕਰ ਕੇ ਆਪਣੀ ਧੌਂਸ ਜਮਾਉਂਦੇ ਰਹਿੰਦੇ ਸਨ। ਇਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਨੂੰ ਭੁੱਲਰਾਂ ਪਾਸੋਂ ਪਿੰਡ ਦੀ ਜ਼ਮੀਨ ਦਿਵਾਈ ਜਾਵੇ। ਗੁਰੂ ਜੀ ਨੇ ਭੁੱਲਰਾਂ ਨੂੰ ਜ਼ਮੀਨ ਦੇਣ ਦੀ ਆਗਿਆ ਕੀਤੀ, ਪਰ ਉਹ ਨਾ ਮੰਨੇ। ਗੁਰੂ ਜੀ ਨੇ ਆਪਣੇ ਫ਼ੌਜੀਆਂ ਦੀ ਸਹਾਇਤਾ ਨਾਲ ਮੇਹਰਾਜਕਿਆਂ ਨੂੰ ਪਿੰਡ ਵਸਾ ਦਿੱਤਾ, ਜਿਸ ਦਾ ਨਾਮ ਮੇਹਰਾਜ ਹੀ ਰੱਖਿਆ ਗਿਆ। ਇਹ ਪਿੰਡ ਅਜੋਕੇ ਜ਼ਿਲ੍ਹਾ ਬਠਿੰਡਾ ਵਿਚ ਹੈ। ਇਸ ਨੂੰ 'ਮਰਾੜ' ਵੀ ਕਿਹਾ ਜਾਂਦਾ ਹੈ। ਇਥੇ ਹੀ ਗੁਰੂ ਜੀ ਨੇ ਭਾਈ ਕਾਲੇ ਦੇ ਭਤੀਜਿਆਂ ਫੂਲ ਤੇ ਸੰਦਲੀ ਨੂੰ ਅਸ਼ੀਰਵਾਦ ਦਿੱਤਾ ਸੀ ਕਿ ਉਹ ਲੱਖਾਂ ਦਾ ਪੇਟ ਭਰਨਗੇ ਅਤੇ ਉਨ੍ਹਾਂ ਦੀ ਸੰਤਾਨ ਰਾਜ ਕਰੇਗੀ।

### *ਗੁਰੂ ਤੇ ਸਿੱਖਾਂ ਦਾ ਪਿਆਰ*

ਭਾਈ ਸਾਧੂ ਤੇ ਉਸ ਦਾ ਪੁੱਤਰ ਭਾਈ ਰੂਪਾ ਵੀ ਗੁਰੂ ਜੀ ਦੇ ਅਨਿੰਨ ਸਿੱਖ ਸਨ ਅਤੇ ਡਰੋਲੀ ਵਿਖੇ ਆ ਕੇ ਗੁਰੂ-ਦਰਬਾਰ ਦੀ ਹਾਜ਼ਰੀ ਭਰ ਗਏ ਸਨ।

ਇਹ ਦੋਵੇਂ-ਪਿਤਾ ਪੁੱਤਰ ਪਿੰਡ ਗੁਮਟੀ ਦੇ ਨੇੜਲੇ ਜੰਗਲ ਵਿਚ ਲੱਕੜਾਂ ਕੱਟਿਆ ਕਰਦੇ ਸਨ।[42] ਇਨ੍ਹਾਂ ਦੀ ਰੋਜ਼ੀ-ਰੋਟੀ ਦਾ ਇਹੀ ਸਾਧਨ ਸੀ। ਘਰੋਂ ਰੋਟੀ ਪਕਵਾ ਲੈਣੀ, ਪਾਣੀ ਦੀ ਟਿੰਡ ਭਰ ਲੈਣੀ ਤੇ ਜੰਗਲ ਵਿਚ ਆ ਕੇ ਕਿਸੇ ਰੁੱਖ ਨਾਲ ਲਟਕਾ ਦੇਣੀ। ਦੁਪਹਿਰ ਵੇਲੇ ਦੋਹਾਂ ਨੇ ਰੋਟੀ ਖਾਣੀ ਤੇ ਪਾਣੀ ਪੀਣਾ। ਰੋਜ਼ ਇਵੇਂ ਹੀ ਕਰਦੇ।

ਗਰਮੀਆਂ ਦੇ ਦਿਨ ਸਨ। ਦੁਪਹਿਰ ਸਮੇਂ ਟਿੰਡ ਨੂੰ ਹੱਥ ਲਾਇਆ, ਪਾਣੀ ਬਰਫ਼ ਵਾਂਗ ਠੰਢਾ ਸੀ। ਪਿਉ-ਪੁੱਤਰ ਦੋਹਾਂ ਦੇ ਅੰਦਰ ਗੁਰੂ ਪਿਆਰ ਜਾਗਿਆ। ਭਾਈ ਸਾਧੂ ਆਖਣ ਲੱਗੇ: ਕੇਹਾ ਠੰਢਾ ਜਲ ਹੈ; ਕਿਉਂ ਨਾ ਪਹਿਲਾਂ ਸੱਚੇ ਪਾਤਸ਼ਾਹ ਜੀ ਆਪ ਪੀਣ? ਝੱਟ ਪੁੱਤਰ ਰੂਪਾ ਬੋਲ ਉਠਿਆ : ਪਿਤਾ ਜੀ ਤੁਸੀਂ ਤਾਂ ਮੇਰੇ ਮਨ ਦੀ ਗੱਲ ਆਖ ਦਿੱਤੀ; ਇਹ ਪਾਣੀ ਤਾਂ ਸਤਿਗੁਰੂ ਜੀ ਨੂੰ ਹੀ ਪੀਣਾ ਚਾਹੀਦਾ ਹੈ। ਪਿਆਰ ਦੀ ਖੇਡ ਵੀ ਨਿਆਰੀ ਹੈ। ਦੋਵੇਂ ਪਿਤਾ-ਪੁੱਤਰ ਪਿਆਸੇ, ਪਰ ਪਾਣੀ ਨਾ ਪੀਤਾ। ਪਹਿਲਾਂ ਸਤਿਗੁਰੂ ਜੀ ਹੀ ਪੀਣ ਤਾਂ ਹੀ ਅਸੀਂ ਪੀਵਾਂਗੇ। ਪਾਣੀ ਦੀ ਟਿੰਡ ਨੂੰ ਮੁੜ ਰੁੱਖ ਨਾਲ ਟੰਗ ਦਿੱਤਾ, ਤੇ ਸਤਿਗੁਰੂ ਜੀ ਨੂੰ ਉਡੀਕਣ ਲੱਗ ਪਏ। ਉਧਰ ਗੁਰੂ ਜੀ ਨੇ ਭਾਈ ਸਾਈਂ ਦਾਸ ਨੂੰ ਆਖਿਆ : ਗੁਰਸਿੱਖਾਂ ਨੇ ਯਾਦ ਕੀਤਾ ਹੈ, ਅਸੀਂ ਉਨ੍ਹਾਂ ਨੂੰ ਮਿਲ ਕੇ ਆਏ। ਘੋੜੇ 'ਤੇ ਕਾਠੀ ਪਾਈ ਤੇ ਸਿਖਰ ਦੁਪਹਿਰੇ ਜੰਗਲ ਵੱਲ ਨੂੰ ਹੋ ਤੁਰੇ। ਗੁਰੂ ਪਿਆਰਿਆਂ ਨੂੰ ਜਾ ਦਰਸ਼ਨ ਦਿੱਤੇ, ਪਾਣੀ ਪੀਤਾ, ਸਿੱਖਾਂ ਦੀ ਸੱਧਰ ਪੂਰੀ ਕੀਤੀ। ਭਾਈ ਰੂਪੇ ਦੇ ਨਾਮ ਤੇ ਪਿੰਡ ਵਸਾਉਣ ਦਾ ਹੁਕਮ ਕੀਤਾ। ਪਿੰਡ ਗੁਮਟੀ ਤੋਂ ਤਿੰਨ ਮੀਲ ਪੂਰਬ ਵੱਲ ਇਹ ਪਿੰਡ ਵਸਾਇਆ ਗਿਆ।[43] ਪਿੰਡ ਭਾਈ ਰੂਪਾ ਰਾਮਪੁਰਾ ਫੂਲ ਤੋਂ 18 ਕਿਲੋਮੀਟਰ ਦੀ ਦੂਰੀ ਤੇ ਹੈ।

### *ਮਾਤਾ ਦਮੋਦਰੀ ਜੀ ਦਾ ਅਕਾਲ ਚਲਾਣਾ*

ਸਤਿਗੁਰੂ ਜੀ ਡਰੋਲੀ ਵਿਖੇ ਹੀ ਸਨ ਕਿ ਉਨ੍ਹਾਂ ਦੀ ਪਤਨੀ ਮਾਤਾ ਦਮੋਦਰੀ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀਆਂ ਅੰਤਮ ਰਸਮਾਂ ਵਿਚ ਭਾਗ ਲੈਣ ਲਈ ਆ ਰਹੇ, ਉਨ੍ਹਾਂ ਦੇ ਪਿਤਾ ਭਾਈ ਨਰਾਇਣ ਦਾਸ ਰਸਤੇ ਵਿਚ ਹੀ ਚੜ੍ਹਾਈ ਕਰ ਗਏ।

ਕੁਝ ਹੀ ਦਿਨਾਂ ਦੇ ਅੰਤਰ ਨਾਲ ਮਾਤਾ ਦਮੋਦਰੀ ਜੀ ਦੀ ਭੈਣ ਬੀਬੀ ਰਾਮੋ ਜੀ ਤੇ ਭਾਈ ਸਾਈਂ ਦਾਸ ਜੀ ਵੀ ਚੜ੍ਹਾਈ ਕਰ ਗਏ।

ਭਾਈ ਸਾਈਂ ਦਾਸ ਜੀ ਦੇ ਅੰਤਮ ਸੰਸਕਾਰ ਮਗਰੋਂ ਸਤਿਗੁਰੂ ਜੀ ਅੰਮ੍ਰਿਤਸਰ ਆ ਗਏ।

### *ਬਾਬਾ ਬੁੱਢਾ ਜੀ ਦਾ ਦਿਹਾਂਤ*

ਬਾਬਾ ਬੁੱਢਾ ਜੀ ਛੇ ਗੁਰੂ ਸਾਹਿਬਾਨ ਦੀ ਸੇਵਾ ਵਿਚ ਰਹਿਣ ਵਾਲੇ ਭਾਗਸ਼ਾਲੀ ਗੁਰਸਿੱਖ ਸਨ। ਆਪ ਨੂੰ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੈ। ਪਿੰਡ ਝੁਬਾਲ ਦੇ ਨੇੜੇ 'ਬਾਬਾ ਬੁੱਢਾ ਜੀ ਦੀ ਬੀੜ' ਵਿਖੇ ਬਹੁਤ ਸਮਾਂ ਗੁਜ਼ਾਰਿਆ, ਜਿਥੇ ਗੁਰੂ-ਦਰਬਾਰ ਦੇ ਪਸ਼ੂਆਂ ਦੀ ਸੇਵਾ-ਸੰਭਾਲ ਕੀਤੀ ਜਾਂਦੀ ਸੀ। ਜਦ ਬਾਬਾ ਜੀ ਬਹੁਤ ਬਿਰਧ ਹੋ ਗਏ ਤਾਂ ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਆਗਿਆ ਲੈ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਮਦਾਸ ਚਲੇ ਗਏ। ਭਾਵੇਂ ਆਪ ਜੀ ਦਾ ਜਨਮ ਪਿੰਡ ਕੱਥੂ ਨੰਗਲ ਵਿਚ ਹੋਇਆ ਸੀ, ਪਰ ਆਪ ਦੇ ਜਨਮ ਤੋਂ ਕੁਝ ਸਾਲ ਮਗਰੋਂ ਆਪ ਦੇ ਮਾਤਾ ਪਿਤਾ ਪਿੰਡ ਰਮਦਾਸ ਆ ਗਏ ਸਨ।

ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ ਕੇ ਬਾਬਾ ਜੀ ਨੇ ਗੁਰੂ ਜੀ ਨੂੰ ਸੁਨੇਹਾ ਘੱਲਿਆ ਕਿ ਉਹ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ। ਸੁਨੇਹਾ ਮਿਲਦੇ ਸਾਰ ਹੀ ਗੁਰੂ ਜੀ ਰਮਦਾਸ ਆ ਗਏ। ਬਾਬਾ ਜੀ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਪ੍ਰਾਣ ਤਿਆਗ ਦਿੱਤੇ। ਗੁਰੂ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ।

# ਨਾਨਕ ਮਤੇ ਦੀ ਪ੍ਰਚਾਰ-ਯਾਤਰਾ

'ਨਾਨਕ ਮਤਾ' ਉੱਤਰ ਪ੍ਰਦੇਸ਼ (ਹੁਣ ਉਤਰਾਂਚਲ) ਦੇ ਜ਼ਿਲ੍ਹਾ ਊਧਮ ਸਿੰਘ ਨਗਰ ਦਾ ਪ੍ਰਸਿੱਧ ਅਸਥਾਨ ਹੈ। ਪਹਿਲਾਂ ਇਹ ਜ਼ਿਲ੍ਹਾ ਨੈਨੀਤਾਲ ਵਿਚ ਪੈਂਦਾ ਸੀ। ਇਹ ਪੀਲੀਭੀਤ ਤੋਂ ਕੋਈ 15 ਮੀਲ ਦੀ ਦੂਰੀ ਤੇ ਹੈ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੇ ਦੌਰਾਨ ਇਥੇ ਆਏ ਸਨ। ਉਦੋਂ ਇਹ ਸਿੱਧਾਂ-ਯੋਗੀਆਂ ਦਾ ਗੜ੍ਹ ਹੁੰਦਾ ਸੀ ਤੇ ਇਸ ਦਾ ਨਾਮ ਸੀ—ਗੋਰਖ ਮਤਾ। ਉਦੋਂ ਯੋਗੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਕਰਾਮਾਤਾਂ ਦੇ ਬਲ ਨਾਲ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਸੀ, ਪਰ ਉਹ ਸਫ਼ਲ ਨਾ ਹੋ ਸਕੇ। ਫਿਰ ਵਿਚਾਰ-ਚਰਚਾ ਹੋਈ, ਉਸ ਵਿਚ ਵੀ ਯੋਗੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ । ਗੁਰੂ ਜੀ ਦੇ ਅਧਿਆਤਮਿਕ ਵਿਚਾਰਾਂ ਅਤੇ ਤੇਜਸਵੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਯੋਗੀਆਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਆਪਣਾ ਗੁਰੂ ਮੰਨ ਲਿਆ। ਯੋਗ ਮੱਤ ਦਾ ਪ੍ਰਭਾਵ ਘਟਣ ਨਾਲ ਤੇ ਗੁਰੂ ਨਾਨਕ-ਵਿਚਾਰਧਾਰਾ ਦਾ ਡੰਕਾ ਵੱਜਣ ਨਾਲ ਗੋਰਖ ਮਤਾ 'ਨਾਨਕ ਮਤੇ' ਵਿਚ ਬਦਲ ਗਿਆ। ਕੁਝ ਕੁ ਯੋਗੀਆਂ ਨੂੰ ਇਹ ਤਬਦੀਲੀ ਆਪਣੇ ਲਈ ਅਤੇ ਯੋਗ-ਮੱਤ ਲਈ ਅਪਮਾਨਜਨਕ ਜਾਪੀ ਕਿਉਂਕਿ ਲੋਕਾਂ ਵਿਚ ਉਨ੍ਹਾਂ ਦੀ ਮਾਨਤਾ ਬਹੁਤ ਘੱਟ ਗਈ ਸੀ। ਇਸ ਕਾਰਨ, ਅਜਿਹੇ ਯੋਗੀ ਸਿੱਖਾਂ ਨਾਲ ਨਫ਼ਰਤ ਕਰਦੇ ਸਨ ਅਤੇ ਆਪਣੀ ਸਾਖ ਨੂੰ ਮੁੜ ਕੇ ਬਹਾਲ ਕਰਨ ਲਈ ਹੱਥ ਪੈਰ ਮਾਰਦੇ ਰਹਿੰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਬਾਬਾ ਅਲਮਸਤ ਨਾਨਕ ਮਤੇ ਵਾਲੇ ਪ੍ਰਚਾਰ ਕੇਂਦਰ ਦੀ ਸੇਵਾ ਸੰਭਾਲ ਕਰ ਰਿਹਾ ਸੀ ਤੇ ਇਥੋਂ ਦੂਰ-ਦੂਰ ਤੱਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਕਾਸ਼ ਫੈਲਾਅ ਰਿਹਾ ਸੀ।

**ਬਾਬਾ ਅਲਮਸਤ** : ਇਨ੍ਹਾਂ ਦਾ ਜਨਮ ਸੰਨ 1553 (ਸੰਮਤ 1610) ਵਿਚ ਭਾਈ ਹਰੀ ਦੱਤ (ਬ੍ਰਾਹਮਣ) ਦੇ ਘਰ ਸ੍ਰੀਨਗਰ (ਕਸ਼ਮੀਰ) ਵਿਖੇ ਹੋਇਆ। ਇਨ੍ਹਾਂ ਨੂੰ 'ਗੋਦੜੀਆ' ਅਤੇ 'ਕਮਲੀਆ' ਨਾਮਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸੰਨ 1574 ਵਿਚ ਆਪ ਬਾਬਾ ਸ੍ਰੀ ਚੰਦ ਜੀ ਦੇ ਸੇਵਕ ਬਣ ਗਏ ਸਨ[44] ਅਤੇ ਗੁਰੂ ਅਰਜਨ ਦੇਵ ਜੀ ਦੇ ਵੀ ਸ਼ਰਧਾਲੂ ਸਿੱਖ ਸਨ। ਬਾਬਾ ਗੁਰਦਿੱਤਾ ਜੀ ਨੇ ਉਨ੍ਹਾਂ ਨੂੰ ਪੂਰਬੀ ਭਾਰਤ ਵਿਚ ਪ੍ਰਚਾਰਕ (ਇਕ ਧੂਏਂ ਦਾ ਮੁਖੀ) ਥਾਪਿਆ। ਉਹ ਜਗਨਨਾਥ ਪੁਰੀ ਪੁੱਜੇ, ਜਿਥੇ ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਗੰਗੂ ਮੱਲ ਬਣਵਾਇਆ।[45] ਆਪ ਨਾਨਕ ਮਤੇ ਵਿਖੇ ਸੰਨ 1643 ਵਿਚ ਅਕਾਲ ਚਲਾਣਾ ਕਰ ਗਏ। ਸਿੱਖ ਪ੍ਰਚਾਰਕ ਬਾਲੂ ਹਸਨਾ ਆਪ ਦਾ ਛੋਟਾ ਭਰਾ ਸੀ।

ਨਾਨਕ ਮਤਾ ਵਿਖੇ ਗੋਰਖਪੰਥੀ ਸਾਧ ਸਮੇਂ-ਸਮੇਂ ਬਾਬਾ ਅਲਮਸਤ ਜੀ ਨੂੰ ਧਮਕੀਆਂ ਦਿੰਦੇ ਰਹਿੰਦੇ ਸਨ। ਕਈ ਵਾਰ ਤਾਂ ਉਨ੍ਹਾਂ ਬਾਬਾ ਜੀ ਦੀ ਕੁੱਟ ਮਾਰ ਵੀ ਕੀਤੀ। ਸੰਨ 1633 ਵਿਚ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਇਤਿਹਾਸਕ ਪਿੱਪਲ ਦੇ ਦਰੱਖਤ ਨੂੰ ਅੱਗ ਵੀ ਲਾ ਦਿੱਤੀ। ਬਾਬਾ ਜੀ ਨੇ ਇਹ ਖ਼ਬਰ ਗੁਰੂ ਹਰਿਗੋਬਿੰਦ ਸਾਹਿਬ ਤੱਕ ਪਹੁੰਚਾਈ। ਗੁਰੂ ਜੀ 500 ਘੋੜ ਸਵਾਰਾਂ ਨੂੰ ਨਾਲ ਲੈ ਕੇ ਨਾਨਕ ਮਤੇ ਵੱਲ ਤੁਰ ਪਏ। ਆਪ ਗੜ੍ਹ ਮੁਕਤੇਸ਼ਵਰ, ਮੁਰਾਦਾਬਾਦ ਹੋ ਕੇ ਨਾਨਕ ਮਤੇ ਪੁੱਜੇ। ਪਿੱਪਲ ਉਸ ਸਮੇਂ ਤੱਕ ਧੁਖ (ਸੜ) ਰਿਹਾ ਸੀ।

ਗੁਰੂ ਜੀ ਨੇ ਆਪਣੇ ਹੱਥੀਂ ਅੱਗ ਬੁਝਾਈ ਤੇ ਪਿੱਪਲ ਹੇਠ ਹੀ ਦੀਵਾਨ ਸਜਾਇਆ। ਸੰਤ-ਸਿਪਾਹੀ ਸਿੱਖਾਂ ਨੂੰ ਵੇਖ ਕੇ ਸਿੱਧ ਇਕ ਵਾਰ ਤਾਂ ਕੰਬ ਗਏ। ਉਨ੍ਹਾਂ ਨੇ ਰਿੱਧੀਆਂ-ਸਿੱਧੀਆਂ ਦਾ ਵਿਖਾਵਾ ਕਰ ਕੇ ਡਰਾਉਣ ਦਾ ਯਤਨ ਕੀਤਾ, ਪਰ ਗੁਰੂ ਸਾਹਿਬ ਦੀ ਰੱਬੀ-ਸ਼ਖ਼ਸੀਅਤ ਤੇ ਪਰਬਤ ਵਾਂਗ ਅਡੋਲ ਹਸਤੀ ਉਤੇ ਉਨ੍ਹਾਂ ਦਾ ਭੋਰਾ ਵੀ ਅਸਰ ਨਾ ਹੋਇਆ। ਅੰਤ ਹਾਰ ਕੇ ਸਿੱਧਾਂ ਨੇ ਗੁਰੂ ਜੀ ਅੱਗੇ ਸਿਰ ਨਿਵਾਇਆ। ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਪ੍ਰਭੂ-ਮਾਰਗ ਤੇ ਚੱਲਣ ਵਾਲਿਆਂ ਦੇ ਮਨ ਅੰਦਰ ਕੀਨਾ, ਸਾੜਾ ਤੇ ਈਰਖਾ ਉੱਕੀ ਹੀ ਨਹੀਂ ਹੋਣੀ ਚਾਹੀਦੀ। ਰਿੱਧੀਆਂ-ਸਿਧੀਆਂ ਤਾਂ ਹੰਕਾਰ ਪੈਦਾ ਕਰਦੀਆਂ ਹਨ ਅਤੇ ਜਗਿਆਸੂਆਂ ਨੂੰ ਔਝੜੇ ਪਾ ਦਿੰਦੀਆਂ ਹਨ। ਅਸਲ ਸਿੱਧ-ਯੋਗੀ ਉਹੀ ਹੈ, ਜਿਸ ਨੇ ਹੰਕਾਰ ਤਿਆਗਿਆ ਹੈ ਅਤੇ ਜਿਸ ਦੇ ਮਨ ਵਿਚ ਪਰਮਾਤਮਾ ਲਈ ਪ੍ਰੇਮ ਹੈ। ਪ੍ਰਭੂ-ਪ੍ਰੇਮ ਅਤੇ ਖ਼ਲਕਤ ਦੀ ਸੇਵਾ ਹੀ ਸਹੀ ਜੀਵਨ-ਮਾਰਗ ਹੈ।

ਗੁਰੂ ਸਾਹਿਬ ਨੇ ਸਿੱਧਾਂ ਨੂੰ ਇਹ ਚਿਤਾਵਨੀ ਵੀ ਦੇ ਦਿੱਤੀ ਕਿ ਜੇਕਰ ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਕੇਂਦਰ ਨੂੰ ਜਾਂ ਕਿਸੇ ਸਿੱਖ ਪ੍ਰਚਾਰਕ ਨੂੰ ਫਿਰ ਕੋਈ ਨੁਕਸਾਨ ਪਹੁੰਚਾਇਆ ਗਿਆ ਤਾਂ ਉਸ ਦੀ ਸਜ਼ਾ ਜ਼ਰੂਰ ਭੁਗਤਾਈ ਜਾਵੇਗੀ।

### *ਗੜ੍ਹਵਾਲ ਰਿਆਸਤ ਵੱਲ*

ਨਾਨਕ ਮਤੇ ਤੋਂ ਵਾਪਸੀ 'ਤੇ ਗੁਰੂ ਹਰਿਗੋਬਿੰਦ ਸਾਹਿਬ ਬਰੇਲੀ, ਲਕਸਰ, ਰਿਸ਼ੀਕੇਸ਼ ਹੁੰਦੇ ਹੋਏ ਗੜ੍ਹਵਾਲ ਰਿਆਸਤ ਦੀ ਰਾਜਧਾਨੀ ਸ੍ਰੀ ਨਗਰ ਗਏ। ਉਥੇ ਮਹਾਂਰਾਸ਼ਟਰ ਦੇ ਪ੍ਰਸਿੱਧ ਸੰਤ ਸਮਰੱਥ ਰਾਮਦਾਸ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ। ਉਹ ਵੱਖ-ਵੱਖ ਧਰਮਾਂ ਦਾ ਤੱਤ ਜਾਣਨ ਲਈ ਤੀਰਥ-ਅਸਥਾਨਾਂ ਦੀ ਯਾਤਰਾ ਕਰ ਰਿਹਾ ਸੀ। ਗੁਰੂ ਜੀ ਨਾਲ ਜਦ ਉਸ ਦਾ ਮਿਲਾਪ ਹੋਇਆ ਤਾਂ ਗੁਰੂ ਜੀ ਉਦੋਂ ਸ਼ਿਕਾਰ ਖੇਡ ਕੇ ਮੁੜੇ ਸਨ ਤੇ ਪੂਰੀ ਵਰਦੀ ਵਿਚ ਅਤੇ ਤਿਆਰ-ਬਰ-ਤਿਆਰ ਸਿੱਖਾਂ ਸਮੇਤ ਹਨ। ਗੁਰੂ ਜੀ ਨੂੰ ਕਿਸੇ ਰਾਜੇ ਵਰਗੇ ਸਰੂਪ ਵਿਚ ਵੇਖ ਕੇ ਸੰਤ ਸਮਰੱਥ ਰਾਮਦਾਸ ਦੇ ਮਨ ਵਿਚ ਸ਼ੱਕ ਪੈਦਾ ਹੋਇਆ ਤੇ ਉਹ ਆਖਣ ਲੱਗਾ : "ਹਉ ਸੁਣਿਆ ਥਾ ਗੁਰੂ ਨਾਨਕ ਦੀ ਗਾਦੀ (ਗੱਦੀ) ਪਰ ਬੈਠਾ ਹੈ। ਗੁਰੂ ਨਾਨਕ ਤਿਆਗੀ ਸਾਧੂ ਥੇ। ਤੁਮ ਸ਼ਸਤਰ ਧਾਰਨ ਕਰੇ ਹੈਨਿ; ਘੋੜੇ ਫ਼ੌਜ ਰੱਖੀ ਹੈ, ਸੱਚਾ ਪਾਤਸ਼ਾਹ ਕਹਾਂਵਤਾ ਹੈ। ਕੈਸਾ ਸਾਧੂ ਹੈ?"

ਗੁਰੂ ਜੀ ਉਸਦੇ ਬਚਨ ਸੁਣ ਕੇ ਮੁਸਕਰਾ ਪਏ ਤੇ ਜੁਆਬ ਵਿਚ ਆਖਿਆ : "ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ, ਜਰਵਾਣੇ ਕੀ ਭੱਖਿਆ। ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ, ਮਾਯਾ ਤਿਆਗੀ ਥੀ।"

ਇੰਨਾ ਸੁਣਦਿਆਂ ਹੀ ਸਮਰੱਥ ਰਾਮ ਦਾਸ ਬੋਲ ਉੱਠਿਆ : "ਯਹ ਹਮਾਰੇ ਮਨ ਭਾਵਤੀ ਹੈ।"

ਗੁਰੂ ਸਾਹਿਬ ਦਾ ਕਹਿਣ ਤੋਂ ਭਾਵ ਸੀ ਕਿ ਫ਼ਕੀਰੀ (ਭਗਤੀ) ਵਿਖਾਉਣ ਦੀ ਚੀਜ਼ ਨਹੀਂ, ਫ਼ਕੀਰੀ ਤਾਂ ਮਨ ਵਿਚ ਹੀ ਸ਼ੋਭਦੀ ਹੈ। ਸੰਸਾਰ ਵਿਚ ਰਹਿੰਦਿਆਂ ਹੋਇਆਂ ਚਿੱਤ ਤਾਂ ਪ੍ਰਭੂ ਨਾਲ ਜੋੜੀ ਰੱਖਣਾ ਹੈ, ਪਰ ਸੰਸਾਰਕ ਕਾਰ-ਵਿਹਾਰ ਵੀ ਕਰਨੇ ਹਨ। ਗਰੀਬਾਂ ਤੇ ਨਿਤਾਣਿਆਂ ਉੱਤੇ ਅਤਿਆਚਾਰ ਹੋ ਰਹੇ ਹੋਣ ਤਾਂ ਧਰਮੀ ਮਨੁੱਖ ਨੂੰ ਚੁੱਪ ਕਰ ਕੇ ਨਹੀਂ

ਬੈਠਣਾ ਚਾਹੀਦਾ। ਉਸ ਸਮੇਂ ਤਾਂ ਹੱਥ ਵਿਚ ਹਥਿਆਰ ਫੜ ਕੇ ਅਤਿਆਚਾਰੀ ਨੂੰ ਸਬਕ ਸਿਖਾਉਣਾ ਚਾਹੀਦਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਚਾਰ ਬਾਅਦ ਵਿਚ ਸਮਰੱਥ ਰਾਮਦਾਸ ਨੇ ਮਹਾਂਰਾਸ਼ਟਰ ਵਿਚ ਕੀਤਾ। ਉਹ ਸ਼ਿਵਾ ਜੀ ਮਰਹੱਟੇ ਦਾ ਧਾਰਮਿਕ ਆਗੂ ਸੀ।

ਮਹਾਂਰਾਸ਼ਟਰ ਦੇ ਇਤਿਹਾਸਕਾਰ ਰੈਨਾਡੇ ਨੇ ਲਿਖਿਆ ਹੈ ਕਿ ਮੇਵਾੜੀ ਲੋਕ ਉਸ ਦੇ ਆਸ਼ਿਆਂ ਨੂੰ ਪੂਰਾ ਕਰਨ ਲਈ ਚੰਗੇ ਸਿਪਾਹੀ, ਸਾਥੀ ਤੇ ਆਉਂਦੇ ਸਮਿਆਂ ਲਈ ਆਗਿਆਕਾਰ ਜਰਨੈਲ ਸਾਬਤ ਹੋਏ। ਇਹੋ ਕਾਰਨ ਹੈ ਕਿ ਸ਼ਿਵਾ ਜੀ ਦੇ ਮਨ ਵਿਚ 'ਆਜ਼ਾਦੀ' ਦੀ ਭਾਵਨਾ ਪੈਦਾ ਹੋਈ।

ਗੁਰੂ ਹਰਿਗੋਬਿੰਦ ਸਾਹਿਬ ਅਤੇ ਸਮਰੱਥ ਰਾਮਦਾਸ ਦੀ ਇਸ ਮੁਲਾਕਾਤ ਦਾ ਜ਼ਿਕਰ ਸਮਰੱਥ ਰਾਮ ਦਾਸ ਦੇ ਵੱਡੇ ਭਰਾ ਦੇ ਪੋਤਰੇ ਸ੍ਰੀ ਹਨੂਵੰਤ ਸਵਾਮੀ ਨੇ ਆਪਣੀ ਪੁਸਤਕ 'ਸ੍ਰੀ ਸਮ੍ਰਧਾਚੀ' ਦੇ ਸਫ਼ਾ 22-23 'ਤੇ ਕੀਤਾ ਹੈ।[16]

ਸ੍ਰੀਨਗਰ ਤੋਂ ਚੱਲ ਕੇ ਗੁਰੂ ਜੀ ਹਰਿਦੁਆਰ, ਸਹਾਰਨਪੁਰ, ਜਗਾਧਰੀ, ਕੁਰੂਕਸ਼ੇਤਰ, ਕੈਥਲ ਹੁੰਦੇ ਹੋਏ ਅੰਮ੍ਰਿਤਸਰ ਆ ਗਏ।

# ਗੁਰੂ ਹਰਿਗੋਬਿੰਦ ਸਾਹਿਬ ਦੇ ਜੰਗ

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਜਿਥੇ ਆਮ ਲੋਕਾਂ ਦੇ ਮਨ ਵਿਚ ਭੈਅ ਪੈਦਾ ਕੀਤਾ, ਉਥੇ ਸਿੱਖਾਂ ਦੇ ਮਨਾਂ ਵਿਚ ਭੈਅ ਅਤੇ ਰੋਸ ਦੇ ਮਿਲਵੇਂ ਭਾਵ ਭਰੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਦੇ ਬੀਰਤਾ ਭਰੇ ਕਾਰਜਾਂ ਨੇ ਸਿੱਖਾਂ ਵਿਚ ਸਵੈ-ਵਿਸ਼ਵਾਸ, ਚੜ੍ਹਦੀ ਕਲਾ ਅਤੇ ਆਤਮ-ਨਿਰਭਰਤਾ ਦੀ ਭਾਵਨਾ ਨੂੰ ਭਰਿਆ। ਉਨ੍ਹਾਂ ਨੇ ਸਿੱਖਾਂ ਨੂੰ ਇਹ ਗੱਲ ਦ੍ਰਿੜ ਕਰਾਈ ਕਿ ਕੋਈ ਵੀ ਧਰਮ ਤੇ ਉਸ ਦਾ ਸਭਿਆਚਾਰ ਰਾਜਨੀਤਕ ਸੁਤੰਤਰਤਾ ਦੇ ਵਾਤਾਵਰਣ ਵਿਚ ਹੀ ਵਧ-ਫੁਲ ਸਕਦਾ ਹੈ।

### *ਸਰਕਾਰ ਦੀ ਨੀਤੀ*

ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ (ਆਪਣੀ ਫ਼ੌਜ, ਨਗਾਰਾ, ਨਿਸ਼ਾਨ, ਸ਼ਿਕਾਰ ਖੇਡਣਾ, ਕਲਗ਼ੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ...ਆਦਿ) ਵੇਲੇ ਦੀ ਸਰਕਾਰ ਨੂੰ ਇਕ ਵੱਡੀ ਵੰਗਾਰ ਸਨ। ਪਰ ਸਰਕਾਰ, ਸਿੱਖਾਂ ਦੇ ਮਨ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਪੈਦਾ ਹੋਏ ਰੋਸ ਨੂੰ ਹੋਰ ਭੜਕਾਉਣਾ ਨਹੀਂ ਸੀ ਚਾਹੁੰਦੀ। ਦੂਜੇ ਪਾਸੇ ਸਰਕਾਰ ਨਕਸ਼ਬੰਦੀਆਂ ਵਰਗੇ ਕੱਟੜ ਮੁਸਲਮਾਨਾਂ ਨੂੰ ਇਹ ਪ੍ਰਭਾਵ ਵੀ ਨਹੀਂ ਸੀ ਦੇਣਾ ਚਾਹੁੰਦੀ ਕਿ ਉਹ ਸਿੱਖਾਂ ਦੀਆਂ ਸਰਗਰਮੀਆਂ ਵੱਲ ਧਿਆਨ ਨਹੀਂ ਦੇ ਰਹੀ। ਇਸੇ ਲਈ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੁਝ ਸਮੇਂ ਲਈ ਨਜ਼ਰਬੰਦ ਕਰ ਦਿੱਤਾ ਗਿਆ ਸੀ। ਜਹਾਂਗੀਰ ਨੇ ਭਾਵੇਂ, ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਤੇ "ਉਸ (ਉਨ੍ਹਾਂ) ਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਸਪੁਰਦ ਕੀਤਾ ਜਾਵੇ। ਉਸ ਦੀ ਸਾਰੀ ਜਾਇਦਾਦ ਨੂੰ ਜ਼ਬਤ ਕੀਤਾ ਜਾਵੇ..." ਦਾ ਹੁਕਮ ਕੀਤਾ ਸੀ, ਪਰ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਤੋਂ ਸਿਵਾ ਬਾਕੀ ਹੁਕਮ ਤੇ ਕਾਰਵਾਈ ਨਹੀਂ ਸੀ ਹੋ ਸਕੀ; ਇਹ ਸਰਕਾਰ ਦੀ ਮਜਬੂਰੀ ਕਾਰਨ ਹੀ ਹੋਇਆ ਹੋਵੇਗਾ।

ਗੁਰੂ ਹਰਿਗੋਬਿੰਦ ਸਾਹਿਬ ਨੂੰ ਕੁਝ ਸਮਾਂ (ਡੇਢ-ਦੋ ਸਾਲ) ਨਜ਼ਰਬੰਦੀ ਵਿਚ ਰੱਖਣ ਦੇ ਮਗਰੋਂ ਜਹਾਂਗੀਰ ਨੇ ਗੁਰੂ ਜੀ ਨਾਲ ਚੰਗੇ ਸੰਬੰਧ ਬਣਾ ਕੇ ਰੱਖਣ ਵਿਚ ਹੀ ਬਿਹਤਰੀ ਸਮਝੀ।

ਸੰਨ 1627 ਵਿਚ ਜਹਾਂਗੀਰ ਦੀ ਮੌਤ ਹੋ ਗਈ। ਉਸ ਦੇ ਮਗਰੋਂ ਸ਼ਾਹ ਜਹਾਨ ਗੱਦੀ 'ਤੇ ਬੈਠਾ। ਉਸ ਨੇ ਕੱਟੜ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਗ਼ੈਰ-ਮੁਸਲਮਾਨਾਂ ਤੇ ਵਧੀਕੀਆਂ ਕਰਨੀਆਂ ਆਰੰਭ ਕਰ ਦਿੱਤੀਆਂ। ਮੁਸਲਮਾਨਾਂ ਤੋਂ ਸਿਵਾ ਹੋਰਨਾਂ ਨੂੰ ਧਰਮ ਪ੍ਰਚਾਰ ਤੋਂ ਮਨਾਹੀ ਕੀਤੀ ਗਈ। ਸਿੱਖਾਂ ਨੂੰ ਧਰਮ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਗਿਆ। ਹਿੰਦੂਆਂ ਨੂੰ ਮੰਦਰ ਜਾਂ ਹੋਰ ਧਰਮ-ਅਸਥਾਨ ਬਣਾਉਣ ਤੋਂ ਰੋਕ ਦਿੱਤਾ ਗਿਆ। ਉਸਾਰੀ ਅਧੀਨ ਤੇ ਨਵੇਂ ਬਣੇ ਮੰਦਰਾਂ ਨੂੰ ਢਾਹ ਢੇਰੀ ਕਰ ਦਿੱਤਾ ਗਿਆ। ਇਥੋਂ ਤੱਕ ਕਿ ਗੁਰੂ ਅਰਜਨ ਦੇਵ ਜੀ ਨੇ ਜਿਹੜੀ ਬਾਉਲੀ, ਲਾਹੌਰ ਦੇ ਡੱਬੀ ਬਜ਼ਾਰ ਵਿਚ ਬਣਾਈ ਸੀ, ਉਸ ਨੂੰ ਵੀ ਪੂਰ ਦਿੱਤਾ ਗਿਆ।

ਸ਼ਾਹ ਜਹਾਨ ਦੇ ਸਮੇਂ ਨਕਸ਼ਬੰਦੀ* ਮੁੜ ਕੇ ਸਰਗਰਮ ਹੋ ਗਏ। ਇਨ੍ਹਾਂ ਵਿਚ ਲਲਾ ਬੇਗ, ਕਮਰ ਬੇਗ ਆਦਿਕ ਉੱਚ ਸਿਆਸੀ ਪਦਵੀਆਂ ਤੇ ਬੈਠੇ ਆਗੂ ਅਤੇ ਫ਼ੌਜੀ ਜਰਨੈਲ ਸ਼ਾਮਿਲ ਸਨ।

ਰਾਜਨੀਤਕ ਖੇਤਰ ਵਿਚ ਅਜਿਹੇ ਲੋਕਾਂ ਦੇ ਸਰਗਰਮ ਹੋਣ ਕਰਕੇ ਦੇਸ਼ ਵਿਚ ਹਾਲਾਤ ਤਣਾਅਪੂਰਨ ਹੋ ਗਏ ਸਨ। ਇਹੀ ਕਾਰਨ ਹੈ ਕਿ ਛੋਟੀਆਂ ਛੋਟੀਆਂ ਘਟਨਾਵਾਂ ਵੀ ਜੰਗਾਂ ਦਾ ਕਾਰਨ ਬਣ ਗਈਆਂ।

ਗੁਰੂ ਸਾਹਿਬ ਦੇ ਜੰਗਾਂ ਦੀ ਗਿਣਤੀ, ਤ੍ਰੀਕਾਂ ਤੇ ਵੇਰਵਿਆਂ ਵਿਚ ਬਹੁਤ ਅੰਤਰ ਹਨ ਅਤੇ ਪੰਥਕ ਪੱਧਰ ਤੇ ਕੋਈ ਫੈਸਲਾ ਨਹੀਂ ਹੋ ਸਕਿਆ। ਪਹਿਲਾਂ ਕੇਵਲ ਚਾਰ ਜੰਗ ਹੀ ਮੰਨੇ ਜਾਂਦੇ ਸਨ ਤੇ ਬਹੁਤੇ ਲੇਖਕ ਇਸ ਗੱਲ ਨਾਲ ਸਹਿਮਤ ਸਨ ਕਿ ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦਪੁਰ (ਰੁਹੇਲਾ), ਮੇਹਰਾਜ ਕੋਲ (ਨਥਾਣਾ) ਅਤੇ ਕਰਤਾਰਪੁਰ ਵਿਚ ਕ੍ਰਮਵਾਰ ਸੰਨ 1628, 1630, 1631/32 ਤੇ 1634 ਵਿਚ ਹੋਏ ਸਨ। ਨਵੇਂ ਲੇਖਕ ਭੱਟ ਵਹੀਆਂ ਨੂੰ ਆਧਾਰ ਬਣਾ ਕੇ ਲਿਖ ਰਹੇ ਹਨ। ਉਨ੍ਹਾਂ ਨੇ ਪੰਜ (ਜਾਂ ਛੇ) ਜੰਗ ਮੰਨੇ ਹਨ। ਇਕ ਜੰਗ (ਸ੍ਰੀ ਹਰਿਗੋਬਿੰਦਪੁਰ ਵਾਲਾ) ਤਾਂ ਜਹਾਂਗੀਰ ਦੇ ਰਾਜ-ਕਾਲ ਵਿਚ ਹੋਇਆ ਮੰਨਿਆ ਹੈ, ਜਦੋਂ ਕਿ ਪਹਿਲੇ ਲੇਖਕ ਸਾਰੇ (ਚਾਰ) ਜੰਗ ਸ਼ਾਹਜਹਾਨ ਦੇ ਸਮੇਂ ਦੇ ਮੰਨਦੇ ਹਨ।

**ਭੱਟ ਵਹੀਆਂ ਮੁਤਾਬਕ ਜੰਗਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :**

## *1. ਪਹਿਲਾ ਜੰਗ ਰੁਹੇਲੇ (ਸ੍ਰੀ ਹਰਿਗੋਬਿੰਦਪੁਰ) ਦਾ*

ਸ੍ਰੀ ਹਰਿਗੋਬਿੰਦਪੁਰਾ ਨਾਮ ਦਾ ਨਗਰ ਗੁਰੂ ਅਰਜਨ ਦੇਵ ਜੀ ਨੇ ਸੰਨ 1587 ਵਿਚ, ਦਰਿਆ ਬਿਆਸ ਦੇ ਕਿਨਾਰੇ ਬਣਾਇਆ ਸੀ। 'ਮਹਾਨ ਕੋਸ਼' ਅਨੁਸਾਰ ਉਦੋਂ ਇਸ ਦਾ ਨਾਂ ਗੋਬਿੰਦਪੁਰਾ ਰਖਿਆ ਸੀ। ਇਹ ਗੁਰਦਾਸਪੁਰ ਜ਼ਿਲ੍ਹੇ ਵਿਚ ਚੰਦੂ ਸ਼ਾਹ ਦੇ ਪਿੰਡ ਰੁਹੇਲੇ ਦੇ ਨੇੜੇ ਹੀ ਹੈ। ਚੰਦੂ ਸ਼ਾਹ ਦੀ ਸਹਾਇਤਾ ਨਾਲ ਹੀ ਭਗਵਾਨ ਦਾਸ ਘੇਰੜ ਇਲਾਕੇ ਦਾ ਚੌਧਰੀ ਬਣਿਆ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਦੀ ਯਾਤਰਾ ਤੋਂ ਵਾਪਸ ਪਰਤਣ ਉਪਰੰਤ ਇਧਰ ਆਏ ਸਨ। ਉਨ੍ਹਾਂ ਇਥੇ ਸਿੱਖ ਸੰਗਤਾਂ ਦੇ ਕੈਂਪ ਲਗਵਾ ਕੇ ਇਸ ਥਾਂ ਦੀ ਨਵੀਂ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਗਰ ਦੇ ਆਲੇ-ਦੁਆਲੇ ਦੀਵਾਰ ਬਣਾਉਣੀ ਆਰੰਭ ਕਰ ਦਿੱਤੀ।[47] ਉਨ੍ਹਾਂ ਦਿਨਾਂ ਵਿਚ ਜਿਥੇ ਵੀ ਕੋਈ ਸਰਦਾ ਪੁਜਦਾ ਚੌਧਰੀ ਰਹਿੰਦਾ ਸੀ ਉਸ ਦਾ ਪਿੰਡ ਕਿਲ੍ਹੇ ਦੀ ਤਰ੍ਹਾਂ ਦੀਵਾਰ ਨਾਲ ਬਗਲਿਆ ਹੁੰਦਾ ਸੀ। ਭਗਵਾਨ ਦਾਸ ਘੇਰੜ ਨੇ ਸਮਝਿਆ ਕਿ ਗੁਰੂ ਸਾਹਿਬ ਇਥੇ ਰਹਿਣ ਲੱਗ ਪੈਣਗੇ ਤੇ ਇਹ ਉਸ ਲਈ ਖਤਰੇ ਵਾਲੀ ਗੱਲ ਹੋਵੇਗੀ। ਉਸ ਨੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਖੜ੍ਹੀਆਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਕਿ ਗੁਰੂ ਜੀ ਉਥੋਂ ਚਲੇ ਜਾਣ, ਪਰ ਜਦ ਗੁਰੂ ਜੀ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ ਤਾਂ ਉਸ ਨੇ ਸਿੱਧੀ ਦਖ਼ਲ-ਅੰਦਾਜ਼ੀ ਕਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਝਗੜਾ ਕਰਦਾ

---

*ਸੂਫ਼ੀ ਮੁਸਲਮਾਨਾਂ ਦਾ ਇਕ ਸਿਲਸਿਲਾ (ਜਥੇਬੰਦੀ/ਫ਼ਿਰਕਾ) ਜੋ ਰਾਜਨੀਤਕ ਸ਼ਕਤੀ ਰਾਹੀਂ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਕਰਦਾ ਸੀ। ਇਸ ਸਿਲਸਿਲੇ ਨੂੰ ਅਕਬਰ ਦੇ ਅੰਤਲੇ ਦਿਨਾਂ ਵਿਚ ਖ਼ਵਾਜਾ ਬਾਕੀ ਬਿੱਲਾ ਤੂਰਾਨ ਤੋਂ ਭਾਰਤ ਲੈ ਕੇ ਆਇਆ ਸੀ। ਭਾਰਤ ਵਿਚ ਇਸ ਦਾ ਮੁਖੀ ਸ਼ੇਖ਼ ਅਹਿਮਦ ਸਰਹਿੰਦੀ ਬਣਿਆ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਲਈ ਮੁਖ ਤੌਰ ਤੇ ਇਹੀ ਜ਼ਿੰਮੇਵਾਰ ਸੀ।

ਹੋਇਆ, ਉਹ ਸਿੱਖ ਸੰਗਤਾਂ ਹੱਥੋਂ ਮਾਰਿਆ ਗਿਆ। ਇਸ ਗੱਲ ਨੇ ਝਗੜੇ ਨੂੰ ਹੋਰ ਵਧਾ ਦਿੱਤਾ। ਉਸ ਦਾ ਪੁੱਤਰ ਰਤਨ ਚੰਦ ਪਿਉ ਦੀ ਮੌਤ ਦਾ ਬਦਲਾ ਲੈਣ ਦੇ ਢੰਗ-ਤਰੀਕੇ ਸੋਚਣ ਲੱਗਾ। ਉਸ ਨਾਲ ਪਿੰਡ ਰੁਹੇਲੇ ਦਾ ਕਰਮ ਚੰਦ ਮਿਲ ਗਿਆ, ਜਿਸ ਦੇ ਪਿਤਾ ਚੰਦੂ ਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਉਨ੍ਹਾਂ ਨੂੰ ਅਸਹਿ ਤੇ ਅਕਹਿ ਕਸ਼ਟ ਦਿੱਤੇ ਸਨ ਜਿਸ ਕਾਰਨ ਸਿੱਖਾਂ ਨੇ ਉਸ ਨੂੰ ਨੱਕ ਵਿਚ ਨਕੇਲ ਪਾ ਕੇ ਲਾਹੌਰ ਦੇ ਬਜ਼ਾਰਾਂ ਵਿਚ ਫੇਰਿਆ ਸੀ ਅਤੇ ਗੁਰਦਿੱਤੇ ਭੜਭੂੰਜੇ ਨੇ ਉਸ ਦੇ ਸਿਰ ਵਿਚ ਆਪਣਾ ਕੜਛਾ ਮਾਰ ਕੇ ਉਸ ਦਾ ਅੰਤ ਕਰ ਦਿੱਤਾ ਸੀ। ਇਸ ਲਈ ਕਰਮ ਚੰਦ ਆਪਣੇ ਪਿਤਾ ਦੀ ਮੌਤ ਦਾ ਬਦਲਾ ਸਿੱਖਾਂ ਪਾਸੋਂ ਲੈਣਾ ਚਾਹੁੰਦਾ ਸੀ। ਸੋ ਦੋਵੇਂ, ਕਰਮ ਚੰਦ ਅਤੇ ਰਤਨ ਚੰਦ, ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਨ ਕੋਲ ਜਾ ਫਰਿਆਦੀ ਹੋਏ। ਉਹ ਵੀ ਗੁਰੂ ਜੀ ਦੇ ਦੁਆਬੇ ਵਿਚ ਆ ਕੇ ਵਸਣ ਨੂੰ ਆਪਣੇ ਲਈ ਖ਼ਤਰਾ ਸਮਝਦਾ ਸੀ। ਉਹ ਚਾਰ ਕੁ ਹਜ਼ਾਰ ਫ਼ੌਜੀਆਂ ਨਾਲ ਗੁਰੂ ਜੀ 'ਤੇ ਹਮਲਾ ਕਰਨ ਲਈ ਤੁਰ ਪਿਆ। ਇਲਾਕੇ ਦੇ ਕਈ ਮੁਸਲਮਾਨਾਂ ਤੇ ਹੋਰ ਲੋਕਾਂ ਨੂੰ ਉਸ ਨੇ ਆਪਣੇ ਅਹੁਦੇ ਦੇ ਪ੍ਰਭਾਵ ਕਾਰਨ ਆਪਣੇ ਨਾਲ ਮਿਲਾਇਆ। ਰੁਹੇਲੇ ਪਿੰਡ ਕੋਲ ਲੜਾਈ ਹੋਈ ਜੋ 28 ਸਤੰਬਰ ਤੋਂ 3 ਅਕਤੂਬਰ 1621 ਤੱਕ ਚੱਲੀ। ਸਤਿਗੁਰਾਂ ਦੇ ਕਈ ਮੁਸਲਮਾਨ ਸ਼ਰਧਾਲੂਆਂ ਨੇ ਵੀ ਇਸ ਜੰਗ ਵਿਚ ਹਿੱਸਾ ਲਿਆ; ਜਿਵੇਂ ਕਿ ਪੈਂਦੇ ਖ਼ਾਨ, ਜਾਨੀ ਸ਼ਾਹ, ਜਮਾਲ ਖ਼ਾਨ, ਜਹਾਂਗੀਰ ਸ਼ਾਹ ਆਦਿ। ਭਾਈ ਪਰਾਗਾ, ਭੱਟ ਮਥੁਰਾ ਤੇ ਭੱਟ ਕੀਰਤ (ਦੋਵੇਂ ਭੱਟ ਭਿੱਖਾ ਜੀ ਦੇ ਸਪੁੱਤਰ), ਜੱਟੂ, ਕਲਿਆਨਾ, ਜਸਨਾ ਤੇ ਨਾਨੂ ਆਦਿਕਾਂ ਨੇ ਵੀ ਬੀਰਤਾ ਦੇ ਜੌਹਰ ਦਿਖਾਏ। ਭਾਈ ਨਾਨੂੰ ਨੇ ਰਤਨ ਚੰਦ ਤੇ ਕਰਮ ਚੰਦ ਦੋਹਾਂ ਨੂੰ ਪਾਰ ਬੁਲਾ ਦਿੱਤਾ। ਭੱਟ ਮਥੁਰਾ ਜੀ ਨੇ ਇਕ ਤਕੜੇ ਫ਼ੌਜੀ ਜਰਨੈਲ ਬੈਰਮ ਖ਼ਾਨ ਦਾ ਸਿਰ ਲਾਹ ਦਿੱਤਾ। ਭੱਟ ਮਥੁਰਾ ਤੇ ਕੀਰਤ ਦੋਵੇਂ ਇਸ ਜੰਗ ਵਿਚ ਸ਼ਹੀਦ ਹੋ ਗਏ। ਦੂਜੇ ਪਾਸੇ, ਸਿੱਖ ਸੂਰਮਿਆਂ ਨੇ ਫ਼ੌਜਦਾਰ ਅਬਦੁੱਲਾ ਖ਼ਾਨ ਮਾਰ ਦਿੱਤਾ। ਬਚੇ ਹੋਏ ਵੈਰੀ ਮੈਦਾਨ ਛੱਡ ਕੇ ਨੱਸ ਗਏ। ਭੱਟ ਮਥੁਰਾ ਤੇ ਕੀਰਤ ਉਨ੍ਹਾਂ ਭੱਟਾਂ ਵਿਚੋਂ ਸਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਇਹ ਭੱਟ ਕੇਵਲ ਬਾਣੀ ਰਚਣ ਵਾਲੇ ਹੀ ਨਹੀਂ ਸਨ, ਸਗੋਂ ਜੰਗ ਦੇ ਮੈਦਾਨ ਵਿਚ ਬਹਾਦਰੀ ਦਿਖਾਉਣ ਵਾਲੇ ਤੇ ਕੁਰਬਾਨੀਆਂ ਕਰਨ ਵਾਲੇ ਵੀ ਸਨ।

ਭੱਟ ਵਹੀਆਂ ਵਿਚ ਇਸ ਜੰਗ ਦਾ ਜ਼ਿਕਰ ਦੋ ਝੜਪਾਂ ਦੇ ਰੂਪ ਵਿਚ ਕੀਤਾ ਗਿਆ ਹੈ, ਪਹਿਲੀ 28 ਅੱਸੂ ਤੇ ਦੂਜੀ 3 ਕੱਤਕ ਸੰਮਤ 1678 (ਸੰਨ 1621) ਨੂੰ। ਡਾ: ਜਸਬੀਰ ਸਿੰਘ ਨੇ ਪਹਿਲੀ ਝੜਪ ਨੂੰ ਪਹਿਲੀ ਜੰਗ ਤੇ ਦੂਜੀ ਝੜਪ ਨੂੰ ਦੂਜੀ ਜੰਗ ਲਿਖਿਆ ਹੈ।[48] ਦੂਜੀ ਝੜਪ ਦਾ ਜ਼ਿਕਰ ਇਸ ਪ੍ਰਕਾਰ ਹੈ :

> "ਨਾਨੂ ਬੇਟਾ ਮੂਲੇ ਕਾ ਪੋਤਾ ਰਾਉ ਕਾ ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ ਬੰਝਰਉਤ ਸਾਲ ਸੋਲਾਂ ਸੈ ਅਠੱਤ੍ਰਾ ਕਤਕ ਪ੍ਰਵਿਸ਼ਟੇ ਤੀਜ ਕੇ ਦਿਹੁੰ ਰਾਮ ਰੁਹੀਲਾ ਪਰਗਣਾ ਬਟਾਲਾ ਕੇ ਮਲ੍ਹਾਨ , ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਗਵਾਨੇ ਕਾ, ਕਰਮਾ ਬੇਟਾ ਚੰਦੂ ਕਾ ਬਾਸੀ ਕਲਾਨੌਰ ਕੋ ਮਾਰ ਕੇ ਮਰਾ। ਗੈਲੋਂ ਮਥੁਰਾ ਬੇਟਾ ਭਿਖੇ ਕਾ ਪੋਤਾ ਰਈਏ ਕਾ ਪੜਪੋਤਾ ਨਰਸੀ ਕਾ ਬੀਸ ਭਗੀਰਥ ਕੋਸ਼ਿਸ਼ ਗੋਤ੍ਰ ਗੌੜ ਬ੍ਰਾਹਮਣ, ਪਰਾਗਾ ਬੇਟਾ ਗੌਤਮ ਕਾ ਭਾਰਗਵ ਗੋਤ੍ਰ ਛਿੱਬਰ ਬ੍ਰਾਹਮਣ, ਹੋਰ ਰਣ ਜੁਝੰਤੇ ਗੁਰੂ ਕੇ ਜੋਧੇ ਸਾਮ੍ਹੇ ਮਾਥੇ, ਰਣ ਮੈਂ ਜੂਝ ਕਰ ਮਰੇ।"

*(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉਤੋਂ ਕਾ)*

ਸਿੱਖ ਇਤਿਹਾਸ ਦੀ ਇਹ ਪਹਿਲੀ ਜੰਗ ਹੈ। ਇਸ ਨੇ ਮੁਗ਼ਲ ਸੈਨਾ ਦੇ ਅਜਿੱਤ ਹੋਣ ਦੇ ਵਿਸ਼ਵਾਸ ਨੂੰ ਚਕਨਾਚੂਰ ਕਰ ਕੇ ਰੱਖ ਦਿੱਤਾ। ਸਿੱਖਾਂ ਦੇ ਹੌਸਲੇ ਬੁਲੰਦ ਹੋਏ ਤੇ ਉਹ ਆਉਣ ਵਾਲੇ ਜੰਗਾਂ ਲਈ ਤਿਆਰੀ ਕਰਨ ਲੱਗੇ।

## *2. ਦੂਜਾ ਜੰਗ ਅੰਮ੍ਰਿਤਸਰ ਦਾ*

ਸ਼ਾਹ ਜਹਾਨ ਦੇ ਰਾਜ-ਗੱਦੀ ਤੇ ਬੈਠਣ ਮਗਰੋਂ ਸਰਕਾਰੀ ਸੈਨਿਕਾਂ ਦਾ ਸਿੱਖਾਂ ਨਾਲ ਇਹ ਪਹਿਲਾ ਜੰਗ ਸੀ। ਇਹ ਅੰਮ੍ਰਿਤਸਰ ਵਿਖੇ 14 ਅਪ੍ਰੈਲ, ਸੰਨ 1634 ਨੂੰ ਹੋਇਆ। ਇਸ ਜੰਗ ਦਾ ਮੂਲ ਕਾਰਨ ਸ਼ਾਹ ਜਹਾਨ ਦੀ ਬਦਲੀ ਹੋਈ ਨੀਤੀ, ਨਕਸ਼ਬੰਦੀਆਂ ਤੇ ਉਨ੍ਹਾਂ ਦੀ ਸੋਚਣੀ ਵਾਲੇ ਹੋਰ ਮੁਸਲਮਾਨਾਂ ਦੀ ਤੰਗ-ਦਿਲੀ, ਕੱਟੜਤਾ, ਜਨੂੰਨ ਤੇ ਫਿਰਕੂ ਪੱਖਪਾਤ ਹੀ ਸਨ; ਭਾਵੇਂ ਇਕ ਛੋਟੀ ਜਿਹੀ ਘਟਨਾ ਨੂੰ ਹੀ ਜੰਗ ਦਾ ਬਹਾਨਾ ਬਣਾ ਲਿਆ ਗਿਆ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਿੱਖਾਂ ਨੂੰ ਚੰਗੇ ਘੋੜ-ਸਵਾਰ ਬਣਨ ਦੀ ਸਿਖਲਾਈ ਦਿੱਤੀ ਸੀ ਅਤੇ ਸ਼ਸਤਰ ਵਿਦਿਆ ਦੇ ਅਭਿਆਸਾਂ ਲਈ ਉਨ੍ਹਾਂ ਨੂੰ ਜੰਗਲ ਵਿਚ ਲੈ ਜਾਂਦੇ ਸਨ। ਇਕ ਵਾਰ ਆਪ ਸਿੱਖਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਨੇੜੇ ਗੁਮਟਾਲੇ ਦੇ ਜੰਗਲ ਵਿਚ ਸ਼ਿਕਾਰ ਖੇਡਣ ਗਏ ਸਨ। ਉਥੇ ਸਰਕਾਰੀ ਫ਼ੌਜੀਆਂ ਦੀ ਟੁਕੜੀ ਆਈ ਹੋਈ ਸੀ। ਇਸ ਮੌਕੇ ਸ਼ਾਹੀ ਫ਼ੌਜ ਦਾ ਇਕ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਬਾਜ਼ ਨੂੰ ਲੈ ਕੇ ਸਰਕਾਰੀ ਫ਼ੌਜੀਆਂ ਅਤੇ ਸਿੱਖਾਂ ਵਿਚ ਤਕਰਾਰ ਹੋ ਗਿਆ। ਬਾਜ਼ ਤਾਂ ਇਕ ਬਹਾਨਾ ਸੀ, ਮੁਗ਼ਲ ਫ਼ੌਜ ਕਿਸੇ ਗ਼ੈਰ-ਮੁਸਲਿਮ ਨੂੰ ਸ਼ਿਕਾਰ ਖੇਡਦਿਆਂ ਵੇਖ ਨਹੀਂ ਸਨ ਸਕਦੇ। ਜਿਨ੍ਹਾਂ ਲੋਕਾਂ ਨੇ ਹਿੰਦੂਆਂ ਨੂੰ ਸ਼ਸਤਰ-ਹੀਣ ਕਰਨ ਲਈ ਹੁਕਮ ਦੇ ਰੱਖੇ ਸਨ ਕਿ ਹਿੰਦੂ ਆਪਣੇ ਹੱਥੀਂ ਕਿਸੇ ਜਾਨਵਰ ਜਾਂ ਪਸ਼ੂ ਨੂੰ ਮਾਰ ਕੇ ਮਾਸ ਨਾ ਖਾਣ, ਉਹ ਕਿਵੇਂ ਸਹਾਰ ਸਕਦੇ ਸਨ ਕਿ ਸ਼ਸਤਰ ਹੱਥੀਂ ਫੜ ਕੇ ਸਿੱਖ ਸ਼ਿਕਾਰ ਤੇ ਵੀ ਚੜ੍ਹ ਪੈਣ? ਇਸੇ ਲਈ ਗੱਲਬਾਤ ਸਮੇਂ ਮੁਗ਼ਲ ਫ਼ੌਜੀ ਲੋਹੇ ਲਾਖੇ ਹੋ ਗਏ। ਗੱਲ ਲੜਾਈ ਤੱਕ ਪਹੁੰਚ ਗਈ ਪਰ ਸਮਾਂ ਟਪਾਉਣ ਲਈ ਲਾਹੌਰ ਦਾ ਸੂਬੇਦਾਰ ਫ਼ੌਜੀਆਂ ਸਮੇਤ ਉਥੋਂ ਚਲਾ ਗਿਆ। ਪਰ ਲਾਹੌਰ ਜਾਂਦਿਆਂ ਹੀ ਉਸ ਨੇ ਫ਼ੌਜਦਾਰ ਮੁਖ਼ਲਿਸ ਖ਼ਾਨ ਨੂੰ ਸੱਤ ਹਜ਼ਾਰ ਫ਼ੌਜ ਦੇ ਕੇ ਅੰਮ੍ਰਿਤਸਰ ਉੱਤੇ ਹਮਲਾ ਕਰਨ ਲਈ ਭੇਜ ਦਿੱਤਾ।

ਮੁਖ਼ਲਿਸ ਖ਼ਾਨ ਦੀ ਫ਼ੌਜ ਨੇ ਆਉਂਦਿਆਂ ਹੀ ਸ਼ਾਮ ਵੇਲੇ ਹੱਲਾ ਕਰ ਦਿੱਤਾ। ਲੋਹਗੜ੍ਹ ਵਲੋਂ ਲੰਘ ਕੇ ਸ਼ਾਹੀ ਫ਼ੌਜਾਂ ਨੇ ਸ਼ਹਿਰ ਦਾ ਕੁਝ ਹਿੱਸਾ ਲੁੱਟ ਲਿਆ। ਸ਼ਹਿਰ ਵਿਚ ਹਫੜਾ-ਦਫੜੀ ਪੈ ਗਈ। ਇੰਨੇ ਵਿਚ ਗੁਰੂ ਕੇ ਸਿੱਖ ਸੰਭਲ ਗਏ। ਮੁਖ਼ਲਿਸ ਖ਼ਾਨ ਦੀ ਫ਼ੌਜ ਅੰਮ੍ਰਿਤਸਰ ਆਉਂਦੀ ਵੇਖ ਕੇ ਮਾਝੇ ਦੇ ਅਨੇਕਾਂ ਗੱਭਰੂ ਤੇਜ਼ੀ ਨਾਲ ਅੰਮ੍ਰਿਤਸਰ ਪੁੱਜ ਗਏ। ਰਾਤੋ-ਰਾਤ ਗੁਰੂ ਕੇ ਪਰਿਵਾਰ ਨੂੰ ਝਬਾਲ ਭੇਜਿਆ ਗਿਆ ਅਤੇ ਹੋਰ ਬੱਚਿਆਂ ਤੇ ਇਸਤਰੀਆਂ ਨੂੰ ਸ਼ਹਿਰ ਤੋਂ ਬਾਹਰ ਪਹੁੰਚਾਇਆ ਗਿਆ।

ਸਵੇਰ ਸਾਰ ਹੀ ਲੜਾਈ ਆਰੰਭ ਹੋ ਗਈ ਤੇ ਸਾਰਾ ਦਿਨ ਹੁੰਦੀ ਰਹੀ। ਮੁਖ਼ਲਿਸ ਖ਼ਾਨ ਨੇ ਜਿਨ੍ਹਾਂ ਫ਼ੌਜੀ ਸਰਦਾਰਾਂ ਨੂੰ ਭੇਜਿਆ, ਉਹ ਇਕ ਇਕ ਕਰ ਕੇ ਮੌਤ ਦਾ ਸ਼ਿਕਾਰ ਹੁੰਦੇ ਗਏ। ਅੰਤ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੇ ਮੁਖ਼ਲਿਸ ਖ਼ਾਨ ਆਹਮੋ-ਸਾਹਮਣੇ ਹੋ ਕੇ ਲੜੇ। ਗੁਰੂ ਜੀ ਨੇ ਮੁਖ਼ਲਿਸ ਖ਼ਾਨ ਨੂੰ ਪਹਿਲਾਂ ਵਾਰ ਕਰਨ ਦਾ ਮੌਕਾ ਦਿੱਤਾ। ਉਸ ਨੇ ਗੁਰੂ ਜੀ 'ਤੇ ਦੋ ਵਾਰ ਕੀਤੇ, ਪਰ ਉਹ ਵਿਅਰਥ ਗਏ। ਫਿਰ ਗੁਰੂ ਜੀ ਨੇ ਉਸ ਉੱਤੇ ਖੰਡੇ ਨਾਲ ਭਰਵਾਂ ਵਾਰ ਕੀਤਾ। ਖੰਡਾ ਮੁਖ਼ਲਿਸ ਖ਼ਾਨ ਦੀ ਢਾਲ ਨੂੰ ਕੱਟਦਾ ਹੋਇਆ, ਉਸ ਦੇ ਸਿਰ ਨੂੰ ਵੀ

ਪਾਰ ਕਰ ਗਿਆ, ਤੇ ਉਸ ਦੇ ਦੋ ਟੋਟੇ ਕਰ ਦਿੱਤੇ। ਸ਼ਾਹੀ ਫ਼ੌਜਾਂ ਦੇ ਹੌਸਲੇ ਢਹਿ ਗਏ ਅਤੇ ਉਹ ਆਪਣੀ ਜਾਨ ਬਚਾ ਕੇ ਲਾਹੌਰ ਵੱਲ ਭੱਜ ਗਏ।

ਇਹ ਲੜਾਈ ਲੋਹਗੜ੍ਹ ਤੋਂ ਲੈ ਕੇ ਉਸ ਅਸਥਾਨ ਤੱਕ ਹੁੰਦੀ ਰਹੀ, ਜਿੱਥੇ ਕਿ ਹੁਣ ਖ਼ਾਲਸਾ ਕਾਲਜ ਹੈ। ਇਸ ਲੜਾਈ ਵਿਚ ਭਾਈ ਬਿਧੀ ਚੰਦ, ਪੈਂਦੇ ਖ਼ਾਨ, ਭਾਈ ਪੈੜਾ, ਭਾਈ ਭਾਨਾ, ਭਾਈ ਸਿੰਘਾ, ਭਾਈ ਜੇਠਾ, ਭਾਈ ਪਿਰਾਗਾ ਤੇ ਭਾਈ ਭੀਮਾ ਨੇ ਵੈਰੀ ਨੂੰ ਕਰਾਰੇ ਹੱਥ ਵਿਖਾਏ। ਭਾਈ ਜੈਤਾ, ਪਿਰਾਣਾ, ਪੈੜਾ, ਭਾਈ ਭਾਨਾ ਤੇ ਭਾਈ ਸਿੰਘਾਂ ਆਦਿਕ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਭੱਟ ਵਹੀਆਂ ਮੁਤਾਬਿਕ ਭਾਈ ਮਨੀ ਸਿੰਘ ਦੇ ਦਾਦਾ ਭਾਈ ਬੱਲੂ ਜੀ ਵੀ ਇਸ ਜੰਗ ਵਿਚ ਬੀਰਤਾ ਦੇ ਜੌਹਰ ਵਿਖਾਉਂਦੇ ਹੋਏ ਸ਼ਹੀਦ ਹੋ ਗਏ।

'ਭੱਟ ਵਹੀ ਮੁਲਤਾਨੀ ਸਿੰਧੀ' ਅਨੁਸਾਰ ਮੁਰਤਜ਼ਾ-ਖ਼ਾਨ ਵੀ ਇਸ ਲੜਾਈ ਵਿਚ ਮਾਰਿਆ ਗਿਆ ਸੀ। ਇਹ ਗੱਲ ਠੀਕ ਨਹੀਂ ਜਾਪਦੀ ਕਿਉਂਕਿ ਮੁਰਤਜ਼ਾ ਖ਼ਾਨ ਪਹਿਲਾਂ ਹੀ ਸੰਨ 1617 (ਜਾਂ 1618) ਵਿਚ ਮਰ ਗਿਆ ਸੀ ਤੇ ਉਸ ਤੋਂ ਬਾਅਦ ਗਿਆਸ ਬੇਗ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਗਿਆ ਸੀ।

ਮੁਰਤਜ਼ਾ ਖ਼ਾਨ ਦੀ ਮੌਤ ਦਾ ਜ਼ਿਕਰ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਕੀਤਾ ਹੈ :

(1) ਪ੍ਰਿੰਸੀਪਲ ਸਤਿਬੀਰ ਸਿੰਘ :

"ਗੁਰੂ ਜੀ ਅਜੇ ਕਰਤਾਰਪੁਰ ਹੀ ਸਨ ਕਿ ਮੁਰਤਜ਼ਾ ਖ਼ਾਂ ਦੀ ਮ੍ਰਿਤੂ ਦੀ ਖ਼ਬਰ ਪੁੱਜੀ।...ਜਹਾਂਗੀਰ ਨੇ ਛੇਤੀ ਨਾਲ ਰਾਜ-ਪ੍ਰਬੰਧ ਦਾ ਕੰਮ ਇਤਮਾਦ-ਉਦ-ਦਉਲਾ (ਗਿਆਸ ਬੇਗ), ਨੂਰਜਹਾਨ ਦੇ ਪਿਤਾ ਨੂੰ 1617 ਵਿਚ ਸੌਂਪ ਦਿੱਤਾ।"

*(ਗੁਰ ਭਾਰੀ, 1998, ਪੰਨਾ 50)*

(2) ਸਾਧੂ ਸਿੰਘ ਗੋਬਿੰਦਪੁਰੀ :

"ਇਸ ਦੌਰਾਨ ਸੰਨ 1617 ਵਿਚ ਮੁਰਤਜ਼ਾ ਖ਼ਾਨ ਦੀ ਮੌਤ ਹੋ ਗਈ। ਉਸ ਦੀ ਥਾਂ ਗਿਆਸ ਬੇਗ ਨੂੰ ਲਾਹੌਰ ਦਾ ਨਵਾਬ ਥਾਪਿਆ ਗਿਆ।

*(ਬਡ ਜੋਧਾ ਬਹੁ ਪਰਉਪਕਾਰੀ, 1996, ਪੰਨਾ 63)*

(3) ਡਾ: ਸੰਗਤ ਸਿੰਘ :

"ਭਟ ਵਹੀ ਮੁਲਤਾਨੀ ਸਿੰਧੀ ਵਿਚ ਇਸ (ਅੰਮ੍ਰਿਤਸਰ ਦੀ) ਲੜਾਈ ਵਿਚ ਮੁਰਤਜ਼ਾ ਖ਼ਾਨ ਦੀ ਮੌਤ ਦਾ ਜ਼ਿਕਰ ਹੈ। ਇਸ ਮੁਰਤਜ਼ਾ ਖ਼ਾਨ ਦਾ ਸ਼ੇਖ਼ ਫਰੀਦ ਬੁਖਾਰੀ, ਜੋ ਪਹਿਲੇ ਦੱਸਿਆ ਹੈ, ਸੰਨ 1618 ਵਿਚ ਮਰ ਗਿਆ ਸੀ, ਨਾਲ ਭੁਲੇਖਾ ਲੱਗਣ ਦੀ ਕੋਈ ਗੁੰਜਾਇਸ਼ ਨਹੀਂ।

*(ਇਤਿਹਾਸ 'ਚ ਸਿੱਖ, 1999, ਪੰਨਾ 45)*

### *3. ਤੀਜਾ ਜੰਗ ਮੇਹਰਾਜ (ਮਰਾਝ) ਦਾ*

ਇਸ ਜੰਗ ਦਾ ਕਾਰਣ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆਂ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਗੁਰੂ ਦਰਬਾਰ ਵਿਚ ਪਹੁੰਚਾਉਣਾ ਸੀ ਜਿਨ੍ਹਾਂ ਨੂੰ ਕਾਬਲ ਤੋਂ ਆ ਰਹੇ ਸਿੱਖ (ਸਿੱਖਾਂ) ਪਾਸੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ।

ਸਿੱਖ ਇਤਿਹਾਸ ਵਿਚ ਇਕ ਗੱਲ ਪ੍ਰਸਿੱਧ ਹੈ ਕਿ ਕਾਬਲ ਤੋਂ ਇਕ ਪ੍ਰਚਾਰਕ/ਮਸੰਦ ਗੁਰੂ ਸਾਹਿਬ ਲਈ ਦੋ ਘੋੜੇ ਲਿਆ ਰਿਹਾ ਸੀ, ਜਿਨ੍ਹਾਂ ਨੂੰ ਰਸਤੇ ਵਿਚ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਕੁਝ ਲੇਖਕਾਂ ਨੇ ਇਸ ਸਿੱਖ ਦਾ ਨਾਮ ਕਰੋੜੀ ਮੱਲ ਲਿਖਿਆ ਹੈ। ਜਾਪਦਾ

ਹੈ ਘੋੜੇ, ਜਿਨ੍ਹਾਂ ਦੇ ਨਾਮ ਦਿਲਬਾਗ ਤੇ ਗੁਲਬਾਗ ਸਨ, ਤਾਂ ਕਰੋੜੀ ਮੱਲ ਹੀ ਲੈ ਕੇ ਆਇਆ ਸੀ ਅਤੇ ਉਸ ਦੇ ਨਾਲ ਕੁਝ ਹੋਰ ਸਿੱਖ ਵੀ ਸਨ। ਉਨ੍ਹਾਂ ਵਿਚ ਦੋ ਪ੍ਰਚਾਰਕ/ਮਸੰਦ ਭਾਈ ਬਖ਼ਤ ਮੱਲ ਤੇ ਤਾਰਾ ਚੰਦ (ਜਾਂ ਦਿਆਲ ਚੰਦ) ਵੀ ਸਨ, ਜਿਨ੍ਹਾਂ ਨੇ ਗੁਰੂ ਦਰਬਾਰ ਵਿਚ ਭਾਈ ਕਰੋੜੀ ਮੱਲ ਦੁਆਰਾ ਲਿਆਂਦੇ ਘੋੜਿਆਂ ਨੂੰ ਹਾਕਮਾਂ ਦੁਆਰਾ ਖੋਹਣ ਦੀ ਗੱਲ ਦੱਸੀ ਸੀ। ਸੁਣ ਕੇ, ਗੁਰੂ ਜੀ ਨੇ ਆਖਿਆ ਸੀ ਕਿ ਕਰੋੜੀ ਮੱਲ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਉਹਦੇ ਵਲੋਂ ਭੇਟ ਕੀਤੇ ਘੋੜੇ ਸਾਨੂੰ ਪਹੁੰਚ ਗਏ ਹਨ।

ਘੋੜੇ ਵਾਪਸ ਲਿਆਉਣ ਦਾ ਕੰਮ ਭਾਈ ਬਿਧੀ ਚੰਦ ਜੀ ਨੇ ਕੀਤਾ। ਭਾਈ ਸਾਹਿਬ ਪਿੰਡ ਸੁਰਸਿੰਘ (ਜ਼ਿਲ੍ਹਾ ਅੰਮ੍ਰਿਤਸਰ) ਦੇ ਭਾਈ ਵੱਸਣ ਦੇ ਪੁੱਤਰ ਸਨ ਅਤੇ ਵੱਡੇ ਦਲੇਰ, ਬਾਲੀ, ਕਦਾਵਰ ਅਤੇ ਸੁੰਦਰ ਜਵਾਨ ਸਨ। ਇਨ੍ਹਾਂ ਨੂੰ ਚੋਰਾਂ-ਧਾੜਵੀਆਂ ਦੀ ਸੰਗਤ ਕਾਰਨ ਚੋਰੀ ਤੇ ਡਾਕੇ ਦੀ ਆਦਤ ਪੈ ਗਈ। ਭਾਈ ਅਦਲੀ ਜੀ ਦੇ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ, ਗੁਰਮਤਿ ਮਾਰਗ ਅਪਨਾ ਕੇ ਕਰਨੀ ਵਾਲੇ ਸਿੱਖਾਂ ਵਿਚ ਗਿਣੇ ਜਾਣ ਲੱਗੇ।

ਸ਼ਾਹੀ ਕਿਲ੍ਹੇ ਵਿਚੋਂ ਘੋੜੇ ਲਿਆਉਣ ਲਈ ਆਪ ਪਹਿਲੀ ਵਾਰ ਘਾਹੀ ਬਣ ਕੇ ਗਏ। ਉਹਨਾਂ ਲਾਹੌਰ ਪਹੁੰਚ ਕੇ ਘੋੜਿਆਂ ਦੀ ਸੂਹ ਕੱਢੀ, ਫਿਰ ਘਾਹੀ ਦੇ ਰੂਪ ਵਿਚ ਸ਼ਾਹੀ ਤਬੇਲੇ ਤੱਕ ਰਸੂਖ ਹਾਸਲ ਕੀਤਾ। ਉਥੇ ਘੋੜਿਆਂ ਦੀ ਸੇਵਾ ਕਰਨ ਦੀ ਨੌਕਰੀ ਹਾਸਲ ਕਰ ਲਈ। ਇਕ ਰਾਤ ਮੌਕਾ ਵੇਖ ਕੇ, ਘੋੜੇ ਨੂੰ ਅੱਡੀ ਲਾਈ ਤੇ ਕੰਧ ਟਪਾ ਲਈ। ਉਦੋਂ ਰਾਵੀ ਦਰਿਆ ਕਿਲ੍ਹੇ ਦੇ ਕੋਲੋਂ ਹੀ ਵਗਦਾ ਸੀ। ਸ਼ਾਹੀ ਮਹੱਲਾਂ ਦੇ ਸਾਹਮਣੇ ਹੀ ਤਬੇਲਾ ਸੀ। ਬਾਹਰਲੀ ਕੰਧ ਬਹੁਤ ਉੱਚੀ ਸੀ, ਪਰ ਸ਼ਾਹੀ ਮਹੱਲ ਦੇ ਕੋਲੋਂ ਫ਼ਸੀਲ ਦਾ ਬਨੇਰਾ ਬਹੁਤ ਛੋਟਾ ਸੀ। ਘੋੜਾ ਉਸ ਬਨੇਰੇ ਤੋਂ ਛਾਲ ਮਾਰ ਕੇ, ਰਾਵੀ ਦੇ ਵਗਦੇ ਪਾਣੀ ਵਿਚੋਂ ਤਰ ਕੇ ਪਾਰ ਹੋਇਆ। ਭਾਈ ਬਿਧੀ ਚੰਦ ਜੀ ਨੇ ਡਰੋਲੀ ਵਿਖੇ ਗੁਰੂ ਸਾਹਿਬ ਅੱਗੇ ਘੋੜਾ ਪੇਸ਼ ਕੀਤਾ ਅਤੇ ਗੁਰੂ ਸਾਹਿਬ ਦੀ ਅਸ਼ੀਰਵਾਦ ਹਾਸਲ ਕੀਤੀ।

ਹੁਣ ਦੂਜਾ ਘੋੜਾ ਲਿਆਉਣਾ ਸੀ। ਆਪ ਜੋਤਸ਼ੀ ਦਾ ਰੂਪ ਧਾਰ ਕੇ ਲਾਹੌਰ ਪੁੱਜੇ। ਆਪਣੀ ਚਤੁਰਾਈ ਸਦਕਾ ਅਤੇ ਸਥਾਨਕ ਸਿੱਖਾਂ ਦੇ ਸਹਿਯੋਗ ਨਾਲ ਕਿਲ੍ਹੇ ਦੇ ਦਰੋਗੇ ਨਾਲ ਸੰਪਰਕ ਪੈਦਾ ਕੀਤਾ। ਪਹਿਲਾ ਘੋੜਾ ਲੱਭਣ ਦਾ ਵਿਸ਼ਵਾਸ ਦੁਆਇਆ ਪਰ ਸ਼ਰਤ ਇਹ ਰੱਖੀ ਕਿ ਕਿਲ੍ਹੇ ਦੇ ਅੰਦਰ ਹਾਲਤ ਉਸੇ ਤਰ੍ਹਾਂ ਦੀ ਬਣਾਈ ਜਾਵੇ, ਜਿਸ ਤਰ੍ਹਾਂ ਦੀ ਪਹਿਲੇ ਘੋੜੇ ਦੀ ਚੋਰੀ ਵੇਲੇ ਸੀ। ਪਹਿਲਾਂ ਦੀ ਤਰ੍ਹਾਂ ਦੂਜਾ ਘੋੜਾ ਵੀ ਲੈ ਆਏ। ਇਸ ਵਾਰ ਦਰੋਗੇ ਨੂੰ ਉੱਚੀ ਆਵਾਜ਼ ਵਿਚ ਆਖਿਆ—'ਦੋਵੇਂ ਘੋੜੇ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਨ। ਇਕ ਪਹਿਲਾਂ ਲੈ ਗਿਆ ਸਾਂ ਤੇ ਦੂਜਾ ਅੱਜ ਲਿਜਾ ਰਿਹਾ ਹਾਂ।'

ਘੋੜਿਆਂ ਦੇ ਕਿਲ੍ਹੇ ਵਿਚੋਂ ਨਿਕਲ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਪਹੁੰਚ ਜਾਣ ਕਾਰਨ ਲਾਹੌਰ ਦਰਬਾਰ ਵਿਚ ਖਲਬਲੀ ਮੱਚ ਗਈ। ਲਲਾ ਬੇਗ, ਕਮਰ ਬੇਗ ਅਤੇ ਇਬਰਾਹੀਮ ਖ਼ਾਨ ਆਦਿਕ ਫ਼ੌਜਾਂ ਲੈ ਕੇ ਮਾਲਵੇ ਵੱਲ ਨੂੰ ਤੁਰ ਪਏ।

ਗੁਰੂ ਸਾਹਿਬ ਨੂੰ ਪਤਾ ਸੀ ਕਿ ਹੁਣ ਜੰਗ ਅਵੱਸ਼ ਹੋਵੇਗੀ। ਉਨ੍ਹਾਂ ਨੇ ਮੇਹਰਾਜ (ਮਰਾਝ) ਦੇ ਕੋਲ, ਨਥਾਣੇ ਦੀ ਢਾਬ ਤੇ ਮੋਰਚੇ ਕਾਇਮ ਕਰ ਲਏ। ਇਥੇ 16 ਦਸੰਬਰ, ਸੰਨ 1634 ਨੂੰ ਸਰਕਾਰੀ ਫ਼ੌਜ ਅਤੇ ਸਿੱਖਾਂ ਦਾ ਟਾਕਰਾ ਹੋਇਆ। ਬੜੀ ਘਮਸਾਨ ਦੀ ਲੜਾਈ ਹੋਈ।

ਪਹਿਲਾਂ ਤੀਰਾਂ ਨਾਲ ਲੜਾਈ ਹੋਈ, ਫਿਰ ਤਲਵਾਰਾਂ ਚੱਲੀਆਂ। ਲਲਾ ਬੇਗ ਨੂੰ ਗੁਰੂ ਸਾਹਿਬ ਨੇ ਤੇਗ ਨਾਲ ਝਟਕਾ ਦਿੱਤਾ ਅਤੇ ਕਮਰ ਬੇਗ ਵੀ ਮਾਰਿਆ ਗਿਆ। 'ਲਤੀਫ' ਦੇ ਲਿਖਣ ਅਨੁਸਾਰ ਲਗਪਗ 1200 ਸਿੱਖਾਂ ਨੇ ਇਸ ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਦੁਸ਼ਮਣਾਂ ਦੀ ਫ਼ੌਜ ਦਾ ਇਸ ਤੋਂ ਤਿੰਨ ਗੁਣਾ ਵਧੇਰੇ ਨੁਕਸਾਨ ਹੋਇਆ। ਇਸ ਥਾਂ ਤੇ ਗੁਰੂ ਜੀ ਨੇ ਸਿੱਖਾਂ ਦਾ ਸਸਕਾਰ ਕੀਤਾ ਤੇ ਅਸਥਾਨ ਦਾ ਨਾਮ 'ਗੁਰੂ ਸਰ' ਰੱਖਿਆ। ਜੰਗ ਵਿਚ ਤਾਂ ਸਾਰੇ ਸਿੱਖ ਹੀ ਜਾਨਾਂ ਹੂਲ ਕੇ ਲੜੇ ਸਨ। 'ਭੱਟ ਵਹੀ ਮੁਲਤਾਨੀ ਸਿੰਧੀ' ਵਿਚ ਭਾਈ ਮਨੀ ਸਿੰਘ ਦੇ ਫੁੱਫੜ ਭਾਈ ਸੁਖੀਏ ਦੁਆਰਾ ਜੰਗ ਦੇ ਜੌਹਰ ਦਿਖਾਉਣ ਅਤੇ ਫ਼ੌਜਦਾਰ ਇਬਰਾਹੀਮ ਖ਼ਾਨ ਨੂੰ ਮਾਰ ਕੇ ਖ਼ੁਦ ਸ਼ਹੀਦੀ ਪਾਉਣ ਦਾ ਜ਼ਿਕਰ ਕੀਤਾ ਗਿਆ ਹੈ :

> "ਸੁੱਖਾ ਬੇਟਾ ਮਾਂਡਨ ਕਾ, ਪੋਤਾ ਊਦੇ ਕਾ, ਪੜਪੋਤਾ ਨਾਥੂ ਕਾ, ਉਦਾਨਾ, ਸਾਲ ਸੋਲਾਂ ਸੈ ਇਕਾਨਵੇਂ ਪੱਖ ਪ੍ਰਵਿਸ਼ਟੇ ਸਤਾਰਾਂ ਮੰਗਲਵਾਰ ਕੇ ਦਿਹੁੰ ਮਰਾਝ ਕੇ ਮਲ੍ਹਾਨ ਗੁਰੂ ਕੇ ਹੁਕਮ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰਾ।"
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਉਦਾਨੋਂ ਕਾ)*

### *4. ਚੌਥਾ ਜੰਗ ਕਰਤਾਰਪੁਰ ਦਾ*

ਗੁਰੂ ਹਰਿਗੋਬਿੰਦ ਸਾਹਿਬ ਮੇਹਰਾਜ ਤੋਂ ਕਰਤਾਰਪੁਰ ਆ ਗਏ, ਜੋ ਕਿ ਧਰਮ ਪ੍ਰਚਾਰ ਦਾ ਮੁੱਖ ਕੇਂਦਰ ਬਣ ਚੁੱਕਾ ਸੀ। ਸ਼ਾਹੀ ਫ਼ੌਜਾਂ ਮੇਹਰਾਜ ਦੇ ਜੰਗ ਵਿਚ ਹੋਈ ਆਪਣੀ ਦੁਰਗਤ ਨੂੰ ਅਜੇ ਭੁੱਲੀਆਂ ਨਹੀਂ ਸਨ; ਅੰਦਰ ਅੰਦਰ ਹੀ ਵਿੱਸ ਘੋਲ ਰਹੀਆਂ ਸਨ। ਬੱਸ, ਕਿਸੇ ਬਹਾਨੇ ਦੀ ਤਲਾਸ਼ ਵਿਚ ਸਨ, ਜੋ ਗੁਰੂ-ਦਰਬਾਰ ਵਿਚੋਂ ਹੀ ਪੈਂਦੇ ਖ਼ਾਨ ਨੇ ਮੁਹੱਈਆ ਕਰ ਦਿੱਤਾ। ਪੈਂਦੇ ਖ਼ਾਨ ਨੂੰ ਗੁਰੂ ਸਾਹਿਬ ਨੇ ਆਪਣੇ ਬੱਚਿਆਂ ਦੀ ਤਰ੍ਹਾਂ ਪਾਲਿਆ ਸੀ, ਉਸ ਨੂੰ ਸ਼ਸਤਰ-ਵਿਦਿਆ ਦੀ ਸਿਖਲਾਈ ਦੇ ਕੇ ਆਪਣੀ ਫ਼ੌਜ ਦੀ ਇਕ ਟੁਕੜੀ ਦਾ ਜਰਨੈਲ ਵੀ ਥਾਪਿਆ ਸੀ। ਆਪਣੇ ਪਰਿਵਾਰਿਕ ਮਸਲਿਆਂ ਵਿਚ ਉਲਝ ਕੇ ਤੇ ਆਪਣੀ ਪਤਨੀ ਤੇ ਜਵਾਈ ਦੀ ਚੁੱਕ ਵਿਚ ਆ ਕੇ ਉਹ ਗੁਰੂ-ਘਰ ਨਾਲ ਗ਼ਦਾਰੀ ਕਰ ਬੈਠਾ। ਹੰਕਾਰ ਵਿਚ ਆ ਕੇ ਉਸ ਨੇ ਬਸੀ ਪਠਾਣਾਂ ਦੇ ਫ਼ੌਜਦਾਰ ਅਸਮਾਨ ਖ਼ਾਨ ਝਾਂਗੜੀ ਨੂੰ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਤਿਆਰ ਕਰ ਲਿਆ। ਅਸਮਾਨ ਖ਼ਾਨ ਉਸ ਦਾ ਜਵਾਈ ਹੀ ਸੀ। ਉੱਧਰ, ਫ਼ੌਜਦਾਰ ਕਾਲੇ ਖ਼ਾਨ ਅੰਮ੍ਰਿਤਸਰ ਦੀ ਜੰਗ ਵਿਚ ਆਪਣੇ ਭਰਾ ਮੁਖਲਿਸ ਖ਼ਾਨ ਦੀ ਹੋਈ ਮੌਤ ਦਾ ਬਦਲਾ ਲੈਣ ਦੀ ਸੋਚ ਰਿਹਾ ਸੀ। ਸੋ, ਇਨ੍ਹਾਂ ਨੇ ਮਿਲਵੇਂ ਰੂਪ ਵਿਚ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਕਰਤਾਰਪੁਰ ਵਿਖੇ 26 ਅਪ੍ਰੈਲ ਤੋਂ 28 ਅਪ੍ਰੈਲ, ਸੰਨ 1635 ਵਿਚ ਤਿੰਨ ਦਿਨ ਜੰਗ ਹੁੰਦਾ ਰਿਹਾ। ਸ਼ਾਹੀ ਫ਼ੌਜ ਨੇ ਆਪਣਾ ਵਕਾਰ ਦਾਅ 'ਤੇ ਲਾ ਦਿੱਤਾ। ਸਿੱਖ ਫ਼ੌਜਾਂ ਵੀ ਪੂਰੇ ਉਤਸ਼ਾਹ ਤੇ ਬਲ ਨਾਲ ਲੜੀਆਂ। ਸਾਹਿਬਜ਼ਾਦਾ 'ਤੇਗ ਬਹਾਦਰ ਜੀ' ਚੌਦਾਂ ਵਰ੍ਹਿਆਂ ਦੇ ਹੋ ਚੁੱਕੇ ਸਨ। ਉਨ੍ਹਾਂ ਨੇ ਵੀ ਜੰਗ ਵਿਚ ਬੀਰਤਾ ਦੇ ਜੌਹਰ ਵਿਖਾਏ ਤੇ ਤਲਵਾਰ ਨਾਲ ਵੈਰੀਆਂ ਦੇ ਚੰਗੇ ਆਹੂ ਲਾਹੇ। ਪਹਿਲਾਂ ਉਨ੍ਹਾਂ ਦਾ ਨਾਂ 'ਤਿਆਗ ਮੱਲ' ਸੀ। ਤੇਗ ਚਲਾਉਣ ਵਿਚ ਪਰਬੀਨਤਾ ਨੂੰ ਵੇਖ ਕੇ, ਗੁਰੂ ਜੀ ਨੇ ਉਨ੍ਹਾਂ ਦਾ ਨਾਮ 'ਤੇਗ ਬਹਾਦਰ' ਰੱਖ ਦਿੱਤਾ।

ਪੈਂਦੇ ਖ਼ਾਨ ਵੀ ਲੜਦਾ ਹੋਇਆ ਗੁਰੂ ਜੀ ਦੇ ਸਾਹਮਣੇ ਆ ਗਿਆ। ਗੁਰੂ ਜੀ ਨੇ ਉਸ ਨੂੰ ਕਿਹਾ : "ਭਾਈ ਪੈਂਦਿਆ, ਆਖ਼ਰ ਤੂੰ ਸਾਡਾ ਸੇਵਕ ਰਿਹਾ ਹੈਂ, ਪਹਿਲਾਂ ਤੂੰ ਹੀ ਵਾਰ ਕਰ ਲੈ।" ਪੈਂਦੇ ਖ਼ਾਨ ਨੇ ਗੁਰੂ ਜੀ ਤੇ ਦੋ ਵਾਰ ਕੀਤੇ ਪਰ ਖਾਲੀ ਗਏ। ਤੀਜਾ ਵਾਰ ਉਸਨੇ ਇਨੇ

ਜ਼ੋਰ ਨਾਲ ਕੀਤਾ ਕਿ ਉਸ ਦੀ ਤਲਵਾਰ ਗੁਰੂ ਜੀ ਦੀ ਤਲਵਾਰ ਨਾਲ ਟਕਰਾ ਕੇ ਟੁੱਟ ਗਈ ਤੇ ਸਿਰਫ਼ ਮੁੱਠ ਹੀ ਉਸ ਦੇ ਹੱਥ ਵਿਚ ਰਹਿ ਗਈ। ਪੈਂਦੇ ਖ਼ਾਨ ਘੋੜੇ ਤੋਂ ਉੱਤਰ ਕੇ ਗੁਰੂ ਜੀ ਦੇ ਘੋੜੇ ਦੁਆਲੇ ਹੋ ਗਿਆ। ਉਹ ਘੋੜੇ ਸਮੇਤ ਸਵਾਰ ਨੂੰ ਪਟਕਾ ਕੇ ਮਾਰਨ ਵਿਚ ਮਾਹਿਰ ਸੀ। ਉਹ ਗੁਰੂ ਜੀ ਦੇ ਘੋੜੇ ਨੂੰ ਤਾਂ ਹਿਲਾ ਨਾ ਸਕਿਆ, ਪਰ ਘੋੜੇ ਨੂੰ ਅੱਗੇ ਵਧਣ ਤੋਂ ਰੋਕਣ ਵਿਚ ਸਫ਼ਲ ਹੋ ਗਿਆ। ਗੁਰੂ ਜੀ ਨੇ ਇਕ ਪੈਰ ਰਕਾਬ ਵਿਚ ਰੱਖ ਕੇ ਢਾਲ ਉਸ ਦੇ ਸਿਰ 'ਤੇ ਮਾਰੀ, ਤੇ ਉਹ ਬੇਹੋਸ਼ ਹੋ ਗਿਆ।

ਗੁਰੂ ਜੀ ਘੋੜੇ ਤੋਂ ਉਤਰੇ, ਉਸ ਦੇ ਕੋਲ ਆਏ ਤੇ ਉਸੇ ਢਾਲ ਨਾਲ ਹੀ ਧੁੱਪ ਤੋਂ ਬਚਾਇਆ, ਤੇ ਆਖਿਆ—'ਪੈਂਦੇ! ਕਲਮਾ ਪੜ੍ਹ ਲੈ, ਆਖ਼ਰੀ ਵੇਲਾ ਆ ਗਿਆ ਹੈ।' ਪੈਂਦੇ ਖ਼ਾਨ ਨੂੰ ਹੁਣ ਸਤਿਗੁਰਾਂ ਦੇ ਪਰਉਪਕਾਰ ਯਾਦ ਆਏ ਤੇ ਕੰਬਦੇ ਹੋਏ ਨੇ ਆਖਿਆ, 'ਪਾਤਸ਼ਾਹ! ਤੇਰੀ ਮਿਹਰ ਦੀ ਨਜ਼ਰ ਹੀ ਮੇਰਾ ਕਲਮਾ ਹੈ, ਮੇਰੀਆਂ ਭੁੱਲਾਂ ਮਾਫ਼ ਕਰੀਂ।' ਇੰਨਾ ਆਖਦਿਆਂ ਹੀ ਪੈਂਦਾ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਗਿਆ। ਗੁਰੂ ਜੀ ਨੇ ਉਸੇ ਢਾਲ ਨਾਲ ਉਸ ਦਾ ਮੂੰਹ ਢੱਕ ਦਿੱਤਾ।

ਕਾਲੇ ਖ਼ਾਨ ਦਾ ਅੰਤ ਵੀ ਪੈਂਦੇ ਖ਼ਾਨ ਦੀ ਤਰ੍ਹਾਂ ਹੀ ਹੋਇਆ। ਉਸ ਦੇ ਦੇਖਦਿਆਂ ਹੀ ਪੈਂਦੇ ਖ਼ਾਨ ਦਾ ਜੁਆਈ ਅਸਮਾਨ ਖ਼ਾਨ ਝਾਂਗੜੀ ਅਤੇ ਕੁਤਬ ਖ਼ਾਨ ਵੀ ਗੁਰੂ ਜੀ ਦੇ ਤੀਰਾਂ ਨੇ ਮਾਰ ਮੁਕਾ ਦਿੱਤੇ। ਆਪਣੇ ਜਰਨੈਲਾਂ ਨੂੰ ਡਿੱਗਦਿਆਂ ਦੇਖ ਕੇ ਕਾਲੇ ਖ਼ਾਨ ਨੇ ਸਾਰੀ ਫ਼ੌਜ ਨੂੰ ਇਕੋ ਵਾਰ ਹਮਲਾ ਕਰਨ ਲਈ ਕਿਹਾ ਤੇ ਆਪ ਗੁਰੂ ਜੀ ਦੇ ਸਾਹਮਣੇ ਆ ਕੇ ਆਖਣ ਲੱਗਾ, 'ਇਹ ਇਕੋ ਤੀਰ ਹੀ ਤੁਹਾਡੀ ਮੌਤ ਦਾ ਪੈਗਾਮ ਹੈ।' ਗੁਰੂ ਜੀ ਨੇ ਮੁਸਕਰਾਉਂਦਿਆਂ ਆਖਿਆ, 'ਕਾਲੇ ਖ਼ਾਨ ਇੰਨਾ ਕਾਹਲਾ ਨਾ ਪੈ, ਦਿਲ ਦੀ ਰੀਝ ਲਾਹ ਲੈ।' ਕਾਲੇ ਖ਼ਾਨ ਨੇ ਨਿਸ਼ਾਨਾ ਬੰਨ੍ਹਿਆ। ਸਤਿਗੁਰਾਂ ਨੇ ਘੋੜੇ ਦਾ ਮੂੰਹ ਬਦਲ ਲਿਆ ਤੇ ਤੀਰ ਗੁਰੂ ਸਾਹਿਬ ਦੇ ਮੱਥੇ ਕੋਲੋਂ ਹੋ ਕੇ ਅੱਗੇ ਨਿਕਲ ਗਿਆ।

ਫਿਰ ਕਾਲੇ ਖ਼ਾਨ ਨੇ ਤਲਵਾਰ ਦੀ ਲੜਾਈ ਲਈ ਵੰਗਾਰਿਆ। ਦੋਵੇਂ ਪਾਸਿਆਂ ਦੀਆਂ ਫ਼ੌਜਾਂ ਗੁਰੂ ਜੀ ਤੇ ਕਾਲੇ ਖ਼ਾਨ ਨੂੰ ਜੁਟੇ ਵੇਖ, ਖਲੋ ਗਈਆਂ। ਕਾਲੇ ਖ਼ਾਨ ਨੇ ਦੋ ਵਾਰ ਕੀਤੇ, ਗੁਰੂ ਜੀ ਨੇ ਢਾਲ 'ਤੇ ਰੋਕ ਗਏ। ਜਦ ਉਸ ਦਾ ਤੀਜਾ ਵਾਰ ਵੀ ਖ਼ਾਲੀ ਗਿਆ ਤਾਂ ਬੜੇ ਠੰਢੇ ਸੁਭਾਅ ਵਿਚ ਗੁਰੂ ਜੀ ਨੇ ਮੁਸਕਰਾ ਕੇ ਆਖਿਆ, 'ਖ਼ਾਨ! ਤਲਵਾਰ ਇਂਝ ਨਹੀਂ, ਇਂਝ ਚਲਾਈਦੀ ਹੈ।' ਇੰਨਾ ਕਹਿਣਾ ਹੀ ਸੀ ਕਿ ਉਸ ਦਾ ਸਿਰ ਧੜ ਨਾਲੋਂ ਵੱਖ ਹੋ ਗਿਆ। ਮੁਹਸਿਨ ਫ਼ਾਨੀ ਨੇ ਇਸ ਘਟਨਾ ਦਾ ਜ਼ਿਕਰ ਖ਼ਾਸ ਤੌਰ 'ਤੇ ਕੀਤਾ ਹੈ। ਉਹ ਗੁਰੂ ਜੀ ਦੇ ਸਹਿਜ ਵਿਚ ਹੀ ਜੰਗ ਕਰਨ ਤੋਂ ਬਹੁਤ ਹੈਰਾਨ ਸੀ। ਉਸ ਨੇ ਜੰਗ ਵਿਚ ਵੀ ਗੁਰੂ ਜੀ ਦੇ ਮੱਥੇ ਉਤੇ ਕਦੇ ਤਿਉੜੀ ਨਹੀਂ ਸੀ ਵੇਖੀ। ਕਾਲੇ ਖ਼ਾਨ ਨਾਲ ਹੋਈ ਝੜਪ ਬਾਰੇ ਮੁਹਸਿਨ ਫ਼ਾਨੀ ਲਿਖਦਾ ਹੈ ਕਿ ਗੁਰੂ ਜੀ ਨੇ ਵਾਰ ਰੋਕਦਿਆਂ ਹੋਇਆਂ ਆਖਿਆ:

"ਜ਼ਦਨ ਆ ਨੇਸਤ, ਬਲੋ, ਜ਼ਦਨ ਈ ਅਸਤ।" ਜਿਸ ਦਾ ਪੰਜਾਬੀ ਅਨੁਵਾਦ ਹੈ—'ਇਸ ਤਰ੍ਹਾਂ ਨਹੀਂ, ਭਈ ਇਂਝ ਵਾਰ ਕਰੀਦਾ ਹੈ।'

ਇਸ ਜੰਗ ਵਿਚ ਧਰਮੇ ਦਾ ਪੁੱਤਰ ਫੱਤਾ, ਕਉਲੇ ਦਾ ਪੁੱਤਰ ਕਿਸ਼ਨਾ ਅਤੇ ਬੱਲੀ ਦਾ ਪੁੱਤਰ ਮਾਧੋ ਸ਼ਹੀਦੀ ਪ੍ਰਾਪਤ ਕਰ ਗਏ। ਆਖ਼ਰ, ਸਿੱਖ ਫ਼ੌਜ ਨੇ ਫ਼ਤਹਿ ਪ੍ਰਾਪਤ ਕੀਤੀ।

ਭੱਟ-ਵਹੀਆਂ ਵਿਚ ਇਸ ਜੰਗ ਬਾਰੇ ਹੇਠ ਲਿਖੇ ਅਨੁਸਾਰ ਜਾਣਕਾਰੀ ਪ੍ਰਾਪਤ ਹੁੰਦੀ ਹੈ:

"ਫੱਤਾ ਬੇਟਾ ਧਰਮਾ ਕਾ, ਅਮੀਆ ਬੇਟਾ ਧਰਮਾ ਕਾ, ਪੋਤੇ ਭੋਜੇ ਕੇ, ਪੜਪੋਤੇ

ਰਣ ਮੱਲ ਕੇ ਰਮਾਣੇ, ਗੁਰੂ ਕਾ ਹੁਕਮ ਪਾਇ ਕਰਤਾਰਪੁਰ ਕੇ ਮਲ੍ਹਾਨ, ਪਰਗਣਾ ਜਲੰਧਰ, ਸਾਲ 1692 ਵੈਸਾਖ ਪ੍ਰਵਿਸ਼ਟੇ 29 ਐਤਵਾਰ ਕੇ ਦਿਹੁੰ ਰਣ ਜੁਝੰਤੇ ਸੂਰਿਓਂ ਗੈਲ ਸਾਹਵੇਂ ਮਥੇ ਜੂਝ ਕਰਿ ਸੁਆਸ ਦੀਏ।" (ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਰਮਾਣੋਂ ਕਾ)

"ਕਿਸ਼ਨਾ ਬੇਟਾ ਕਉਲੇ ਕਾ, ਪੋਤਾ ਅੰਬੀਏ ਕਾ, ਪੜਪੋਤਾ ਉਦੈਕਰਨ ਕਾ, ਬਤਸ ਗੋਤਰ ਚਾਹਮਾਨ ਆਠਮੇ ਸੇ ਕੁਰਾ ਹਜਾਵਤ ਆਂਬਿਆਨਾ, ਸਾਲ ਸੋਲਾਂ ਸੈ ਬਾਨਮੇ ਬੈਸਾਖ ਪ੍ਰਵਿਸ਼ਟੇ ਤੀਸ ਸੋਮਵਾਰ ਕੇ ਦਿੰਹੁ ਗੁਰੂ ਕਾ ਹੁਕਮ ਪਾਇ ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਲੰਧਰ ਸਾਮ੍ਹੇ ਮਾਥੇ ਜੂਝ ਕਰਿ ਮਰਾ, ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ।" *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਹਜਾਵਤੋਂ ਕਾ)*

"ਨਠੀਆ ਬੱਲੂ ਕਾ, ਮਾਧੋ ਬੱਲੂ ਕਾ—ਪੋਤੇ ਮੂਲੇ ਕੇ, ਪੜਪੋਤੇ ਰਾਊ ਕੇ ਬੰਝਰਉਤ ਸਾਲ ਸੋਲਾਂ ਸੈ ਬਾਨਮੇ ਪ੍ਰਵਿਸ਼ਟੇ ਇਕਤੀਸ ਮੰਗਲਵਾਰ ਕੇ ਦਿਹੁੰ ਕਰਤਾਰਪੁਰ ਕੇ ਮਲ੍ਹਾਨ ਪਰਗਣਾ ਜਲੰਧਰ ਗੁਰੂ ਕਾ ਹੁਕਮ ਪਾਇ ਅਸਮਾਨ ਖਾਂ ਝਾਂਗੜੀ ਗੈਲ ਭਿੜੇ, ਤੀਨ ਪਹਰ ਘੋਰ ਜੁੱਧ ਹੂਆ। ਗੁਰੂ ਕੇ ਪਾਲਿਤ ਪੈਂਦੇ ਖ਼ਾਂ ਨੇ ਗੁਰੂ ਤੇ ਵਾਰ ਕੀਆ, ਜੋ ਖਾਲੀ ਗਿਆ। ਗੁਰੂ ਜੀ ਕੇ ਪਰਤਾਮੇ ਵਾਰ ਸੇ ਪੈਂਦੇ ਖਾਂ ਮਾਰਾ ਗਿਆ। ਗੁਰੂ ਜੀ ਕੀ ਜੀਤ ਹੂਈ। ਭਾਈ ਮਾਧੋ ਰਣ ਭੂਮੀ ਮੇਂ ਸਾਮ੍ਹੇ ਮਾਥੇ ਜੂਝ ਕਰਿ ਮਰਾ, ਨਠੀਆ ਗੁਰੂ ਕਾ ਜੋਧਾ ਕਈ ਰਣ ਜੂਝੰਤੇ ਸੂਰਿਓਂ ਗੈਲ ਲੜ ਕੇ ਘਾਇਲ ਹੋਆ।"

*(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਉਤ ਜਲ੍ਹਾਨੋਂ ਕਾ)*

## *5. ਪੰਜਵਾਂ ਜੰਗ ਪਲਾਹੀ ਸਾਹਿਬ (ਫਗਵਾੜੇ) ਦਾ :*

ਗੁਰੂ ਸਾਹਿਬ ਕਰਤਾਰਪੁਰ ਤੋਂ ਫਗਵਾੜੇ ਆ ਰਹੇ ਸਨ ਕਿ ਬਚੀਆਂ-ਖੁਚੀਆਂ ਸ਼ਾਹੀ ਫ਼ੌਜਾਂ ਨੇ ਸਿੱਖਾਂ ਤੇ ਅਚਾਨਕ ਹੀ ਹਮਲਾ ਕਰ ਦਿੱਤਾ। ਸ਼ਾਹੀ ਫ਼ੌਜੀ ਸ਼ਾਇਦ ਇਹ ਸੋਚਦੇ ਹੋਣਗੇ ਕਿ ਸਿੱਖ ਤਾਂ ਜਿੱਤ ਦੇ ਨਸ਼ੇ ਵਿਚ ਜਾ ਰਹੇ ਹੋਣਗੇ ਤੇ ਉਨ੍ਹਾਂ ਨੂੰ ਅਚਾਨਕ ਹਮਲਾ ਕਰ ਕੇ ਸ਼ਿਕਸਤ ਦਿੱਤੀ ਜਾ ਸਕੇਗੀ। ਇਹ ਜੰਗ 29 ਅਪ੍ਰੈਲ, ਸੰਨ 1635 ਨੂੰ ਪਲਾਹੀ ਸਾਹਿਬ ਦੇ ਅਸਥਾਨ 'ਤੇ ਹੋਈ। ਬੜਾ ਕਹਿਰੀ ਹਮਲਾ ਕੀਤਾ ਜਾ ਰਿਹਾ ਸੀ, ਪਰ ਸਿੱਖਾਂ ਨੇ ਵੀ ਡਟ ਕੇ ਮੁਕਾਬਲਾ ਕੀਤਾ। ਇਸ ਜੰਗ ਵਿਚ ਬੱਲੂ ਜੀ ਦੇ ਪੁੱਤਰ ਦਾਸਾ ਜੀ ਤੇ ਸੁਹੇਲਾ ਜੀ ਅਤੇ ਧਰਮ ਚੰਦ ਜੀ ਦੇ ਸਪੁੱਤਰ ਜੱਗੂ ਜੀ ਸ਼ਹੀਦ ਹੋਏ। ਪਰ ਸਰਕਾਰੀ ਫ਼ੌਜ ਦੇ ਬਹੁਤਿਆਂ ਸਿਪਾਹੀਆਂ ਨੂੰ ਮਾਰ ਕੇ ਅਤੇ ਜ਼ਖ਼ਮੀ ਕਰ ਕੇ ਹਰਾਉਣ ਵਿਚ ਸਿੱਖ ਪੂਰੀ ਤਰ੍ਹਾਂ ਸਫ਼ਲ ਰਹੇ। ਇਸ ਜੰਗ ਬਾਰੇ ਭੱਟ ਵਹੀ ਵਿਚ ਇੰਝ ਲਿਖਿਆ ਮਿਲਦਾ ਹੈ :

> "ਦਾਸਾ ਬੇਟਾ ਬੱਲੂ ਕਾ, ਸੁਹੇਲਾ ਬੇਟਾ ਬੱਲੂ ਕਾ, ਪੋਤੇ ਮੂਲੇ ਕੇ, ਪੜਪੋਤੇ ਰਈਆ ਕੇ ਜਲ੍ਹਾਨੇ, ਜੱਗੂ ਬੇਟਾ ਧਰਮੇ ਕਾ ਪੋਤਾ ਭੋਜੇ ਕਾ ਰਮਾਣਾ, ਵਾਸੀ ਲਾਡਵਾ ਪਰਗਣਾ ਥਾਨੇਸਰ, ਸਾਲ ਸੋਲਾਂ ਸੈ ਬਾਨਮੇ, ਜੇਠ ਮਾਸ ਕੀ ਸੰਕ੍ਰਾਂਤ, ਦਿਹੁੰ ਬੁਧਵਾਰ ਫਗਵਾੜਾ ਕੇ ਮਲ੍ਹਾਨ ਪਰਗਣਾ ਜਲੰਧਰ, ਪਾਛੇ ਆ ਰਹੀ ਤੁਰਕ ਫ਼ੌਜ ਗੈਲ ਸਾਮ੍ਹੇ ਮਾਥੇ ਜੂਝ ਕਰਿ ਮਰੇ।

*(ਭੱਟ ਵਹੀ ਤਲਾਉਂਢਾ, ਪਰਗਣਾ ਜੀਂਦ, ਖਾਤਾ ਰਮਾਣੋਂ ਕਾ)*

# ਕੀਰਤਪੁਰ ਸਾਹਿਬ ਵਿਖੇ ਨਿਵਾਸ

ਕਰਤਾਰਪੁਰ ਅਤੇ ਪਲਾਹੀ (ਫਗਵਾੜਾ) ਦੇ ਜੰਗਾਂ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ, ਮਈ ਦੇ ਪਹਿਲੇ ਹਫ਼ਤੇ ਕੀਰਤਪੁਰ ਸਾਹਿਬ ਆ ਗਏ। ਆਪਣੀ ਸੰਸਾਰਕ ਯਾਤਰਾ ਦੇ ਬਾਕੀ ਨੌਂ ਸਾਲ ਆਪ ਵਧੇਰੇ ਕਰਕੇ ਇਥੇ ਹੀ ਰਹੇ। ਕੀਰਤਪੁਰ ਜੋ ਪਹਿਲਾਂ ਹੀ ਸਿੱਖੀ ਦੇ ਨਵੇਂ ਪ੍ਰਚਾਰ-ਕੇਂਦਰ ਵਜੋਂ ਵਿਕਸਿਤ ਹੋ ਰਿਹਾ ਸੀ, ਗੁਰੂ ਸਾਹਿਬ ਦੇ ਇਥੇ ਆਉਣ ਨਾਲ ਵਧੇਰੇ ਸਰਗਰਮੀਆਂ ਦਾ ਕੇਂਦਰ ਬਣ ਗਿਆ।

### *ਪ੍ਰਸਿੱਧ ਵਿਅਕਤੀ ਦਰਸ਼ਨਾਂ ਨੂੰ ਆਏ*

ਸਿੱਖ ਸੰਗਤਾਂ ਤੋਂ ਇਲਾਵਾ ਕਈ ਪਹਾੜੀ ਰਾਜੇ ਅਤੇ ਧਾਰਮਿਕ ਵਿਅਕਤੀ ਵੀ ਗੁਰੂ ਦਰਬਾਰ ਵਿਚ ਪਹੁੰਚਣ ਲੱਗੇ। ਕਹਿਲੂਰ ਦਾ ਰਾਜਾ ਤਾਰਾ ਚੰਦ ਮਿਲਣ ਆਇਆ। ਉਸ ਨੇ ਘੋੜੇ ਅਤੇ ਕੀਮਤੀ ਤੋਹਫ਼ੇ ਪੇਸ਼ ਕੀਤੇ। ਉਸ ਨੂੰ ਸਤਿਗੁਰਾਂ ਨੇ ਗਵਾਲੀਅਰ ਦੀ ਕੈਦ ਵਿਚੋਂ ਰਿਹਾਅ ਕਰਵਾਇਆ ਸੀ। ਹੋਰ ਰਾਜੇ ਵੀ ਦਰਸ਼ਨਾਂ ਨੂੰ ਆਏ, ਜਿਵੇਂ ਕਿ ਜਗਤ ਪ੍ਰਕਾਸ਼ ਸਿਰਮੌਰੀਆ, ਕਰਮ ਚੰਦ ਭੰਬੋਰੀਆ, ਨਰਪਤ ਸਿੰਘ ਜਸਪਾਲੀਆ, ਧਰਮਪਾਲ ਬੂ-ਘਾਟ ਵਾਲਾ, ਰਾਜ ਸਿੰਘ ਹਿਡੂਰੀਆ, ਭੂਪਸੈਨ ਕੈਥਲੀਆ ਅਤੇ ਅੰਮ੍ਰਿਤਪਾਲ ਭੰਜੀਵਾਲਾ ਆਦਿ।[50]

ਡਾ: ਹਰਜਿੰਦਰ ਸਿੰਘ ਦਿਲਗੀਰ ਅਨੁਸਾਰ ਕਈ ਰਾਜੇ ਤੇ ਹੋਰ ਵੱਡੇ ਸ਼ਖਸ ਗੁਰੂ ਸਾਹਿਬ ਕੋਲ ਪਨਾਹਗੀਰ ਬਣ ਕੇ ਰਹੇ। ਗੁਰੂ ਜੀ ਨੇ ਸਭ ਨੂੰ ਆਪਣੀ ਹਿਫ਼ਾਜ਼ਤ ਵਿਚ ਰੱਖਿਆ।[51]

### *ਮੂਰਤੀ ਪੂਜਾ ਦਾ ਵਿਰੋਧ*

ਮੁਹਸਿਨ ਫ਼ਾਨੀ ਨੇ 'ਦਬਸਿਤਾਨ-ਇ-ਮਜ਼ਾਹਬ' ਵਿਚ ਲਿਖਿਆ ਹੈ ਕਿ ਭੈਰਉਂ ਨਾਮ ਦੇ ਸਿੱਖ ਨੇ, ਨੈਣਾ ਦੇਵੀ ਦੇ ਮੰਦਰ ਜਾ ਕੇ ਦੇਵੀ ਦਾ ਨੱਕ ਤੋੜ ਦਿੱਤਾ, ਇਹ ਦੱਸਣ ਲਈ ਕਿ ਜਿਹੜੀ ਪੱਥਰ ਦੀ ਮੂਰਤੀ ਆਪਣੀ ਹਿਫ਼ਾਜ਼ਤ ਨਹੀਂ ਕਰ ਸਕਦੀ, ਉਹ ਆਪਣੇ ਭਗਤਾਂ ਦੀ ਰੱਖਿਆ ਕਿਵੇਂ ਕਰੇਗੀ? ਮੁਹਸਿਨ ਫ਼ਾਨੀ ਲਿਖਦਾ ਹੈ : "ਉਨ੍ਹਾਂ (ਪਹਾੜੀ ਰਾਜਿਆਂ) ਨੇ ਕਿਲ੍ਹੇਬੰਦ ਪਹਾੜਾਂ ਦੀ ਟੀਸੀ ਉਤੇ ਨੈਣਾ ਦੇਵੀ ਕਾਇਮ ਕੀਤੀ ਹੋਈ ਹੈ। ਰਾਜੇ ਤੇ ਦੂਸਰੇ ਲੋਕ ਜ਼ਿਆਰਤ ਕਰਨ ਆਉਂਦੇ ਹਨ।...ਇਕ ਭੈਰਉਂ ਨਾਮ ਦਾ ਸਿੱਖ ਬੁਤਖ਼ਾਨੇ ਵਿਚ ਜਾ ਵੜਿਆ ਤੇ ਉਸ ਨੇ ਦੇਵੀ ਦਾ ਨੱਕ ਤੋੜ ਦਿੱਤਾ।"[52]

### *ਧਰਮ ਪ੍ਰਚਾਰ ਦੇ ਕਾਰਜ*

ਕੀਰਤਪੁਰ ਵਿਚ ਰਹਿੰਦਿਆਂ ਹੋਇਆਂ ਗੁਰੂ ਜੀ ਨੇ ਧਰਮ ਪ੍ਰਚਾਰ ਦੇ ਕਾਰਜ ਨੂੰ ਮੁੜ ਕੇ ਜਥੇਬੰਦ (Organise) ਕੀਤਾ। ਇਸ ਸੰਬੰਧ ਵਿਚ ਬਾਬਾ ਗੁਰਦਿੱਤਾ ਜੀ ਦੀ ਵਿਸ਼ੇਸ਼ ਤੌਰ ਤੇ ਸੇਵਾ ਲਾਈ ਗਈ। ਬਾਬਾ ਗੁਰਦਿੱਤਾ ਜੀ ਨੇ ਉਦਾਸੀ ਮਹਾਂਪੁਰਖਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਵਿਚ ਲਾ ਦਿੱਤਾ। ਉਨ੍ਹਾਂ ਧਰਮ-ਪ੍ਰਚਾਰ ਦੇ ਚਾਰ ਮੁੱਖ ਕੇਂਦਰ ਹੇਠ ਲਿਖੇ ਉਦਾਸੀ ਮਹਾਤਮਾਵਾਂ ਦੀ ਦੇਖ-ਰੇਖ ਹੇਠ ਕਾਇਮ ਕੀਤੇ। ਇਨ੍ਹਾਂ ਕੇਂਦਰਾਂ ਨੂੰ ਧੂਣੀਆਂ ਜਾਂ ਧੂਣੇ ਕਿਹਾ ਜਾਂਦਾ ਹੈ। ਮਹਾਨ ਕੋਸ਼ ਵਿਚ ਧੂਣਾ (ਧੂਆਂ) ਦਾ ਅਰਥ–'ਤਪੱਸਵੀ ਸਾਧੂ ਦੀ ਗੱਦੀ ਦਾ ਅਸਥਾਨ' ਲਿਖਿਆ ਗਿਆ ਹੈ।

ਚਾਰ ਧੂਣਿਆਂ ਦੇ ਮੁਖੀ ਇਹ ਸਨ :

**(ੳ) ਭਾਈ ਅਲਮਸਤ ਜੀ :** ਭਾਈ ਅਲਮਸਤ ਜੀ ਦਾ ਜਨਮ 26 ਅਗਸਤ, ਸੰਨ 1553 ਨੂੰ ਭਾਈ ਹਰੀ ਦੱਤ (ਬ੍ਰਾਹਮਣ) ਦੇ ਘਰ ਸ੍ਰੀਨਗਰ (ਕਸ਼ਮੀਰ) ਵਿਚ ਹੋਇਆ। ਸੰਨ 1574 ਵਿਚ ਆਪ ਡੇਰਾ ਬਾਬਾ ਨਾਨਕ ਗਏ ਤੇ ਉਥੇ ਬਾਬਾ ਸ੍ਰੀ ਚੰਦ ਜੀ ਦੇ ਸੇਵਕ ਬਣ ਗਏ। ਭਾਈ ਗੁਰਦਿੱਤਾ ਜੀ ਨੇ ਇਨ੍ਹਾਂ ਨੂੰ ਸਿੱਖ ਧਰਮ ਦੇ ਪ੍ਰਚਾਰ ਵਿਚ ਲਾ ਕੇ ਪੂਰਬੀ ਭਾਰਤ ਵਿਚ ਧਰਮ ਪ੍ਰਚਾਰਕ ਥਾਪਿਆ। ਪਹਿਲਾਂ ਉਹ ਨਾਨਕ ਮਤੇ ਗਏ ਤੇ ਫਿਰ ਜਗਨਨਾਥਪੁਰੀ ਵੀ ਪੁੱਜੇ, ਜਿਥੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਗੰਗੂ ਮੱਲ ਬਣਾਇਆ।

**(ਅ) ਭਾਈ ਬਾਲੂ ਹਸਨਾ ਜੀ :** ਆਪ ਬਾਬਾ ਅਲਮਸਤ ਜੀ ਦੇ ਛੋਟੇ ਭਰਾ ਸਨ ਤੇ ਆਪ ਦਾ ਜਨਮ 13 ਨਵੰਬਰ, ਸੰਨ 1564 ਵਿਚ ਹੋਇਆ ਸੀ। ਪਹਿਲਾਂ ਆਪ ਗੁਰੂ ਸਾਹਿਬ ਦੇ ਘੋੜਿਆਂ ਦੇ ਪ੍ਰਬੰਧ ਨੂੰ ਵੇਖਦੇ ਸਨ। ਬਾਬਾ ਗੁਰਦਿੱਤਾ ਜੀ ਨੇ ਇਨ੍ਹਾਂ ਨੂੰ ਪੋਠੋਹਾਰ (ਪਾਕਿਸਤਾਨ) ਦੇ ਇਲਾਕੇ ਦਾ ਪ੍ਰਚਾਰਕ ਥਾਪਿਆ। ਇਨ੍ਹਾਂ ਨੇ ਬੜੇ ਸਿਦਕ ਨਾਲ ਪ੍ਰਚਾਰ ਕੀਤਾ।

ਸੰਨ 1656 ਵਿਚ ਜਦ ਗੁਰੂ ਤੇਗ ਬਹਾਦਰ ਜੀ ਪਹਿਲੀ ਪ੍ਰਚਾਰ-ਯਾਤਰਾ ਤੇ ਗਏ ਸਨ, ਤਾਂ ਬਾਲੂ ਹਸਨਾ ਜੀ ਉਨ੍ਹਾਂ ਦੇ ਨਾਲ ਸਨ। ਆਪ ਦੇ ਸਾਥੀ ਕੁਝ ਪ੍ਰਮੁੱਖ ਉਦਾਸੀ ਸਾਧੂਆਂ ਨੇ ਵੀ ਗੁਰਮਤਿ ਦਾ ਪ੍ਰਚਾਰ ਕੀਤਾ, ਜਿਨ੍ਹਾਂ ਵਿਚ ਗੋਦੜੀ ਦਾਸ, ਲਾਲ ਦਾਸ, ਰੂਪ ਥਲ, ਸੇਵਾ ਦਾਸ, ਜਾਦੋ ਰਾਇ, ਦਰਿਆਈ, ਪੂਰਨ ਦਾਸ, ਬੁੱਢਾ ਜੀ, ਪ੍ਰਮੇਸ਼ਵਰ ਦਾਸ ਆਦਿ ਸ਼ਾਮਿਲ ਸਨ। ਇਨ੍ਹਾਂ ਵਿਚੋਂ ਭਾਈ ਲਾਲ ਦਾਸ ਸਿੰਘ ਸਜ ਕੇ ਪ੍ਰਹਿਲਾਦ ਸਿੰਘ ਕਹਿਲਾਇਆ।

ਭਾਈ ਬਾਲੂ ਹਸਨਾ ਜੀ ਦਾ ਦੇਹਾਂਤ ਪਿਸ਼ਾਵਰ ਵਿਚ ਹੋਇਆ (ਕਈ ਲੇਖਕ ਦੇਹਾਂਤ ਦੇਹਰਾਦੂਨ ਵਿਚ ਹੋਇਆ ਲਿਖਦੇ ਹਨ)। ਉਨ੍ਹਾਂ ਦੀ ਇਕ ਯਾਦਗਾਰ 8 ਅਪ੍ਰੈਲ, ਸੰਨ 1741 ਵਿਚ ਦੇਹਰਾਦੂਨ ਵਿਚ ਕਾਇਮ ਕੀਤੀ ਗਈ ਸੀ।

**(ੲ) ਭਾਈ ਗੋਂਦਾ (ਗੋਇੰਦਾ) ਜੀ :** ਭਾਈ ਗੋਂਦਾ ਜੀ ਦਾ ਜਨਮ ਕਸ਼ਮੀਰ ਦੇ ਇਕ ਖੱਤਰੀ ਘਰਾਣੇ ਵਿਚ ਸੰਨ 1569 ਵਿਚ ਹੋਇਆ।ਆਪ ਸੰਨ 1634 ਵਿਚ ਬਾਬਾ ਗੁਰਦਿੱਤਾ ਜੀ ਦੇ ਸੰਪਰਕ ਵਿਚ ਆਏ ਅਤੇ ਤੀਜੇ ਧੂਣੇ ਦੇ ਮੁਖੀ ਥਾਪੇ ਗਏ। ਆਪ ਨੇ ਜਲੰਧਰ, ਫਿਲੌਰ ਆਦਿਕ ਥਾਵਾਂ ਤੇ ਟਿਕ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਆਪ ਦਾ ਦੇਹਾਂਤ ਸੰਨ 1649 ਵਿਚ ਫਿਲੌਰ ਵਿਖੇ ਹੋਇਆ।

**(ਸ) ਭਾਈ ਫੂਲ ਸ਼ਾਹ ਜੀ :** ਭਾਈ ਫੂਲ ਸ਼ਾਹ ਜੀ ਦਾ ਜਨਮ ਸੰਨ 1563 ਵਿਚ ਕਸ਼ਮੀਰ ਵਿਚ ਹੀ ਹੋਇਆ ਸੀ।ਆਪ ਭਾਈ ਗੋਂਦਾ ਜੀ ਦੇ ਛੋਟੇ ਭਰਾ ਸਨ।ਬਾਬਾ ਗੁਰਦਿੱਤਾ ਜੀ ਦੇ ਸੰਪਰਕ ਵਿਚ ਆਉਣ ਮਗਰੋਂ ਗੁਰਮਤਿ ਦੇ ਪ੍ਰਚਾਰ ਵਿਚ ਲੱਗ ਗਏ ਅਤੇ ਚੌਥੇ ਧੂਣੇ ਦੇ ਮੁਖੀ ਥਾਪੇ ਗਏ।ਆਪ ਭਾਈ ਬਾਲੂ ਹਸਨਾ ਜੀ ਦੀ ਤਰ੍ਹਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਨਿਸ਼ਕਾਮ ਸੇਵਾ ਕਰਦੇ ਰਹਿੰਦੇ ਸਨ। ਆਪ ਦਾ ਪ੍ਰਚਾਰ ਖੇਤਰ ਮੁੱਖ ਤੌਰ ਤੇ ਦੁਆਬੇ ਦਾ ਇਲਾਕਾ ਰਿਹਾ ਹੈ। ਆਪ ਦਾ ਦੇਹਾਂਤ ਸੰਨ 1673 ਵਿਚ ਹੋਇਆ।[53]

ਪ੍ਰਿੰਸੀਪਲ ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਅਨੁਸਾਰ ਬਾਬਾ ਗੁਰਦਿੱਤਾ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਕਹਿਣ ਤੇ ਸੰਨ 1636 ਵਿਚ ਚਾਰ ਧੂਣੇ ਸਥਾਪਿਤ ਕੀਤੇ ਸਨ।[54]

## ਪ੍ਰਚਾਰਕ ਸਿੱਖ

ਗੁਰੂ ਸਾਹਿਬ ਨੇ ਹੋਰ ਵੀ ਸਾਹਸੀ ਸਿੱਖਾਂ ਨੂੰ ਧਰਮ ਪ੍ਰਚਾਰ ਅਤੇ ਪ੍ਰਚਾਰ ਕਰਨ ਲਈ ਦੂਰ-ਦੂਰ ਤੱਕ ਭੇਜਿਆ। ਬਾਬਾ ਸੁੰਦਰ ਸ਼ਾਹ ਜੀ ਉੱਤਰ ਪ੍ਰਦੇਸ਼ ਵਿਚ ਪ੍ਰਚਾਰ ਕਰ ਰਹੇ ਸਨ। ਉਨ੍ਹਾਂ ਦਾ ਟਿਕਾਣਾ ਅਯੁੱਧਿਆ ਤੋਂ 30 ਮੀਲ ਦੂਰ ਗੋਮਤੀ ਨਦੀ ਦੇ ਕਿਨਾਰੇ ਦੇਉ ਨਗਰ ਵਿਖੇ ਸੀ। ਬਿਰਧ ਹੋ ਜਾਣ ਕਾਰਨ ਉਨ੍ਹਾਂ ਕਿਸੇ ਦਲੇਰ ਪ੍ਰਚਾਰਕ ਨੂੰ ਭੇਜਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਉਥੇ ਭੇਜਿਆ। ਭਾਈ ਸਾਹਿਬ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਦੀ ਕਥਾ ਰਾਹੀਂ ਗੁਰਮਤਿ ਦੀ ਖੁਸ਼ਬੋ ਫੈਲਾਉਣ ਲੱਗੇ। ਉਹ ਪੰਜ ਸਾਲ ਉਸ ਇਲਾਕੇ ਵਿਚ ਰਹੇ। ਇਸ ਸਮੇਂ ਦੇ ਦੌਰਾਨ ਉਹ ਬਿਹਾਰ ਅਤੇ ਬੰਗਾਲ ਦੇ ਇਲਾਕਿਆਂ ਵਿਚ ਵੀ ਗਏ। ਜੰਗਾਂ ਯੁੱਧਾਂ ਵਿਚ ਸਿੱਖ-ਜਥਿਆਂ ਦੀ ਅਗਵਾਈ ਕਰਨ ਵਾਲੇ ਭਾਈ ਬਿਧੀ ਚੰਦ ਧਰਮ-ਪ੍ਰਚਾਰ ਦੀ ਸੇਵਾ ਨਿਭਾਉਣ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ। ਭਾਈ ਸਾਹਿਬ ਦੇਉ ਨਗਰ ਵਿਖੇ ਹੀ ਸੰਨ 1638 ਵਿਚ ਅਕਾਲ ਚਲਾਣਾ ਕਰ ਗਏ।

ਭਾਈ ਕਟਾਰੂ ਤੇ ਭਾਈ ਤਿਲੋਕਾ ਕਾਬਲ ਵੱਲ ਪ੍ਰਚਾਰ ਕਰ ਰਹੇ ਸਨ ਅਤੇ ਭਾਈ ਸਾਧ ਨੂੰ ਬਲਖ ਵਿਖੇ ਭੇਜਿਆ ਗਿਆ ਸੀ। ਭਾਈ ਗੁਰਦਾਸ ਜੀ ਜਿਥੇ ਚੋਟੀ ਦੇ ਪ੍ਰਚਾਰਕ ਸਨ, ਉਥੇ ਘੋੜਿਆਂ ਦਾ ਵਪਾਰ ਵੀ ਕਰਦੇ ਰਹੇ ਸਨ। ਗੁਰੂ ਸਾਹਿਬ ਨੇ ਸਿੱਖਾਂ ਦੀ ਬਹੁ-ਪੱਖੀ ਸ਼ਖ਼ਸੀਅਤ ਦੀ ਘਾੜਤ ਘੜੀ ਸੀ। ਜਿਹੜੇ ਸਿੱਖ ਕਿਰਤ ਕਰਦੇ ਤੇ ਪ੍ਰਚਾਰ ਕਰਦੇ ਸਨ, ਉਹੀ ਚੰਗੇ ਸੈਨਿਕ ਅਤੇ ਵਪਾਰੀ ਵੀ ਸਨ।

ਗੁਰੂ ਸਾਹਿਬ ਖ਼ੁਦ ਵੀ ਸਿੱਖਾਂ ਨੂੰ ਨਾਲ ਲੈ ਕੇ ਪਹਾੜੀ ਇਲਾਕੇ ਵਿਚ ਧਰਮ ਪ੍ਰਚਾਰ ਲਈ ਜਾਂਦੇ ਰਹੇ। ਪਹਾੜੀ ਲੋਕ ਵਹਿਮਾਂ-ਭਰਮਾਂ ਵਿਚ ਵਧੇਰੇ ਕਰਕੇ ਫਸਦੇ ਹਨ। ਉਹ ਦੇਵੀ-ਦੇਵਤਿਆਂ ਦੀ ਪੂਜਾ, ਮੂਰਤੀ ਪੂਜਾ, ਮੜ੍ਹੀਆਂ ਦੀ ਪੂਜਾ, ਪਿੱਤਰਾਂ ਦੀ ਪੂਜਾ ਅਤੇ ਹੋਰ ਅਨੇਕਾਂ ਕਰਮ-ਕਾਂਡਾਂ ਵਿਚ ਵਿਸ਼ਵਾਸ ਰੱਖਦੇ ਹਨ। ਗੁਰੂ ਸਾਹਿਬ ਨੇ ਉਨ੍ਹਾਂ ਅੰਦਰ ਜਾਗ੍ਰਤੀ ਲਿਆਂਦੀ ਅਤੇ ਸੱਚੇ ਧਰਮ ਦਾ ਪ੍ਰਕਾਸ਼ ਕਰਕੇ ਉਨ੍ਹਾਂ ਨੂੰ ਅਕਾਲ ਪੁਰਖ ਦੇ ਲੜ ਲਾਇਆ। ਗੁਰੂ ਜੀ ਧਰਮ ਪ੍ਰਚਾਰ ਲਈ ਸਥਾਨਕ ਲੋਕਾਂ ਦੇ ਧਾਰਮਿਕ ਇਕੱਠਾਂ ਅਤੇ ਮੇਲਿਆਂ ਤੇ ਜਾਂਦੇ ਸਨ। ਇਸ ਤਰ੍ਹਾਂ ਸੈਂਕੜੇ ਪਹਾੜੀਏ ਕਰਮ-ਕਾਂਡਾਂ ਨੂੰ ਤਿਆਗ ਕੇ ਸਿੱਖੀ-ਮਾਰਗ ਦੇ ਪਾਂਧੀ ਬਣੇ।

## ਕੁਰੂਕਸ਼ੇਤਰ ਜਾਣਾ

ਗੁਰੂ ਜੀ ਕੁਝ ਸਿੱਖਾਂ ਦੇ ਨਾਲ ਸੂਰਜ ਗ੍ਰਹਿਣ ਦੇ ਮੌਕੇ ਕੁਰੂਕਸ਼ੇਤਰ ਗਏ। ਉਹਨਾਂ ਦਾ ਮਕਸਦ ਲੋਕਾਂ ਨੂੰ ਗ੍ਰਹਿਣ ਬਾਰੇ ਅੰਧ-ਵਿਸ਼ਵਾਸਾਂ ਅਤੇ ਹੋਰ ਕਰਮ-ਕਾਂਡਾਂ ਵਿਚੋਂ ਕੱਢਣਾ ਸੀ। ਕੁਰੂਕਸ਼ੇਤਰ ਵਿਖੇ ਵੈਰਾਗੀਆਂ, ਸੰਨਿਆਸੀਆਂ, ਯੋਗੀਆਂ, ਸਿੱਧਾਂ ਦੇ ਅਖਾੜੇ ਉਤਰੇ ਹੋਏ ਸਨ, ਜੋ ਲੋਕਾਂ ਵਿਚ ਆਪਣੇ-ਆਪਣੇ ਮੱਤ ਦੀ ਵਿਚਾਰਧਾਰਾ, ਭੇਖਾਂ ਅਤੇ ਕਰਮ-ਕਾਂਡਾਂ ਦਾ ਪ੍ਰਚਾਰ ਕਰਦੇ ਸਨ। ਗੁਰੂ ਜੀ ਨੇ ਗ੍ਰਿਹਸਤ, ਭਾਵ ਆਪਣੇ ਪਰਿਵਾਰ ਵਿਚ ਰਹਿ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਦਾ ਉਪਦੇਸ਼ ਦਿੱਤਾ। ਧਾਰਮਿਕ ਭੇਖ ਤੇ ਬਖੇੜੇ

ਧਾਰਮਿਕ ਚਿੰਨ੍ਹਾਂ ਦੀ ਅਸਲੀਅਤ ਪ੍ਰਗਟਾਈ। ਆਪ ਨੇ ਸ਼ਰਧਾਲੂਆਂ ਤੋਂ ਦਾਨ ਲੈ ਕੇ ਆਪਣੇ ਲਈ ਸੁਖ ਦੇ ਸਾਧਨ ਪੈਦਾ ਕਰਨ ਦੀ ਬਿਰਤੀ ਨੂੰ ਨਿੰਦਿਆ ਅਤੇ ਦੱਸਿਆ ਕਿ ਸਿੱਖਾਂ ਦੇ ਦਸਵੰਧ ਨਾਲ ਗੁਰੂ ਘਰ ਲੋਕ-ਸੇਵਾ ਦੇ ਕਾਰਜ ਕਰ ਰਿਹਾ ਹੈ। ਨਿਸ਼ਕਾਮ ਸੇਵਾ ਰਾਹੀਂ ਪ੍ਰਭੂ ਦੀ ਸੰਤਾਨ ਸਾਰੇ ਮਨੁੱਖਾਂ ਦੀ ਸੇਵਾ ਕਰਨੀ ਚਾਹੀਦੀ ਹੈ, ਨਾ ਕਿ ਘਰ-ਬਾਰ ਤਿਆਗ ਕੇ, ਜੰਗਲੀਂ ਨਿਵਾਸ ਕਰ ਕੇ ਆਪਣੇ ਪਰਿਵਾਰਿਕ ਤੇ ਸਮਾਜ ਪ੍ਰਤੀ ਫ਼ਰਜ਼ਾਂ ਤੋਂ ਮੂੰਹ ਮੋੜਨਾ ਚਾਹੀਦਾ ਹੈ। ਆਪਣੇ ਧਰਮ ਦੀ ਰੱਖਿਆ ਅਤੇ ਅਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਖੜਗਧਾਰੀ ਬਣਨਾ ਚਾਹੀਦਾ ਹੈ।

### *ਪਠਾਣਾਂ ਨਾਲ ਮੁੱਠ-ਭੇੜ*

ਜਦ ਆਪ ਕੁਰੂਕਸ਼ੇਤਰ ਵੱਲ ਜਾ ਰਹੇ ਸਨ ਤਾਂ ਰੋਪੜ ਦੇ ਪਠਾਣਾਂ ਨੇ ਵੇਖਿਆ ਕਿ ਉਨ੍ਹਾਂ ਨਾਲ ਥੋੜ੍ਹੇ ਜਿਹੇ ਹੀ ਸਿੱਖ ਹਨ। ਉਨ੍ਹਾਂ ਨੇ ਗੁਰੂ ਜੀ ਦੀ ਵਾਪਸੀ ਸਮੇਂ ਉਨ੍ਹਾਂ 'ਤੇ ਹਮਲਾ ਕਰਨ ਦੀ ਵਿਉਂਤ ਬਣਾਈ। ਗੁਰੂ ਜੀ ਨੇ ਮੁਗ਼ਲ ਫ਼ੌਜਾਂ ਨੂੰ ਜੰਗਾਂ ਯੁੱਧਾਂ ਵਿਚ ਵਾਰ-ਵਾਰ ਹਰਾਇਆ ਸੀ, ਇਸ ਲਈ ਇਹ ਪਠਾਣ ਗੁਰੂ ਸਾਹਿਬਾਂ ਅਤੇ ਸਿੱਖਾਂ ਨਾਲ ਨਫ਼ਰਤ ਕਰਦੇ ਸਨ ਅਤੇ ਬਦਲਾ ਲੈਣ ਲਈ ਮੌਕੇ ਦੀ ਤਲਾਸ਼ ਵਿਚ ਸਨ। ਜਦ ਗੁਰੂ ਜੀ ਕੁਰੂਕਸ਼ੇਤਰ ਤੋਂ ਵਾਪਸ ਆਉਂਦਿਆਂ ਰੋਪੜ ਨੇੜਲੇ ਪਿੰਡ ਬ੍ਰਾਹਮਣ ਮਾਜਰਾ ਪੁੱਜੇ ਤਾਂ ਸੈਂਕੜੇ ਪਠਾਣਾਂ ਨੇ ਅਚਾਨਕ ਹਮਲਾ ਕਰ ਦਿੱਤਾ। ਗੁਰੂ ਜੀ ਨੇ ਪਿੰਡ ਦੀ ਗੜ੍ਹੀ ਵਿਚ ਜਾ ਕੇ ਟਾਕਰਾ ਕੀਤਾ। ਪਠਾਣਾਂ ਦੇ ਹਮਲੇ ਦੀ ਖ਼ਬਰ ਕੀਰਤਪੁਰ ਪਹੁੰਚਾਈ ਗਈ। ਸਿੱਖ ਸੁਣਦੇ ਸਾਰ ਹੀ, ਹਵਾ ਦੀ ਤਰ੍ਹਾਂ ਤੇਜ਼ੀ ਨਾਲ ਬ੍ਰਾਹਮਣ ਮਾਜਰਾ ਪੁੱਜੇ। ਪਠਾਣਾਂ ਦੀ ਚੰਗੀ ਭੁਗਤ ਸਵਾਰੀ ਗਈ। ਇੰਨੀ ਮਾਰ ਮਾਰੀ ਗਈ ਕਿ ਉਨ੍ਹਾਂ ਮੁੜ ਕੇ ਅਜਿਹੀ ਹਰਕਤ ਕਰਨ ਬਾਰੇ ਸੋਚਿਆ ਤੱਕ ਨਹੀਂ।

**ਮੁਲਾਕਾਤਾਂ** : ਕੀਰਤਪੁਰ ਥੋੜ੍ਹੇ ਹੀ ਸਮੇਂ ਵਿਚ ਧਰਮ-ਪ੍ਰਚਾਰ ਦਾ ਤਕੜਾ ਕੇਂਦਰ ਬਣ ਗਿਆ ਤੇ ਇਸ ਦੀ ਸੋਭਾ ਦੂਰ-ਦੂਰ ਤੱਕ ਫੈਲ ਗਈ। ਸਿੱਖ-ਸੰਗਤਾਂ ਤਾਂ ਰੋਜ਼ ਦੀਵਾਨ ਸਜਾਉਂਦੀਆਂ ਹੀ ਸਨ, ਵੱਖ-ਵੱਖ ਧਰਮਾਂ ਦੇ ਵਿਦਵਾਨ, ਚਿੰਤਕ ਤੇ ਸਾਧਕ ਕੀਰਤਪੁਰ ਆ ਕੇ ਗੁਰੂ ਜੀ ਨਾਲ ਵਿਚਾਰਾਂ ਸਾਂਝੀਆਂ ਕਰਦੇ ਸਨ ਅਤੇ ਅਧਿਆਤਮਕ ਮਾਰਗ ਦੀਆਂ ਗੁੰਝਲਾਂ ਨੂੰ ਸੁਲਝਾਉਂਦੇ ਸਨ। ਇਨ੍ਹਾਂ ਵਿਚ ਪੀਰ ਫਾਜ਼ਿਲ ਈਰਾਨੀ ਅਤੇ ਅਰਬ ਦੇ ਪੀਰ ਹਸਨ ਅਲੀ ਸ਼ਾਮਿਲ ਹਨ। ਸਭ ਨੇ ਗੁਰੂ ਜੀ ਦੇ ਉਪਦੇਸ਼ ਨਾਲ ਆਤਮਿਕ ਉਚਾਈ ਹਾਸਿਲ ਕੀਤੀ।

### *ਬੁੱਢਣ ਸ਼ਾਹ ਨਾਲ ਮਿਲਾਪ*

ਕੀਰਤਪੁਰ ਤੋਂ ਦੱਖਣ ਵੱਲ ਅੱਧਾ ਮੀਲ ਤੇ ਪਹਾੜੀ ਉੱਪਰ ਬੁੱਢਣ ਸ਼ਾਹ ਜੀ ਦਾ ਤਕੀਆ ਹੈ। ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ ਇਥੇ ਗੁਰੂ ਨਾਨਕ ਦੇਵ ਜੀ ਬੁੱਢਣ ਸ਼ਾਹ ਜੀ ਨੂੰ ਮਿਲੇ ਸਨ। ਬੁੱਢਣ ਸ਼ਾਹ ਜੀ ਨੇ ਗੁਰੂ ਜੀ ਨੂੰ ਬੱਕਰੀ ਦਾ ਦੁੱਧ ਭੇਟ ਕੀਤਾ ਸੀ। ਗੁਰੂ ਜੀ ਨੇ ਆਖਿਆ ਸੀ : ਫਿਰ ਆ ਕੇ ਪੀਵਾਂਗੇ। ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਗੁਰਦਿੱਤਾ ਜੀ ਨੂੰ ਨਾਲ ਲੈ ਕੇ ਬੁੱਢਣ ਸ਼ਾਹ ਨੂੰ ਮਿਲਣ ਗਏ। ਉਹ ਦਰਸ਼ਨ ਕਰ ਕੇ ਅਤਿਅੰਤ ਪ੍ਰਸੰਨ ਹੋਇਆ। ਬਾਬਾ ਗੁਰਦਿੱਤਾ ਜੀ ਦੀ ਸ਼ਕਲ ਗੁਰੂ ਨਾਨਕ ਦੇਵ ਜੀ ਨਾਲ ਮਿਲਦੀ

ਜੁਲਦੀ ਸੀ। ਬਾਬਾ ਗੁਰਦਿੱਤਾ ਜੀ ਨੂੰ ਵੇਖ ਕੇ, ਉਨ੍ਹਾਂ ਨੂੰ ਗੁਰੂ ਨਾਨਕ ਜੀ ਦੀ ਯਾਦ ਆ ਗਈ।

ਗੁਰੂ ਹਰਿਗੋਬਿੰਦ ਸਾਹਿਬ ਨੇ ਬੁੱਢਣ ਸ਼ਾਹ ਦਾ ਭੇਟ ਕੀਤਾ ਦੁੱਧ ਛਕਿਆ।

### *ਭਾਈ ਗੁਰਦਾਸ ਜੀ ਦਾ ਦਿਹਾਂਤ*

ਸਿੱਖ ਧਰਮ ਦੇ ਮੁੱਢਲੇ ਵਿਦਵਾਨ, ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਅਤੇ ਸਿੱਖ ਧਰਮ ਦੇ ਪ੍ਰਭਾਵੀ ਪ੍ਰਚਾਰਕ ਭਾਈ ਗੁਰਦਾਸ ਜੀ ਆਪਣੇ ਜੀਵਨ ਦੇ ਅੰਤਲੇ ਸਾਲਾਂ ਵਿਚ ਗੋਇੰਦਵਾਲ ਵਿਖੇ ਨਿਵਾਸ ਰੱਖ ਰਹੇ ਸਨ। ਆਪਣਾ ਅੰਤਮ ਸਮਾਂ ਨਜ਼ਦੀਕ ਜਾਣ ਕੇ ਆਪ ਨੇ ਗੁਰੂ ਸਾਹਿਬ ਨੂੰ ਦਰਸ਼ਨ ਦੇਣ ਦੀ ਬੇਨਤੀ ਭੇਜੀ। ਗੁਰੂ ਜੀ ਸੁਨੇਹਾ ਮਿਲਦੇ ਸਾਰ ਹੀ ਗੋਇੰਦਵਾਲ ਆ ਗਏ। ਭਾਈ ਗੁਰਦਾਸ ਜੀ ਦਾ ਦਰਸ਼ਨ ਕਰ ਕੇ ਬੇਹੱਦ ਪ੍ਰਸੰਨ ਹੋਏ।

ਗੁਰੂ ਜੀ ਗੋਇੰਦਵਾਲ ਵਿਖੇ ਹੀ ਸਨ ਕਿ ਭਾਈ ਗੁਰਦਾਸ ਜੀ 25 ਅਗਸਤ, ਸੰਨ 1636 ਨੂੰ ਅਕਾਲ ਚਲਾਣਾ ਕਰ ਗਏ।[55] ਗੁਰੂ ਜੀ ਨੇ ਉਨ੍ਹਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ। ਗੁਰੂ ਜੀ ਅੰਤਿਮ ਅਰਦਾਸ ਦੇ ਦਿਨ ਤੱਕ ਗੋਇੰਦਵਾਲ ਹੀ ਰਹੇ।

### *ਬਾਬਾ ਗੁਰਦਿੱਤਾ ਜੀ ਦਾ ਅਕਾਲ ਚਲਾਣਾ*

ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਆਪ ਜੀ ਨਾਲ ਕੀਰਤਪੁਰ ਵਿਖੇ ਹੀ ਰਹਿ ਰਹੇ ਸਨ ਅਤੇ ਸਿੱਖ ਧਰਮ ਦੇ ਪ੍ਰਚਾਰ ਦਾ ਪ੍ਰਬੰਧ ਪੂਰੀ ਤਨਦੇਹੀ ਅਤੇ ਸੂਝ-ਬੂਝ ਨਾਲ ਕਰ ਰਹੇ ਸਨ। ਉਨ੍ਹਾਂ ਨੇ ਸੈਂਕੜੇ ਉਦਾਸੀਆਂ ਨੂੰ ਗੁਰਮਤਿ ਪ੍ਰਚਾਰ ਵਿਚ ਲਾ ਕੇ ਗੁਰੂ ਸਾਹਿਬਾਨ ਦਾ ਸੁਨੇਹਾ ਦੂਰ-ਦੂਰ ਤੱਕ ਪਹੁੰਚਾ ਦਿੱਤਾ ਸੀ। ਆਪ ਅਚਾਨਕ ਹੀ ਸੰਨ 1638 ਵਿਚ ਅਕਾਲ ਚਲਾਣਾ ਕਰ ਗਏ। ਇਸ ਨਾਲ ਸਿੱਖ ਕੌਮ ਨੂੰ ਬਹੁਤ ਵੱਡਾ ਘਾਟਾ ਪਿਆ।

### *ਬਾਬਾ ਧੀਰ ਮੱਲ ਦੀ ਈਰਖਾ*

ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ—ਬਾਬਾ ਧੀਰ ਮੱਲ ਅਤੇ ਸ੍ਰੀ ਹਰਿ ਰਾਇ ਜੀ। ਸ੍ਰੀ ਹਰਿ ਰਾਇ ਜੀ ਤਾਂ ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਕੀਰਤਪੁਰ ਰਹਿ ਰਹੇ ਸਨ, ਜਦੋਂ ਕਿ ਧੀਰ ਮੱਲ ਕਰਤਾਰਪੁਰ ਵਿਖੇ ਰਹਿ ਰਿਹਾ ਸੀ। ਉਹ ਆਪਣੇ ਆਪ ਨੂੰ 'ਗੁਰੂ' ਸਥਾਪਿਤ ਕਰਨਾ ਚਾਹੁੰਦਾ ਸੀ। ਉਸਦੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉਹ ਬੀੜ (ਸਰੂਪ) ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਇਆ ਸੀ। ਉਹ ਉਸ ਬੀੜ ਦੇ ਸਹਾਰੇ 'ਗੁਰੂ' ਬਣਨ ਦੀ ਸੋਚ ਰਿਹਾ ਸੀ। ਉਸ ਨੂੰ ਬਾਬਾ ਗੁਰਦਿਤਾ ਜੀ ਦੇ ਦੇਹਾਂਤ ਦੀ ਖ਼ਬਰ ਪਹੁੰਚਾਈ ਗਈ ਅਤੇ ਕੀਰਤਪੁਰ ਸਾਹਿਬ ਵਿਖੇ ਪੁੱਜਣ ਲਈ ਕਿਹਾ ਗਿਆ। ਉਸ ਨੂੰ ਇਹ ਵੀ ਕਿਹਾ ਗਿਆ ਕਿ ਉਹ ਆਉਂਦਾ ਹੋਇਆ ਗੁਰੂ ਗ੍ਰੰਥ ਸਾਹਿਬ ਦੀ ਬੀੜ ਨਾਲ ਲੈ ਆਵੇ। ਉਹ ਬੀੜ ਨਹੀਂ ਸੀ ਦੇਣਾ ਚਾਹੁੰਦਾ, ਇਸ ਲਈ ਆਪਣੇ ਪਿਤਾ ਦੀ ਅੰਤਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਵੀ ਨਾ ਆਇਆ।

ਬਾਬਾ ਧੀਰ ਮੱਲ ਨੇ ਗੁਰ-ਗੱਦੀ ਹਾਸਿਲ ਕਰਨ ਲਈ ਬੜੇ ਹੱਥ-ਪੈਰ ਮਾਰੇ ਤੇ ਸਾਜ਼ਿਸ਼ਾਂ ਰਚੀਆਂ ਤੇ ਸਰਕਾਰ ਤੱਕ ਪਹੁੰਚ ਵੀ ਕੀਤੀ। ਉਸਦੇ ਪਾਲਤੂ ਮਸੰਦਾਂ ਨੇ ਵੀ ਉਸ ਨੂੰ

ਚੁੱਕਿਆ ਤੇ ਉਸ ਦਾ ਸਾਥ ਦਿੱਤਾ ਪਰ ਉਹ ਗੁਰੂ ਬਣਨ ਵਿਚ ਪੂਰੀ ਤਰ੍ਹਾਂ ਨਾਕਾਮ ਹੋਇਆ। ਗੁਰਿਆਈ ਤਾਂ ਉਸੇ ਨੂੰ ਮਿਲ ਸਕਦੀ ਹੈ, ਜਿਸ ਨੂੰ ਯੋਗ ਜਾਣ ਕੇ ਵਾਹਿਗੁਰੂ ਇਹ ਮਾਣ ਦੇਣਾ ਚਾਹੁੰਦਾ ਹੋਵੇ। ਗੁਰਿਆਈ ਧੋਖੇ, ਮੱਕਾਰੀ, ਬੇਈਮਾਨੀ, ਰਾਜਸੀ-ਮਦਦ ਜਾਂ ਜ਼ੋਰ-ਧੱਕੇ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

### *ਗੁਰੂ ਪ੍ਰੇਮ ਤੇ ਹੁਕਮ ਮੰਨਣ ਦੀਆਂ ਸਾਖੀਆਂ*

ਅਕਾਲ ਪੁਰਖ ਨਾਲ ਸਾਂਝ ਪਾਉਣ ਜਾਂ ਲਿਵ ਜੋੜਨ ਦੀ ਜਾਚ ਗੁਰੂ-ਦਰ ਤੇ ਆ ਕੇ ਹੀ ਆਉਂਦੀ ਹੈ। ਗੁਰੂ ਨਾਲ ਅਥਾਹ ਪ੍ਰੇਮ, ਆਪਾ-ਸਮਰਪਣ ਤੇ ਗੁਰੂ ਦੇ ਹੁਕਮਾਂ ਤੇ ਚੱਲ ਕੇ ਪ੍ਰਭੂ-ਦਰ ਦੀ ਸੋਝੀ ਹੁੰਦੀ ਹੈ। ਗੁਰ-ਇਤਿਹਾਸ ਵਿਚੋਂ ਅਨੇਕਾਂ ਘਟਨਾਵਾਂ ਇਸ ਵਿਸ਼ਵਾਸ/ਸਿਧਾਂਤ ਨੂੰ ਪ੍ਰਮਾਣਿਤ ਕਰਦੀਆਂ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਦੀਆਂ ਕੁਝ ਕੁ ਘਟਨਾਵਾਂ ਪੇਸ਼ ਹਨ :

(ੳ) ਭਾਈ ਝੰਡਾ ਜੀ : ਭਾਈ ਝੰਡਾ ਜੀ ਬਾਬਾ ਬੁੱਢਾ ਜੀ ਦੇ ਪੜਪੋਤੇ ਸਨ। 'ਮਹਾਨ ਕੋਸ਼' ਅਨੁਸਾਰ ਉਨ੍ਹਾਂ ਦਾ ਜਨਮ ਸੰਨ 1580 ਵਿਚ ਹੋਇਆ ਸੀ। ਭਾਈ ਝੰਡਾ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਬਹੁਤ ਸੇਵਾ ਕਰਦੇ ਸਨ ਅਤੇ ਗੁਰੂ ਹੁਕਮਾਂ ਨੂੰ ਤਨੋਂ-ਮਨੋਂ ਕਮਾਉਂਦੇ ਸਨ। 'ਦਬਿਸਤਾਨ-ਇ-ਮਜ਼ਾਹਿਬ' ਦੇ ਕਰਤਾ ਮੁਹਸਿਨ ਫ਼ਾਨੀ ਨੇ ਲਿਖਿਆ ਹੈ ਕਿ ਹੁਕਮ ਮੰਨਣ ਵਿਚ ਭਾਈ ਝੰਡਾ ਜੀ ਦੀ ਬਰਾਬਰੀ ਕੋਈ ਨਹੀਂ ਸੀ ਕਰ ਸਕਦਾ।

ਇਕ ਵਾਰ ਗੁਰੂ ਜੀ ਕੁਝ ਸਿੱਖਾਂ ਸਮੇਤ ਸੈਰ ਕਰਨ ਗਏ। ਭਾਈ ਝੰਡਾ ਜੀ ਵੀ ਨਾਲ ਹੀ ਸਨ। ਗੁਰੂ ਜੀ ਨੇ ਭਾਈ ਝੰਡਾ ਜੀ ਨੂੰ ਇਕ ਥਾਂ ਖੜੋਣ ਦਾ ਹੁਕਮ ਦਿੱਤਾ। ਵਾਪਸੀ ਤੇ ਦੂਜੇ ਰਾਹ ਮਹਿਲਾਂ ਵਿਚ ਪਹੁੰਚ ਗਏ। ਭਾਈ ਝੰਡਾ ਜੀ ਤਿੰਨ ਦਿਨ ਉਥੇ ਹੀ ਖੜ੍ਹੇ ਰਹੇ; ਉਹ ਵੀ ਭੁੱਖੇ ਭਾਣੇ। ਜਦ ਗੁਰੂ ਜੀ ਨੂੰ ਪਤਾ ਲੱਗਾ ਤਾਂ ਭਾਈ ਝੰਡਾ ਜੀ ਕੋਲ ਪੁੱਜੇ। ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਆਖਿਆ : ਭਾਈ ਸਾਹਿਬ! ਤੁਹਾਡੀ ਸੇਵਾ ਥਾਏਂ ਪਈ ਹੈ; ਤੁਹਾਡੇ ਝੰਡੇ ਸਦਾ ਬੁਲੰਦ ਰਹਿਣਗੇ।

ਇਕ ਹੋਰ ਸਮੇਂ ਗੁਰੂ ਜੀ ਨੇ ਭਾਈ ਝੰਡਾ ਜੀ ਨੂੰ ਕਿਹਾ ਕਿ ਕੁਝ ਸਿੱਖਾਂ ਨੂੰ ਕਹਿਣ ਕਿ ਉਹ ਲੰਗਰ ਲਈ ਲੱਕੜਾਂ ਚੁਣ ਕੇ ਲਿਆਉਣ। ਸਿੱਖਾਂ ਨੂੰ ਗੁਰੂ ਜੀ ਦਾ ਸੁਨੇਹਾ ਦੇ ਕੇ ਭਾਈ ਸਾਹਿਬ ਆਪ ਵੀ ਸਾਰਾ ਦਿਨ ਲੱਕੜਾਂ ਚੁਣ ਕੇ ਢੇਰੀਆਂ ਲਾਉਂਦੇ ਰਹੇ। ਦੂਜੇ ਦਿਨ ਗੰਢਾਂ ਬੰਨ੍ਹ ਕੇ, ਸਿਰ ਤੇ ਰੱਖ ਕੇ ਲੰਗਰ ਵਿਚ ਪਹੁੰਚਾਣ ਲੱਗੇ। ਗੁਰੂ ਜੀ ਨੂੰ ਪਤਾ ਲੱਗਾ, ਉਨ੍ਹਾਂ ਪੁੱਛਿਆ ਤਾਂ ਆਖਣ ਲੱਗੇ : ਪਾਤਸ਼ਾਹ! ਤੁਸਾਂ ਸਿੱਖਾਂ ਨੂੰ ਲੱਕੜਾਂ ਲਿਆਉਣ ਦਾ ਹੁਕਮ ਦਿੱਤਾ ਸੀ; ਮੈਂ ਵੀ ਸਿੱਖ ਬਣਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਭਾਈ ਝੰਡਾ ਜੀ ਸੰਨ 1661 ਵਿਚ ਪ੍ਰਲੋਕ ਸਿਧਾਰ ਗਏ।

(ਅ) ਭਾਈ ਚੂਹੜ ਜੀ : ਭਾਈ ਚੂਹੜ ਜੀ ਲਖਨਊ ਦੇ ਰਹਿਣ ਵਾਲੇ ਸਨ। ਆਪ ਨੇ ਪ੍ਰਭੂ ਦੀ ਸਿਫ਼ਤ-ਸਾਲਾਹ ਅਤੇ ਸੰਗਤਾਂ ਦੀ ਸੇਵਾ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਮਿੱਥ ਲਿਆ ਸੀ। ਇਸੇ ਲਈ ਗੁਰੂ ਸਾਹਿਬ ਦੀ ਫ਼ੌਜ ਵਿਚ ਆ ਸ਼ਾਮਿਲ ਹੋਏ ਤੇ 100 ਸਵਾਰਾਂ ਦੇ ਜਥੇਦਾਰਾਂ ਬਣ ਗਏ।

ਲੰਗਰ ਲਈ ਦੀਵਾਰ ਬਣਾਉਣੀ ਸੀ। ਗੁਰੂ ਜੀ ਨੇ ਭਾਈ ਚੂਹੜ ਜੀ ਨੂੰ ਕਿਹਾ ਕਿ

ਸਿੱਖਾਂ ਨੂੰ ਆਖੋ ਕਿ ਪਹਾੜੀ ਤੋਂ ਪੱਥਰ ਲੈ ਕੇ ਆਉਣ। ਗੁਰੂ ਜੀ ਦਾ ਹੁਕਮ ਸੁਣਾ ਕੇ, ਆਪ ਵੀ ਪੱਥਰ ਲੈਣ ਚਲੇ ਗਏ। ਪੱਥਰ ਢੋਂਦੇ ਰਹੇ। ਹੱਥਾਂ ਵਿਚ ਛਾਲੇ ਪੈ ਗਏ। ਗੁਰੂ ਜੀ ਨੂੰ ਪਤਾ ਲੱਗਾ ਤਾਂ ਆਪ ਜੀ ਨੇ ਕਿਹਾ, "ਅਸੀਂ ਤਾਂ ਤੁਹਾਨੂੰ ਕਿਹਾ ਸੀ ਕਿ ਸਿੱਖਾਂ ਨੂੰ ਆਖੋ ਪੱਥਰ ਲਿਆਉਣ, ਤੁਸੀਂ ਤਾਂ ਆਪ ਹੀ ਪੱਥਰ ਢੋਣ ਲੱਗ ਪਏ। ਤੁਸੀਂ ਤਾਂ ਜਥੇਦਾਰ ਹੋ, ਤੁਸੀਂ ਇੰਞ ਕਿਉਂ ਕੀਤਾ?" ਭਾਈ ਜੀ ਨੇ ਜੁਆਬ ਦਿੱਤਾ—"ਸੱਚੇ ਪਾਤਸ਼ਾਹ! ਤੁਸੀਂ ਸਿੱਖਾਂ ਦੀ ਸੇਵਾ ਲਾਈ ਸੀ; ਮੈਂ ਵੀ ਆਪ ਦਾ ਸਿੱਖ ਹਾਂ।" ਗੁਰੂ ਜੀ ਅਤੀ ਪ੍ਰਸੰਨ ਹੋਏ। ਉਨ੍ਹਾਂ ਭਾਈ ਸਾਹਿਬ ਦੇ ਹੱਥਾਂ ਨੂੰ ਚੁੰਮਦਿਆਂ ਆਖਿਆ—"ਭਾਈ ਸਾਹਿਬ! ਤੁਹਾਡੀ ਸੇਵਾ ਮਹਾਨ ਹੈ। ਤੁਹਾਡੇ ਵਰਗੇ ਗੁਰ-ਸਿੱਖਾਂ ਉਤੇ ਹੀ ਗੁਰੂ ਘਰ ਨੂੰ ਮਾਣ ਹੈ।"

**(ੲ) ਖ਼ਵਾਜ਼ਾ ਰੌਸ਼ਨ :** ਖ਼ਵਾਜ਼ਾ ਰੌਸ਼ਨ ਦਰਵੇਸ਼ ਨੰਦ ਲਾਲ ਸੋਹਣੇ ਦਾ ਮੁਰੀਦ ਸੀ। ਲੋਕਾਂ ਤੋਂ ਗੁਰੂ ਸਾਹਿਬ ਦੀ ਸੋਭਾ ਸੁਣ-ਸੁਣ ਕੇ ਗੁਰੂ-ਦਰਬਾਰ ਵਿਚ ਆ ਪੁੱਜਾ। ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਵਿਚਾਰਾਂ ਸੁਣੀਆਂ ਤਾਂ ਗੁਰੂ ਜੋਗਾ ਹੀ ਹੋ ਗਿਆ। ਗੁਰੂ ਸਾਹਿਬ ਪਾਸ ਹੀ ਪੱਕਾ ਟਿਕਾਣਾ ਕਰ ਲਿਆ। ਘੋੜਿਆਂ ਦੀ ਸੇਵਾ ਕਰਨ ਲੱਗ ਪਿਆ। ਨਾਮ-ਬਾਣੀ ਦੀ ਰੰਗਣ ਦਿਨੋ-ਦਿਨ ਚੜ੍ਹਣ ਲੱਗੀ ਅਤੇ ਗੁਰੂ ਪਾਤਸ਼ਾਹ ਲਈ ਸ਼ਰਧਾ ਵੀ ਬਹੁਤ ਵਧ ਗਈ। ਸਤਿਗੁਰਾਂ ਨਾਲ ਪਿਆਰ ਇੰਨਾ ਵਧਿਆ ਕਿ ਜਿੰਨਾ ਚਿਰ ਗੁਰੂ ਜੀ ਦੇ ਦਰਸ਼ਨ ਨਾ ਕਰ ਲੈਂਦਾ, ਮਨ ਨੂੰ ਚੈਨ ਨਾ ਆਉਂਦੀ। ਉਸ ਦਾ ਦਿਲ ਕਰਦਾ ਕਿ ਸਤਿਗੁਰੂ ਜੀ ਉਸ ਦੀਆਂ ਅੱਖਾਂ ਤੋਂ ਉਹਲੇ ਨਾ ਹੋਣ।

ਇਕ ਦਿਨ ਤਾਂ ਹੱਦ ਹੀ ਹੋ ਗਈ। ਗੁਰੂ ਸਾਹਿਬ ਘੋੜੇ ਤੇ ਸਵਾਰ ਹੋ ਕੇ ਕਿਧਰੇ ਗਏ, ਤਾਂ ਖੜ੍ਹਾ ਹੋ ਕੇ ਉਨ੍ਹਾਂ ਨੂੰ ਵੇਖਣ ਲੱਗ ਪਿਆ। ਜਦੋਂ ਲੱਗਾ ਕਿ ਹੁਣ ਗੁਰੂ ਜੀ ਅੱਖਾਂ ਤੋਂ ਉਹਲੇ ਹੋ ਜਾਣਗੇ ਤਾਂ ਉਨ੍ਹਾਂ ਦੇ ਮਗਰ ਦੌੜ ਪਿਆ। ਥੱਕ ਕੇ ਚੂਰ-ਚੂਰ ਹੋ ਗਿਆ ਤੇ ਡਿੱਗ ਪਿਆ। ਗੁਰੂ ਜੀ ਵਾਪਿਸ ਪਰਤ ਪਏ। ਖ਼ਵਾਜਾ ਰੌਸ਼ਨ ਨੂੰ ਉਠਾਇਆ ਤੇ ਗਲੇ ਨਾਲ ਲਾ ਲਿਆ। ਆਖਣ ਲੱਗੇ : ਖਵਾਜਾ ਜੀ ਤੁਹਾਡੀ ਮਿਹਨਤ ਤੇ ਲਗਨ ਪ੍ਰਵਾਨ ਹੋ ਗਈ ਹੈ। ਲੋਕੀਂ ਤੁਹਾਡੇ ਪ੍ਰੇਮ ਤੇ ਸਿਦਕ ਦੇ ਸੋਹਿਲੇ ਗਾਇਆ ਕਰਨਗੇ। ਗੁਰੂ ਜੀ ਨੇ ਉਸ ਨੂੰ ਦੁਆਬੇ ਵਿਚ ਪ੍ਰਚਾਰ ਕਰਨ ਲਈ ਕਿਹਾ। ਉਸ ਨੇ ਪਿੰਡ-ਪਿੰਡ ਫਿਰ ਕੇ ਸਿੱਖੀ ਦਾ ਪ੍ਰਚਾਰ ਕੀਤਾ। ਆਪਣਾ ਕੇਂਦਰ ਪਿੰਡ ਮਊ ਨੂੰ ਬਣਾ ਲਿਆ, ਜਿਥੇ ਉਸ ਦੀ ਕਬਰ ਵੀ ਹੈ।[56]

**(ਸ) ਸਈਅਦ ਜਾਨੀ ਸ਼ਾਹ :** ਸਈਅਦ ਜਾਨੀ ਸ਼ਾਹ ਹਜ਼ਰਤ ਮੁਹੰਮਦ ਸਾਹਿਬ ਦੀ ਸੰਤਾਨ ਵਿਚੋਂ ਸੀ। ਉਹ ਨੇਕ-ਦਿਲ ਤੇ ਖੁਦਾ ਦੀ ਇਬਾਦਤ ਕਰਨ ਵਾਲਾ ਬੰਦਾ ਸੀ। ਉਸ ਦੀ ਇਕੋ-ਇਕ ਇੱਛਾ ਸੀ ਕਿ ਕਿਵੇਂ ਨਾ ਕਿਵੇਂ ਪ੍ਰਭੂ ਦੇ ਦੀਦਾਰੇ ਹੋ ਜਾਣ। ਇਸ ਲਈ ਉਹ ਸੂਫ਼ੀ ਸੰਤਾਂ ਅਤੇ ਹਿੰਦੂ ਸਾਧਕਾਂ ਦੀ ਸੰਗਤ ਕਰ ਚੁੱਕਾ ਸੀ, ਪਰ ਉਸ ਨੂੰ ਆਤਮਿਕ ਸ਼ਾਂਤੀ ਨਹੀਂ ਸੀ ਮਿਲੀ। ਉਸ ਨੇ ਆਪਣੀ ਭਟਕਣਾ ਦੀ ਗੱਲ ਇਕ ਹੋਰ ਜਗਿਆਸੂ ਨਾਲ ਕੀਤੀ, ਜਿਸ ਨੇ ਖ਼ਵਾਜਾ ਰੌਸ਼ਨ ਦੀ ਦੱਸ ਪਾਈ। ਖ਼ਵਾਜਾ ਰੌਸ਼ਨ ਨੇ ਕਿਹਾ ਕਿ ਅਜੇ ਤੱਕ ਜਾਨੀ ਸ਼ਾਹ ਨੂੰ ਜਾਨੀ (ਪਿਆਰਾ ਅੱਲਾ) ਨਹੀਂ ਮਿਲਿਆ ਤਾਂ ਕੇਵਲ ਗੁਰੂ ਹਰਿਗੋਬਿੰਦ ਸਾਹਿਬ ਪਾਸੋਂ ਹੀ ਮਿਲੇਗਾ। ਖ਼ਵਾਜਾ ਰੌਸ਼ਨ ਨੇ ਗੁਰੂ ਜੀ ਨਾਲ ਸੰਬੰਧਿਤ ਕਈ ਵਾਰਤਾਵਾਂ ਦਾ ਜ਼ਿਕਰ ਵੀ ਕੀਤਾ, ਜਿਸ ਦਾ ਜਾਨੀ ਸ਼ਾਹ ਦੇ ਮਨ 'ਤੇ ਡੂੰਘਾ ਪ੍ਰਭਾਵ ਪਿਆ। ਉਹ ਸਤਿਗੁਰਾਂ ਦੇ ਟਿਕਾਣੇ ਵੱਲ ਆਇਆ ਤੇ ਇਹੀ ਆਖੀ ਜਾਵੇ 'ਜਾਨੀ ਕੋ ਜਾਨੀ ਮਿਲਾ

ਦੋ, ਜਾਨੀ ਕੋ ਜਾਨੀ ਮਿਲਾ ਦੋ।' ਗੁਰੂ ਜੀ ਨੇ ਉਸ ਦੀ ਪਰਖ ਕਰਨੀ ਚਾਹੀ ਤੇ ਉਸ ਵੱਲ ਮੁਹਰਾਂ ਦੀ ਥੈਲੀ ਭੇਜੀ। ਪਰ, ਉਸ ਨੂੰ ਤਾਂ 'ਜਾਨੀ' ਚਾਹੀਦਾ ਸੀ, ਮਾਇਆ ਨਹੀਂ। ਉਸ ਨੇ ਥੈਲੀ ਲੈਣ ਤੋਂ ਇਨਕਾਰ ਕਰ ਦਿੱਤਾ, ਬੱਸ, ਇਹੀ ਆਖੀ ਜਾਵੇ : ਜਾਨੀ ਕੋ ਜਾਨੀ ਮਿਲਾ ਦੋ। ਫਿਰ ਗੁਰੂ ਜੀ ਨੇ ਕਿਹਾ ਕਿ ਜੇ ਉਸ ਨੂੰ ਜਾਨੀ (ਰੱਬ) ਨਾਲ ਮਿਲਣ ਦੀ ਇੰਨੀ ਹੀ ਕਾਹਲ ਹੈ ਤਾਂ ਦਰਿਆ ਵਿਚ ਛਾਲ ਮਾਰੇ। ਉਹ ਝੱਟ ਦਰਿਆ ਵੱਲ ਦੌੜ ਪਿਆ ਤੇ ਦਰਿਆ ਵਿਚ ਛਾਲ ਮਾਰ ਦਿੱਤੀ। ਸਿੱਖਾਂ ਨੇ ਉਸ ਨੂੰ ਬਾਹਰ ਕੱਢਿਆ ਤੇ ਗੁਰੂ ਜੀ ਕੋਲ ਲੈ ਆਏ। ਗੁਰੂ ਜੀ ਨੇ ਉਸ ਦੇ ਸਿਰ 'ਤੇ ਹੱਥ ਫੇਰਿਆ, ਪਿਆਰ ਭਰੀ ਤੱਕਣੀ ਨਾਲ ਤੱਕਿਆ ਤਾਂ ਉਸ ਦਾ ਮਨ ਪ੍ਰਭੂ-ਪ੍ਰਕਾਸ਼ ਨਾਲ ਭਰ ਗਿਆ। ਉਸ 'ਤੇ ਵਿਸਮਾਦ ਦੀ ਦਸ਼ਾ ਵਾਪਰ ਗਈ। ਉਹ ਗੁਰੂ ਦੀ ਸ਼ਰਨ ਵਿਚ ਰਹਿਣ ਲੱਗਾ। ਗੁਰੂ ਜੀ ਨੇ ਉਸ ਨੂੰ ਧਰਮ ਪ੍ਰਚਾਰ ਦੇ ਕਾਰਜਾਂ ਵਿਚ ਲਾ ਦਿੱਤਾ।

### *(ਗੁਰੂ) ਹਰਿ ਰਾਇ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ*

ਬਾਬਾ ਗੁਰਦਿੱਤਾ ਜੀ ਦੇ ਛੋਟੇ ਸਪੁੱਤਰ ਸ੍ਰੀ ਹਰਿ ਰਾਇ ਜੀ ਬਚਪਨ ਤੋਂ ਧਾਰਮਿਕ ਰੁਚੀਆਂ ਵਾਲੇ ਸਨ। ਛੋਟੀ ਉਮਰ ਵਿਚ ਹੀ ਉਹ ਭਜਨ-ਬੰਦਗੀ ਵਿਚ ਲੱਗੇ ਰਹਿੰਦੇ ਸਨ। ਉਹ ਕੋਮਲਤਾ, ਨਿਮਰਤਾ, ਮਿੱਠਾ ਬੋਲਣਾ, ਹਿਰਦੇ ਦੀ ਪਵਿੱਤਰਤਾ, ਆਗਿਆਕਾਰਤਾ, ਦਿਆਲਤਾ ਆਦਿ ਗੁਣਾਂ ਨਾਲ ਭਰਪੂਰ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਨੂੰ ਸ਼ਸਤਰ-ਵਿਦਿਆ ਦੀ ਸਿਖਲਾਈ ਵੀ ਦਿੱਤੀ। ਹਰ ਰੋਜ਼ ਦੀਵਾਨ ਵਿਚ ਆਉਣ ਕਰਕੇ ਉਨ੍ਹਾਂ ਨੂੰ ਕਾਫ਼ੀ ਬਾਣੀ ਕੰਠ ਹੋ ਗਈ ਸੀ, ਗੁਰਬਾਣੀ ਦੇ ਅਰਥ-ਭਾਵ ਉਨ੍ਹਾਂ ਦੇ ਮਨ ਵਿਚ ਸਮਾ ਗਏ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸ਼ਖ਼ਸੀਅਤ ਦੀ ਘਾੜਤ ਖ਼ੁਦ ਘੜੀ ਸੀ।

ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਜਾਣ ਕੇ ਕਿ ਉਨ੍ਹਾਂ ਦੀ ਸੰਸਾਰਕ ਯਾਤਰਾ ਸੰਪੂਰਨ ਹੋਣ ਵਾਲੀ ਹੈ, ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਹਰਿ ਰਾਇ ਜੀ ਨੂੰ ਸੌਂਪ ਦਿੱਤੀ। ਉਨ੍ਹਾਂ ਨੂੰ ਆਪ ਮੱਥਾ ਟੇਕਿਆ ਅਤੇ ਉਨ੍ਹਾਂ ਤੋਂ ਬਾਅਦ ਸਾਰੀ ਸੰਗਤ ਨੇ ਗੁਰੂ ਹਰਿਰਾਇ ਜੀ ਨੂੰ ਮੱਥਾ ਟੇਕਿਆ। ਗੁਰੂ ਸਾਹਿਬ ਦੇ ਆਪਣੇ ਪੁੱਤਰਾਂ—ਸ੍ਰੀ ਸੂਰਜ ਮੱਲ ਜੀ ਤੇ ਸ੍ਰੀ ਤੇਗ ਬਹਾਦਰ ਜੀ ਨੇ ਗੁਰੂ-ਪਿਤਾ ਦੀ ਆਗਿਆ ਨੂੰ ਬੜੀ ਖੁਸ਼ੀ ਨਾਲ ਮੰਨਿਆ ਅਤੇ ਗੁਰੂ ਹਰਿ ਰਾਇ ਜੀ ਅੱਗੇ ਸੀਸ ਨਿਵਾਇਆ (ਮੱਥਾ ਟੇਕਿਆ)। ਉਨ੍ਹਾਂ ਦੇ ਬਾਕੀ ਤਿੰਨ ਪੁੱਤਰ ਤਾਂ ਪਹਿਲਾਂ ਹੀ ਸਰੀਰ ਤਿਆਗ ਚੁੱਕੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਮਹਿਲ (ਸੁਪਤਨੀ) ਨਾਨਕੀ ਜੀ ਨੂੰ ਆਖਿਆ ਕਿ ਸ੍ਰੀ ਤੇਗ ਬਹਾਦਰ ਜੀ ਤੇ ਉਨ੍ਹਾਂ ਦੀ ਪਤਨੀ ਨੂੰ ਨਾਲ ਲੈ ਕੇ ਆਪਣੇ ਪੇਕੇ ਪਿੰਡ ਬਕਾਲੇ (ਹੁਣ ਬਾਬਾ ਬਕਾਲਾ) ਚਲੇ ਜਾਣ।

### *ਜੋਤੀ ਜੋਤਿ ਸਮਾਉਣਾ*

ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਮਗਰੋਂ, ਗੁਰੂ ਹਰਿਗੋਬਿੰਦ ਸਾਹਿਬ 3 ਮਾਰਚ, ਸੰਨ 1644 ਨੂੰ ਜੋਤੀ ਜੋਤਿ ਸਮਾ ਗਏ। ਉਨ੍ਹਾਂ ਦੀ ਦੇਹ ਦਾ ਸਸਕਾਰ ਸਤਲੁਜ ਦਰਿਆ ਕਿਨਾਰੇ ਕੀਤਾ ਗਿਆ, ਜਿਥੇ ਕਿ ਅੱਜਕਲ੍ਹ ਗੁਰਦੁਆਰਾ ਪਤਾਲਪੁਰੀ ਹੈ।

# ਸਾਖੀਆਂ ਤੋਂ ਸਿਖਿਆ

ਸਤਿਗੁਰਾਂ ਦੇ ਬਚਨ ਅਤੇ ਕਰਤੱਵ ਸਿੱਖ ਲਈ ਡੂੰਘੇ ਅਰਥ ਰੱਖਦੇ ਹਨ; ਇਨ੍ਹਾਂ ਵਿਚ ਮਹਾਨ ਅਧਿਆਤਮਿਕ, ਨੈਤਿਕ, ਸਦੀਵੀ ਤੇ ਅਟੱਲ ਸੱਚਾਈਆਂ ਸਮੋਈਆਂ ਹੁੰਦੀਆਂ ਹਨ। ਸਤਿਗੁਰੂ ਦਾ ਹਰੇਕ ਬਚਨ ਤੇ ਕਰਮ ਸਿੱਖ ਦੀ ਅਗਵਾਈ ਕਰਦਾ ਹੈ ਅਤੇ ਉਸ ਨੂੰ ਧਰਮ ਦੇ ਮਾਰਗ ਅਤੇ ਗੁਰੂ ਦੇ ਮਾਰਗ ਤੇ ਤੋਰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਨਾਲ ਸੰਬੰਧਿਤ ਕੁਝ ਘਟਨਾਵਾਂ ਦਾ ਜ਼ਿਕਰ ਤਾਂ ਪਹਿਲਾਂ ਆ ਚੁੱਕਾ ਹੈ ਤੇ ਕੁਝ ਚੋਣਵੀਆਂ ਘਟਨਾਵਾਂ ਹੇਠਾਂ ਅੰਕਿਤ ਕੀਤੀਆਂ ਜਾਂਦੀਆਂ ਹਨ।

*ਗੁਰੂ ਦਾ ਹੁਕਮ ਮੰਨਣਾ*

ਗੁਰੂ ਅਤੇ ਸਿੱਖ ਦਾ ਰਿਸ਼ਤਾ ਸਭ ਤੋਂ ਉੱਤਮ ਰਿਸ਼ਤਾ ਹੈ। ਇਸ ਲਈ ਸਿੱਖ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਗੁਰੂ ਦੇ ਹੁਕਮ ਨੂੰ ਮੰਨਦੇ ਹਨ। ਸਿੱਖ ਸਮਝਦੇ ਹਨ ਕਿ ਗੁਰੂ ਦਾ ਹੁਕਮ ਮੰਨਣਾ ਉਨ੍ਹਾਂ ਦੇ ਭਲੇ ਲਈ ਹੈ; ਉਨ੍ਹਾਂ ਦੇ ਆਤਮਿਕ ਵਿਕਾਸ ਲਈ ਹੈ। ਮਾਦਾ ਪ੍ਰਸਤ ਲੋਕਾਂ ਨੂੰ ਕਈ ਵਾਰ ਗੁਰੂ ਦਾ ਹੁਕਮ ਠੀਕ ਪ੍ਰਤੀਤ ਨਹੀਂ ਹੁੰਦਾ, ਪਰ ਅਧਿਆਤਮਕ ਮਾਰਗ ਦੇ ਪਾਂਧੀ ਸਮਝਦੇ ਹਨ ਕਿ ਗੁਰੂ ਦੇ ਅਜਿਹੇ ਹੁਕਮ ਦੇ ਪਿੱਛੇ ਵੀ ਕੋਈ ਭੇਤ ਦੀ ਗੱਲ ਛੁਪੀ ਹੁੰਦੀ ਹੈ; ਇਸ ਦੀ ਸਮਝ ਭਾਵੇਂ ਬਾਅਦ ਵਿਚ ਆਉਂਦੀ ਹੈ।

ਮੁਹਸਿਨ ਫ਼ਾਨੀ ਨੇ 'ਦਬਸਿਤਾਨ-ਇ-ਮਜ਼ਾਹਿਬ' ਵਿਚ ਭਾਈ ਸਾਧਾ (ਸਾਧ) ਨਾਮ ਦੇ ਪ੍ਰਚਾਰਕ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ ਕਿ ਉਸ ਨੂੰ ਭਾਈ ਸਾਧਾ ਪਾਸੋਂ ਸਿੱਖ ਧਰਮ ਦੀ ਕਾਫ਼ੀ ਜਾਣਕਾਰੀ ਪ੍ਰਾਪਤ ਹੋਈ ਸੀ। ਭਾਈ ਸਾਧਾ 'ਬਲਖ' ਦਾ ਰਹਿਣ ਵਾਲਾ ਸੀ ਤੇ ਗੁਰੂ ਸਾਹਿਬ ਦਾ ਹਰ ਹੁਕਮ ਮੰਨਣ ਲਈ ਤਤਪਰ ਰਹਿੰਦਾ ਸੀ।

ਮੁਹਸਿਨ ਫ਼ਾਨੀ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਸਾਧਾ ਨੂੰ ਸੁਨੇਹਾ ਭੇਜਿਆ ਕਿ ਉਹ ਇਰਾਕ ਤੋਂ ਵਧੀਆ ਘੋੜਾ ਲੈ ਕੇ ਆਵੇ। ਸੁਨੇਹਾ ਮਿਲਦਿਆਂ ਹੀ ਉਹ ਬਲਖ ਤੋਂ ਇਰਾਕ ਵੱਲ ਚੱਲ ਪਿਆ। ਉਸ ਦੇ ਤੁਰਨ ਮਗਰੋਂ ਉਸਦਾ ਜਵਾਨ ਪੁੱਤਰ ਅਚਾਨਕ ਹੀ ਬੀਮਾਰ ਹੋ ਗਿਆ। ਭਾਈ ਸਾਧਾ ਅਜੇ ਕੁਝ ਦੂਰ ਹੀ ਪਹੁੰਚਿਆ ਸੀ ਕਿ ਉਸ ਦੇ ਪੁੱਤਰ ਦੇ ਬੀਮਾਰ ਹੋਣ ਦੀ ਖ਼ਬਰ ਉਸ ਤੱਕ ਪਹੁੰਚਾਈ ਗਈ ਅਤੇ ਉਸ ਨੂੰ ਵਾਪਸ ਪਰਤ ਕੇ ਪੁੱਤਰ ਦੀ ਦੇਖ-ਭਾਲ ਦੀ ਬੇਨਤੀ ਕੀਤੀ ਗਈ। ਭਾਈ ਸਾਧਾ ਨੂੰ ਪੁੱਤਰ ਦਾ ਮੋਹ ਵਾਪਸ ਨਾ ਮੋੜ ਸਕਿਆ ਕਿਉਂਕਿ ਗੁਰੂ-ਪਿਆਰ ਅੱਗੇ ਪੁੱਤਰ-ਮੋਹ ਬੜਾ ਤੁੱਛ ਸੀ। ਭਾਈ ਸਾਧਾ ਨੇ ਖ਼ਬਰ ਲਿਆਉਣ ਵਾਲੇ ਨੂੰ ਕਿਹਾ, "ਘਰ ਵਿਚ ਲੱਕੜਾਂ ਬਹੁਤ ਹਨ, ਜੇ ਲੜਕਾ ਮਰ ਗਿਆ ਤਾਂ ਉਸਦਾ ਸਸਕਾਰ ਕਰ ਦੇਣਾ। ਮੈਂ ਤਾਂ ਗੁਰੂ ਦੀ ਕਾਰ ਕਰਨ ਲਈ ਘਰੋਂ ਨਿਕਲ ਚੁੱਕਾ ਹਾਂ; ਮੈਂ ਗੁਰੂ ਦੀ ਹੁਕਮ ਅਦੂਲੀ ਨਹੀਂ ਕਰ ਸਕਦਾ।" ਉਸਦਾ ਪੁੱਤਰ ਗੁਜ਼ਰ ਗਿਆ, ਪਰ ਉਹ ਵਾਪਸ ਨਾ ਆਇਆ।

*ਸਿੱਖਾਂ ਨੂੰ ਸਵੱਰਗ ਦੀ ਲੋੜ ਨਹੀਂ*

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭਾਈ ਤਿਲਕਾ ਨਾਮ ਦਾ ਗੁਰਸਿੱਖ ਹੁਸ਼ਿਆਰਪੁਰ

ਦੇ ਇਕ ਵੱਡੇ ਕਸਬੇ ਗੜ੍ਹਸ਼ੰਕਰ ਵਿਚ ਰਹਿੰਦਾ ਸੀ। ਉਹ ਬਹੁਤ ਮਿੱਠਬੋਲੜਾ, ਗਿਆਨਵਾਨ ਤੇ ਦ੍ਰਿੜ੍ਹ ਇਰਾਦੇ ਦਾ ਮਾਲਕ ਸੀ। ਉਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਵਿਚ ਦਾਖ਼ਲ ਹੋਇਆ ਸੀ। ਛੇਵੇਂ ਪਾਤਸ਼ਾਹ ਨੇ ਉਸ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦਾ ਪ੍ਰਚਾਰਕ ਥਾਪਿਆ ਸੀ। ਨਗਰ ਦੇ ਲੋਕ ਭਾਈ ਸਾਹਿਬ ਦੀ ਉੱਚੀ ਸੁੱਚੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਭਾਈ ਸਾਹਿਬ ਦੇ ਉਪਦੇਸ਼ਾਂ ਦੁਆਰਾ ਕਰਮ-ਕਾਂਡੀ ਜੀਵਨ ਤਿਆਗ ਕੇ ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣ ਚੁੱਕੇ ਸਨ।

ਗੜ੍ਹਸ਼ੰਕਰ ਵਿਚ ਹੀ ਇਕ ਵੱਡੀ ਉਮਰ ਦੇ ਯੋਗੀ ਦਾ ਡੇਰਾ ਸੀ। ਭਾਈ ਤਿਲਕਾ ਜੀ ਦੇ ਪ੍ਰਚਾਰ ਦੇ ਪ੍ਰਭਾਵ ਕਾਰਨ ਲੋਕਾਂ ਵਿਚ ਉਸ ਦੀ ਮਾਨਤਾ ਵੀ ਦਿਨੋ-ਦਿਨ ਘਟਦੀ ਜਾ ਰਹੀ ਸੀ। ਉਹ ਈਰਖਾ ਵਿਚ ਸੜਦਾ-ਲੁੱਝਦਾ ਰਹਿੰਦਾ ਸੀ। ਆਪਣੀ ਮਾਨਤਾ ਨੂੰ ਕਾਇਮ ਕਰਨ ਲਈ ਉਸ ਨੇ ਪਰਪੰਚ ਰਚਿਆ। ਆਪਣੇ ਚੇਲਿਆਂ ਰਾਹੀਂ ਇਹ ਗੱਲ ਫੈਲਾ ਦਿੱਤੀ ਕਿ ਉਸ (ਯੋਗੀ) ਨੂੰ ਰਾਤੀਂ ਸ਼ਿਵ ਜੀ ਨੇ ਦਰਸ਼ਨ ਦਿੱਤੇ ਹਨ ਅਤੇ ਵਰ ਦਿੱਤਾ ਹੈ ਕਿ ਜੋ ਪ੍ਰਾਣੀ ਉਸ ਦੇ ਦਰਸ਼ਨ ਕਰੇਗਾ, ਉਹ ਇਕ ਸਾਲ ਲਈ ਸਵੱਰਗ ਪ੍ਰਾਪਤ ਕਰੇਗਾ। ਸਾਰੇ ਇਲਾਕੇ ਵਿਚ ਧੂਮ ਪੈ ਗਈ। ਅਨੇਕਾਂ ਸਿੱਧੇ-ਸਾਦੇ ਤੇ ਗਿਆਨਹੀਣ ਲੋਕ ਯੋਗੀ ਦੇ ਭਰਮ ਜਾਲ ਵਿਚ ਫਸ ਗਏ। ਯੋਗੀ ਦੇ ਡੇਰੇ ਤੇ ਸਵੱਰਗ ਪ੍ਰਾਪਤ ਕਰਨ ਵਾਲਿਆਂ ਦਾ ਤਾਂਤਾ ਲੱਗ ਗਿਆ। ਮਾਇਆ ਦਾ ਚੜ੍ਹਾਵਾ ਵੀ ਤਕੜਾ ਹੋ ਗਿਆ।

ਯੋਗੀ ਨੇ ਭਾਈ ਤਿਲਕਾ ਜੀ ਪਾਸ ਸੁਨੇਹਾ ਭੇਜਿਆ ਕਿ ਉਹ ਵੀ ਇਕ ਸਾਲ ਲਈ ਸਵੱਰਗ ਵਿਚ ਥਾਂ ਰਾਖਵੀਂ ਰਖਵਾ ਲੈਣ, ਪਰ ਭਾਈ ਸਾਹਿਬ ਨੇ ਇਸ ਸੁਨੇਹੇ ਵੱਲ ਕੋਈ ਧਿਆਨ ਨਾ ਦਿੱਤਾ। ਯੋਗੀ ਨੇ ਦੁਬਾਰਾ ਸੁਨੇਹਾ ਭੇਜਿਆ ਕਿ ਭਾਈ ਸਾਹਿਬ ਤੁਸੀਂ ਮੇਰੇ ਦਰਸ਼ਨ ਕਰ ਲਵੋ। ਮੈਂ ਨਹੀਂ ਚਾਹੁੰਦਾ ਕਿ ਆਪ ਜੈਸਾ ਮਹਾਂਪੁਰਖ ਸਵਰਗ ਪ੍ਰਾਪਤੀ ਤੋਂ ਵਾਂਝਾ ਰਹਿ ਜਾਏ। ਉਸ ਨੇ ਸਵੱਰਗ ਦੀ ਮਿਆਦ ਵੀ ਦੋ ਸਾਲ ਕਰ ਦਿੱਤੀ। ਭਾਈ ਸਾਹਿਬ ਨੇ ਸੁਨੇਹਾ ਭੇਜ ਦਿਤਾ ਕਿ ਉਨ੍ਹਾਂ ਨੂੰ ਸਵੱਰਗ ਦੀ ਉੱਕਾ ਹੀ ਲੋੜ ਨਹੀਂ ਹੈ।

ਵਾਰ ਵਾਰ ਸੁਨੇਹੇ ਭੇਜਣ ਮਗਰੋਂ ਵੀ ਜਦ ਭਾਈ ਤਿਲਕਾ ਜੀ ਯੋਗੀ ਕੋਲ ਨਾ ਗਏ ਤਾਂ ਆਪ ਉਨ੍ਹਾਂ ਨੂੰ 'ਦਰਸ਼ਨ ਦੇਣ' ਤੁਰ ਪਿਆ। ਭਾਈ ਸਾਹਿਬ ਨੂੰ ਪਤਾ ਲੱਗਾ ਤਾਂ ਉਨ੍ਹਾਂ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਲਿਆ। ਯੋਗੀ ਨੇ ਆ ਕੇ ਦਰਵਾਜ਼ਾ ਖੜਕਾਇਆ ਤੇ ਉੱਚੀ-ਉੱਚੀ ਆਖਣ ਲੱਗਾ, "ਤੁਹਾਨੂੰ ਸਵੱਰਗ ਕਿਉਂ ਨਹੀਂ ਚਾਹੀਦਾ? ਵੇਖੋ ਮੈਂ ਤੁਹਾਡੇ ਪਰਉਪਕਾਰ ਲਈ ਖ਼ੁਦ ਚੱਲ ਕੇ ਆਇਆ ਹਾਂ; ਦਰਵਾਜ਼ਾ ਤਾਂ ਖੋਹਲੋ।" ਭਾਈ ਸਾਹਿਬ ਨੇ ਦਰਵਾਜ਼ਾ ਨਾ ਖੋਹਲਿਆ ਤੇ ਅੰਦਰੋਂ ਹੀ ਜਵਾਬ ਦਿੱਤਾ, "ਮੈਂ ਤੇਰੇ ਵਰਗੇ ਪਖੰਡੀ ਦੀ ਸ਼ਕਲ ਨਹੀਂ ਦੇਖਣਾ ਚਾਹੁੰਦਾ। ਤੂੰ ਲੋਕਾਂ ਨੂੰ ਬੁੱਧੂ ਬਣਾ ਕੇ ਲੁੱਟ ਰਿਹਾ ਹੈਂ। ਇਨ੍ਹਾਂ ਪਖੰਡਾਂ ਨਾਲ ਸਵੱਰਗ ਪ੍ਰਾਪਤ ਨਹੀਂ ਹੁੰਦਾ। ਨਾਲੇ, ਅਸੀਂ ਸਿੱਖ ਤਾਂ ਅਖੌਤੀ ਸਵੱਰਗ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰੱਖਦੇ। ਸਾਡੇ ਲਈ ਤਾਂ ਸਾਧ-ਸੰਗਤ ਹੀ ਸਵੱਰਗ ਹੈ। ਅਸੀਂ ਗੁਰੂ ਚਰਨਾਂ ਤੋਂ ਹਜ਼ਾਰਾਂ ਸਵੱਰਗ ਵਾਰ ਸਕਦੇ ਹਾਂ।" ਤੁਹਾਡੇ ਸਵੱਰਗ ਦੀ ਖ਼ਾਤਰ ਮੈਂ ਗੁਰੂ ਪਾਤਸ਼ਾਹ ਦੇ ਚਰਨਾਂ ਤੋਂ ਵਿਛੜਨ ਲਈ ਹਰਗਿਜ਼ ਤਿਆਰ ਨਹੀਂ।"

ਅੰਤ ਨੂੰ ਯੋਗੀ ਨੇ ਹਾਰ ਮੰਨ ਲਈ ਤੇ ਆਖਣ ਲੱਗਾ "ਮੈਨੂੰ ਵੀ ਉਸ ਗੁਰੂ ਦੇ ਦਰਸ਼ਨ

ਕਰਾਓ ਜਿਸ ਨੇ ਤੁਹਾਨੂੰ ਸੱਚ ਦਾ ਗਿਆਨ ਅਤੇ ਇੰਨੀ ਦ੍ਰਿੜਤਾ ਸਿਖਾਈ ਹੈ।" ਕੁਝ ਦਿਨਾਂ ਮਗਰੋਂ ਭਾਈ ਤਿਲਕਾ ਜੀ ਯੋਗੀ ਅਤੇ ਇਲਾਕੇ ਦੀ ਸੰਗਤ ਨੂੰ ਨਾਲ ਲੈ ਕੇ ਗੁਰੂ-ਦਰਬਾਰ ਵਿਚ ਆਏ। ਯੋਗੀ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਵੇਖਿਆ ਕਿ ਸੈਂਕੜੇ ਸਿੱਖ ਇਕ ਗ੍ਰਿਹਸਥੀ ਅਤੇ ਜਵਾਨ-ਉਮਰ ਦੇ ਗੁਰੂ ਅੱਗੇ ਮੱਥਾ ਟੇਕ ਰਹੇ ਹਨ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਯੋਗੀ ਦਾ ਲੰਮੀ ਉਮਰ ਅਤੇ ਰਿਧੀਆਂ-ਸਿੱਧੀਆਂ ਵਾਲਾ ਹੰਕਾਰ ਖ਼ਤਮ ਹੋ ਗਿਆ।

### *ਗੁਰੂ ਤੇ ਪ੍ਰਭੂ ਚਰਨਾਂ ਦੀ ਪ੍ਰੀਤ ਹੀ ਸਭ ਤੋਂ ਉੱਤਮ ਹੈ*

ਜਿਨ੍ਹਾਂ ਦਿਨਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਹਰਿਗੋਬਿੰਦਪੁਰ ਟਿਕੇ ਹੋਏ ਸਨ, ਬਟਾਲੇ ਦਾ ਇਕ ਬ੍ਰਾਹਮਣ ਨਿੱਤਿਆ ਨੰਦ ਉਥੇ ਆ ਗਿਆ। ਉਹ ਸਿੱਖਾਂ ਵਿਚ ਘਟ ਰਹੇ ਆਪਣੇ ਅਸਰ ਰਸੂਖ ਨੂੰ ਮੁੜ ਕੇ ਕਾਇਮ ਕਰਨਾ ਚਾਹੁੰਦਾ ਸੀ। ਉਸ ਨੇ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਸਿੱਖਾਂ ਨੂੰ 'ਗਰੁੜ ਪੁਰਾਣ' ਦੀ ਕਥਾ ਸੁਣਾਉਣੀ ਸ਼ੁਰੂ ਕਰ ਦਿੱਤੀ। 'ਗਰੁੜ' ਇਕ ਪੰਛੀ ਹੈ ਜੋ ਵਿਸ਼ਨੂੰ ਦਾ ਵਾਹਨ (ਸੁਆਰੀ) ਮੰਨਿਆ ਗਿਆ ਹੈ। ਬ੍ਰਾਹਮਣੀ ਵਿਸ਼ਵਾਸ ਹੈ ਕਿ ਵਿਸ਼ਨੂੰ ਨੇ ਯਮ-ਮਾਰਗ ਦੀ ਕਥਾ ਗਰੁੜ ਨੂੰ ਸੁਣਾਈ ਸੀ। ਇਸ ਲਈ ਜਿਸ ਪੁਰਾਣ ਵਿਚ ਯਮ-ਲੋਕ ਪੁੱਜਣ ਤੱਕ ਦਾ ਵੇਰਵਾ ਲਿਖਿਆ ਗਿਆ ਹੈ, ਉਸ ਨੂੰ ਗਰੁੜ ਪੁਰਾਣ ਕਿਹਾ ਗਿਆ ਹੈ। ਗੁਰੂ ਸਾਹਿਬ ਦਾ ਮਕਸਦ ਜਿਥੇ ਸਿੱਖਾਂ ਨੂੰ ਗਰੁੜ ਪੁਰਾਣ ਦੀ ਅਸਲੀਅਤ ਤੋਂ ਜਾਣੂ ਕਰਵਾਉਣਾ ਸੀ, ਉਥੇ ਬ੍ਰਾਹਮਣਾਂ ਦੇ ਭਰਮ-ਜਾਲ ਨੂੰ ਤੋੜਨਾ ਸੀ।

ਨਿੱਤਿਆਨੰਦ ਨੇ ਗਰੁੜ ਪੁਰਾਣ ਦੀ ਕਥਾ ਸੁਣਾਂਦਿਆਂ ਸਵੱਰਗ ਲੋਕ ਦੇ ਮਨਮੋਹਣੇ ਚਿੱਤਰ ਪੇਸ਼ ਕੀਤੇ; ਸਵੱਰਗਾਂ ਵਿਚ ਮਿਲਣ ਵਾਲੇ ਪਦਾਰਥਾਂ ਅਤੇ ਬੇਅੰਤ ਸੁਖਾਂ ਦਾ ਜ਼ਿਕਰ ਕੀਤਾ। ਉਸ ਨੇ ਦੱਸਿਆ ਕਿ ਸਵੱਰਗ ਲੋਕ ਤੱਕ ਪਹੁੰਚਣ ਵਿਚ ਇਕ ਸਾਲ ਦਾ ਸਮਾਂ ਲੱਗ ਜਾਂਦਾ ਹੈ। ਜਦੋਂ ਪੰਡਿਤ ਨੇ ਕਥਾ ਸਮਾਪਤ ਕੀਤੀ ਤਾਂ ਇਕ ਸਿੱਖ ਨੇ ਉੱਠ ਕੇ ਆਖਿਆ ਕਿ ਇਕ ਸਾਲ ਦੀ ਕੀ ਲੋੜ ਹੈ ਮੈਂ ਤਾਂ ਇਕ ਮਹੀਨੇ ਵਿਚ ਪਹੁੰਚ ਸਕਦਾ ਹਾਂ। ਇਕ ਹੋਰ ਗੁਰਸਿੱਖ ਉੱਠਿਆ ਤੇ ਕਹਿਣ ਲੱਗਾ ਕਿ ਇਕ ਮਹੀਨਾ ਵੀ ਕਿਉਂ ਲੱਗੇ, ਮੈਂ ਤਾਂ ਅੱਠਾਂ ਪਹਿਰਾਂ (ਇਕ ਦਿਨ) ਵਿਚ ਪਹੁੰਚ ਕੇ ਵਿਖਾ ਦਿੰਦਾ ਹਾਂ। ਪੰਡਤ ਨਿੱਤਿਆਨੰਦ ਇਹ ਸੁਣ ਕੇ ਕੁਝ ਛਿੱਥਾ ਪਿਆ ਤੇ ਗੁਰੂ ਜੀ ਪਾਸ ਸ਼ਿਕਾਇਤ ਹੀ ਕਰਨ ਲੱਗਾ ਸੀ ਕਿ ਇਕ ਹੋਰ ਗੁਰਸਿੱਖ ਨੇ ਖੜ੍ਹਾ ਹੋ ਕੇ ਆਖਿਆ, "ਪੰਡਿਤ ਜੀ! ਅੱਠ ਪਹਿਰ ਖ਼ਰਾਬ ਕਰਨ ਦੀ ਵੀ ਕੀ ਲੋੜ ਹੈ? ਸਾਨੂੰ ਸਿੱਖਾਂ ਨੂੰ ਸਵੱਰਗ ਦੀ ਕੋਈ ਲੋੜ ਨਹੀਂ ਇਹ ਲਾਲਚ ਉਨ੍ਹਾਂ ਨੂੰ ਦਿਓ ਜੋ ਗੁਰੂ-ਦਰ ਤੇ ਅਜੇ ਨਹੀਂ ਆਏ ਅਤੇ ਅਗਿਆਨਤਾ ਦੇ ਹਨੇਰੇ ਵਿਚ ਠੋਕਰਾਂ ਖਾ ਰਹੇ ਹਨ। ਜਿਹੜੇ ਵਡਭਾਗੇ ਗੁਰੂ ਦੀ ਸ਼ਰਨ ਵਿਚ ਆ ਗਏ ਹਨ, ਉਨ੍ਹਾਂ ਨੂੰ ਤੁਹਾਡੇ ਅਖੌਤੀ ਸਵੱਰਗਾਂ ਦੀ ਕੋਈ ਪ੍ਰਵਾਹ ਨਹੀਂ। ਸਤਿਸੰਗਤ ਦੀ ਇੰਨੀ ਮਹਾਨਤਾ ਹੈ ਕਿ ਇਹ ਭਟਕਦੇ ਹੋਏ ਲੋਕਾਂ ਨੂੰ ਪ੍ਰਭੂ ਨਾਲ ਜੋੜ ਦਿੰਦੀ ਹੈ। ਸਤਿਸੰਗਤ ਵਿਚ ਆ ਕੇ ਗੁਰੂ ਦੀ ਕਿਰਪਾ ਦੇ ਪਾਤਰ ਬਣਨਾ, ਇਹੀ ਸਿੱਖਾਂ ਦਾ ਸਵੱਰਗ ਹੈ।"

ਇੰਨਾ ਸੁਣ ਕੇ ਪੰਡਿਤ ਨਿੱਤਿਆਨੰਦ ਨੂੰ ਸਮਝ ਆ ਗਈ ਕਿ ਸਿੱਖਾਂ ਉਤੇ ਹੁਣ ਬ੍ਰਾਹਮਣੀ

ਵਹਿਮਾਂ-ਭਰਮਾਂ, ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸਾਂ ਵਾਲਾ ਜਾਦੂ ਨਹੀਂ ਚੱਲ ਸਕਦਾ। ਇਸ ਲਈ ਉਹ ਆਪਣੀਆਂ ਪੋਥੀਆਂ ਸਾਂਭ ਕੇ ਬਟਾਲੇ ਦੇ ਰਾਹ ਪੈ ਗਿਆ।

### *ਕਰਾਮਾਤ—ਰੱਬੀ ਹੁਕਮ ਦਾ ਵਿਰੋਧ*

ਕਰਾਮਾਤ ਤੋਂ ਭਾਵ ਅਜਿਹੀ ਅਸਾਧਾਰਨ ਘਟਨਾ ਜਾਂ ਕਰਮ ਹੈ ਜੋ ਅਖੌਤੀ ਮਹਾਂਪੁਰਖਾਂ ਵਲੋਂ ਆਪਣੀ ਉੱਚੀ ਆਤਮਕ ਅਵਸਥਾ ਦਾ ਵਿਖਾਵਾ ਕਰਨ ਲਈ ਵਿਖਾਈ ਜਾਂਦੀ ਹੈ। ਆਮ ਤੌਰ 'ਤੇ ਸਿੱਧ-ਯੋਗੀ ਕਰਾਮਾਤਾਂ ਵਿਖਾਉਣ ਵਿਚ ਮਾਹਿਰ ਮੰਨੇ ਜਾਂਦੇ ਹਨ। ਬਹੁਤੀ ਵਾਰੀ ਤਾਂ ਸਾਧਾਂ-ਸੰਤਾਂ ਦੇ ਚੇਲੇ ਉਨ੍ਹਾਂ ਦੀਆਂ ਕਰਾਮਾਤਾਂ ਦੇ ਝੂਠੇ ਕਿੱਸੇ ਬਣਾ ਕੇ ਪ੍ਰਚਾਰ ਦਿੰਦੇ ਹਨ। ਅਸਲ ਕਰਾਮਾਤਾਂ ਤਾਂ ਨਾਂ-ਮਾਤਰ ਹੀ ਹੁੰਦੀਆਂ ਹਨ। ਗੁਰਬਾਣੀ ਵਿਚ ਕਰਾਮਾਤਾਂ ਨੂੰ ਕੋਈ ਚੰਗਾ ਕਰਮ ਨਹੀਂ ਮੰਨਿਆ ਗਿਆ, ਸਗੋਂ ਇਨ੍ਹਾਂ ਨੂੰ ਪ੍ਰਭੂ ਦਰ ਤੋਂ ਦੂਰ ਲੈ ਜਾਣ ਵਾਲੀਆਂ ਮੰਨਿਆ ਗਿਆ ਹੈ।

ਸਿੱਖ ਇਤਿਹਾਸ ਵਿਚ ਇਕ ਸਾਖੀ ਪ੍ਰਸਿੱਧ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਅਟੱਲ ਰਾਇ ਨੇ ਆਪਣੇ ਇਕ ਮਿੱਤਰ ਨੂੰ ਜਿਵਾਲ ਦਿੱਤਾ ਸੀ। ਗੁਰੂ ਸਾਹਿਬ ਨੂੰ ਪਤਾ ਲੱਗਣ ਤੇ ਉਨ੍ਹਾਂ ਆਖਿਆ ਸੀ ਕਿ 'ਗੁਰੂ-ਘਰ ਵਿਚ ਰੱਬ ਦਾ ਸ਼ਰੀਕ ਕੌਣ ਜੰਮ ਪਿਆ ਹੈ।' ਇਸ ਘਟਨਾ ਤੋਂ ਬਾਅਦ ਬਾਬਾ ਅਟੱਲ ਜੀ ਅਕਾਲ ਚਲਾਣਾ ਕਰ ਗਏ ਸਨ।

ਇਸ ਸਾਖੀ ਤੋਂ ਸਿੱਟਾ ਇਹ ਹੀ ਨਿਕਲਦਾ ਹੈ ਕਿ ਕਰਾਮਾਤ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ।

**ਨੋਟ** : ਕਈ ਵਾਰ ਪ੍ਰਭੂ ਆਪਣੇ ਭਗਤਾਂ ਦੀ ਲਾਜ ਰੱਖਣ ਲਈ ਕਈ ਅਜਿਹੀਆਂ ਅਸਚਰਜ ਘਟਨਾਵਾਂ ਕਰ ਦਿੰਦਾ ਹੈ, ਜੋ ਸੰਬੰਧਿਤ ਭਗਤ-ਜਨ ਆਪ ਨਹੀਂ ਕਰਨਾ ਚਾਹੁੰਦੇ; ਇਹ ਅਚਿੰਤ ਹੀ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਸੰਬੰਧਿਤ ਭਗਤ-ਜਨ ਵਲੋਂ ਵਿਖਾਈ 'ਕਰਾਮਾਤ' ਨਹੀਂ ਕਿਹਾ ਜਾ ਸਕਦਾ; ਕੇਵਲ ਪ੍ਰਭੂ ਦੀ ਬਖ਼ਸ਼ਿਸ਼ (ਕਰਮਾਤ) ਜਾਂ ਪ੍ਰਭੂ ਦਾ ਕੌਤਕ ਹੀ ਆਖਿਆ ਜਾ ਸਕਦਾ ਹੈ।

### *ਸਿੱਖ ਦੀ ਸੇਵਾ—ਗੁਰੂ ਦੀ ਸੇਵਾ*

ਕਸ਼ਮੀਰ ਦੇ ਜਿਨ੍ਹਾਂ ਮੁਸਲਮਾਨਾਂ ਨੇ ਸਿੱਖ ਧਰਮ ਧਾਰਨ ਕੀਤਾ ਉਨ੍ਹਾਂ ਵਿਚੋਂ ਭਾਈ ਕੱਟੂ ਸ਼ਾਹ ਦਾ ਨਾਮ ਬਹੁਤ ਪ੍ਰਸਿੱਧ ਹੈ। ਇਸ ਨੇ ਕਸ਼ਮੀਰ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਗੁਰੂ ਸਾਹਿਬ ਦੀ 'ਕਸ਼ਮੀਰ ਦੀ ਪ੍ਰਚਾਰ ਯਾਤਰਾ' ਵਾਲੇ ਅਧਿਆਇ ਵਿਚ ਅਸੀਂ ਪੜ੍ਹ ਚੁੱਕੇ ਹਾਂ ਕਿ ਜਥੇਦਾਰ ਦੁਆਰਾ ਭਾਈ ਕੱਟੂ ਸ਼ਾਹ ਨੂੰ ਸ਼ਹਿਦ ਨਾ ਦਿੱਤੇ ਜਾਣ ਨੂੰ ਗੁਰੂ ਜੀ ਨੇ ਪਸੰਦ ਨਹੀਂ ਸੀ ਕੀਤਾ। ਗੁਰੂ ਜੀ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਸੀ ਕਿ ਜਦੋਂ ਕੋਈ ਸਿੱਖ ਭੀੜਾ ਅੰਦਰ ਨਜ਼ਰ ਆਵੇ, ਤਾਂ ਉਸਦੀ ਸਹਾਇਤਾ ਕਰੋ; ਉਸ ਨੂੰ ਜਿਸ ਚੀਜ਼ ਦੀ ਲੋੜ ਹੋਵੇ ਉਹ ਉਸ ਨੂੰ ਦਿਓ। ਭੁੱਖਿਆਂ ਨੂੰ ਖੁਆਓ। ਸਿੱਖ ਦਾ ਮੂੰਹ ਹੀ ਗੁਰੂ ਦੀ ਗੋਲਕ ਹੈ। ਗੁਰਸਿੱਖਾਂ ਅੰਦਰ ਸਤਿਗੁਰੂ ਆਪ ਵਰਤਦਾ ਹੈ। ਇਸ ਲਈ ਸਿੱਖ ਦੀ ਸੇਵਾ, ਗੁਰੂ ਦੀ ਸੇਵਾ ਹੈ।

ਸਿੱਖਾਂ ਬਾਰੇ ਗੁਰੂ ਜੀ ਦੇ ਵਿਚਾਰਾਂ ਨੂੰ ਅੰਕਿਤ ਕਰਦਾ ਹੋਇਆ ਮੁਹਸਿਨ ਫ਼ਾਨੀ ਲਿਖਦਾ ਹੈ ਕਿ ਜਦੋਂ ਕਿਸੇ ਨੇ ਗੁਰੂ ਹਰਿਗੋਬਿੰਦ ਸਾਹਿਬ ਕੋਲੋਂ ਪੁਛਿਆ ਕਿ ਜੇਕਰ ਗੁਰੂ ਨੇੜੇ ਨਾ ਹੋਵੇ, ਤਾਂ ਉਸ ਨੂੰ ਕਿਥੋਂ ਲੱਭਿਆ ਜਾਏ, ਤਾਂ ਗੁਰੂ ਜੀ ਨੇ ਜਵਾਬ ਦਿੱਤਾ, "ਹਰ ਉਸ ਸਿੱਖ ਨੂੰ ਗੁਰੂ ਦਾ ਹੀ ਰੂਪ ਜਾਣੋ ਜੋ ਗੁਰੂ ਦਾ ਨਾਮ ਜਪਦਾ ਤੁਹਾਡੇ ਦਰਵਾਜ਼ੇ 'ਤੇ ਆਵੇ":

**ਹਰ ਕਸ ਕਿ ਨਾਮ ਗੀਰਦ ਵ ਦਰਖਾਨਾਇ**
**ਸਿੱਖੇ ਦਰ ਆਇਦ ਓ ਰਾ ਮਨੈਅ ਨਸ਼ਵਦ।**

*(ਦਬਸਿਤਾਨ-ਇ-ਮਜ਼ਾਹਿਬ, ਪੰਨਾ ੨੪੦)*[57]

ਗੁਰੂ ਸਾਹਿਬ ਦੇ ਅਜਿਹੇ ਉਪਦੇਸ਼ਾਂ ਕਾਰਨ ਹੀ ਸਿੱਖਾਂ ਵਿਚ ਇਹ ਰਿਵਾਜ ਚੱਲ ਪਿਆ ਕਿ ਜਿਸ ਵੇਲੇ ਵੀ ਕਿਸੇ ਸਿੱਖ ਨੂੰ ਕਿਸੇ ਵਸਤੂ ਜਾਂ ਸਹਾਇਤਾ ਦੀ ਲੋੜ ਹੁੰਦੀ ਤਾਂ ਉਹ ਸੰਗਤ ਅੱਗੇ ਬੇਨਤੀ ਕਰਦਾ ਸੀ। ਸੰਗਤ ਇਕੱਠੀ ਹੋ ਕੇ ਉਸ ਸਿੱਖ ਲਈ ਅਰਦਾਸ ਕਰਦੀ ਅਤੇ ਉਸ ਦੀ ਸਹਾਇਤਾ ਕਰਦੀ। ਇਕ ਦੂਜੇ ਦੇ ਸੁੱਖ-ਦੁੱਖ ਵਿਚ ਭਾਈਵਾਲ ਹੋਣਾ ਸਿੱਖਾਂ ਦੀ ਮਰਯਾਦਾ (ਜੀਵਨ-ਢੰਗ) ਵਿਚ ਸ਼ਾਮਿਲ ਹੋ ਗਿਆ ਸੀ।

### *ਗੁਰਬਾਣੀ ਦਾ ਸ਼ੁੱਧ ਉਚਾਰਨ—ਗੁਰਬਾਣੀ ਦਾ ਸਤਿਕਾਰ*

ਗੁਰੂ ਹਰਿਗੋਬਿੰਦ ਸਾਹਿਬ ਨੇ ਜਿਥੇ ਸਿੱਖਾਂ ਅੰਦਰ ਬੀਰ-ਰਸ ਦਾ ਸੰਚਾਰ ਕੀਤਾ, ਉਥੇ ਉਨ੍ਹਾਂ ਨੂੰ ਗੁਰਬਾਣੀ ਨਾਲ ਪ੍ਰੀਤ ਪਾਉਣ, ਗੁਰਬਾਣੀ ਦਾ ਸਤਿਕਾਰ ਕਰਨ ਤੇ ਆਤਮ-ਗਿਆਨੀ ਬਣਨ ਦੀ ਪ੍ਰੇਰਨਾ ਵੀ ਦਿੱਤੀ। ਨਾਮ-ਬਾਣੀ ਨਾਲ ਆਤਮਾ ਬਲਵਾਨ ਹੁੰਦੀ ਹੈ ਅਤੇ ਬਲਵਾਨ ਆਤਮਾ ਵਾਲਾ ਹੀ ਸੱਚ ਦੀ ਖ਼ਾਤਰ ਜੂਝ ਸਕਦਾ ਹੈ ਤੇ ਕੁਰਬਾਨੀ ਕਰ ਸਕਦਾ ਹੈ।

ਗੁਰੂ ਸਾਹਿਬ ਸਿੱਖਾਂ ਨੂੰ ਗੁਰਬਾਣੀ ਦਾ ਪਾਠ ਮਨ-ਚਿਤ ਜੋੜ ਕੇ ਅਤੇ ਸ਼ੁੱਧ ਕਰਨ ਦੀ ਪ੍ਰੇਰਨਾ ਆਮ ਤੌਰ ਤੇ ਦਿੰਦੇ ਰਹਿੰਦੇ ਸਨ। ਇਸ ਸੰਬੰਧ ਵਿਚ, ਸਿੱਖ ਇਤਿਹਾਸ ਵਿਚ, ਭਾਈ ਗੁਪਾਲਾ ਜੀ ਦੀ ਸਾਖੀ ਬਹੁਤ ਪ੍ਰਸਿੱਧ ਹੈ।

ਭਾਈ ਗੁਪਾਲਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸਿੱਖ ਸੀ। ਉਹ ਆਤਮ-ਗਿਆਨੀ, ਗੁਰਬਾਣੀ ਨੂੰ ਵਿਚਾਰਨ ਵਾਲਾ ਤੇ ਸਿੱਖ ਧਰਮ ਦਾ ਵਿਦਵਾਨ ਤੇ ਪ੍ਰਚਾਰਕ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਵੀ ਉਸ ਨੇ ਬਹੁਤ ਸੇਵਾ ਕੀਤੀ। ਉਸ ਨੇ ਅੰਮ੍ਰਿਤਸਰ ਦੇ ਜੰਗ ਵਿਚ ਵੀ ਬੀਰਤਾ ਦੇ ਜੌਹਰ ਦਿਖਾਏ ਸਨ।

ਜਦੋਂ ਗੁਰੂ ਜੀ ਸ੍ਰੀ ਹਰਿਗੋਬਿੰਦਪੁਰ ਠਹਿਰੇ ਹੋਏ ਸਨ, ਤਾਂ ਇਕ ਦਿਨ ਦੀਵਾਨ ਵਿਚ ਆਪ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਮਨ-ਚਿੱਤ ਇਕਾਗਰ ਕਰ ਕੇ ਗੁਰਬਾਣੀ ਦਾ ਪਾਠ ਕਰਨ ਵਾਲੇ ਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ ਅਤੇ ਸ਼ੁੱਧ ਪਾਠ ਕਰਨ ਨਾਲ ਹਿਰਦਾ ਸ਼ੁੱਧ ਹੁੰਦਾ ਹੈ। ਵਿਚਾਰ ਕਰਦਿਆਂ ਹੋਇਆਂ ਹੀ ਆਪ ਨੇ ਪੁਛਿਆ ਕਿ ਸੰਗਤ ਵਿਚ ਕੋਈ ਐਸਾ ਸਿੱਖ ਹੈ ਜੋ ਗੁਰਬਾਣੀ ਦਾ ਸ਼ੁੱਧ ਪਾਠ ਕਰਕੇ ਸੁਣਾਏ। ਸੰਗਤ ਵਿਚੋਂ ਭਾਈ ਗੁਪਾਲਾ ਜੀ ਉਠੇ ਤੇ ਉਨ੍ਹਾਂ ਬੜੀ ਨਿਮਰਤਾ ਨਾਲ ਜਪੁ ਜੀ ਦਾ ਪਾਠ ਸੁਣਾਉਣ ਦੀ ਆਗਿਆ ਮੰਗੀ। ਉਨ੍ਹਾਂ ਨੇ ਪਾਠ ਇੰਨੀ ਇਕਾਗਰਤਾ ਨਾਲ ਤੇ ਸ਼ੁੱਧ ਕੀਤਾ ਕਿ ਸਾਰੀ ਸੰਗਤ ਅੰਤ ਤੱਕ ਪਾਠ ਵਿਚ ਜੁੜੀ ਰਹੀ; ਪਾਠ ਵਿਚੋਂ ਰਸ ਅਤੇ ਆਤਮਿਕ ਹੁਲਾਰਾ

ਆਇਆ।

ਜਦੋਂ ਭਾਈ ਗੁਪਾਲਾ ਜੀ ਪਾਠ ਕਰ ਰਹੇ ਸਨ ਤਾਂ ਗੁਰੂ ਜੀ ਗੱਦੀ ਦੇ ਇਕ ਪਾਸੇ ਵੱਲ ਹੁੰਦੇ ਗਏ; ਆਪ ਭਾਈ ਗੁਪਾਲਾ ਜੀ ਨੂੰ ਆਪਣੇ ਨਾਲ ਬਿਠਾ ਕੇ 'ਗੁਰੂ ਵਰਗਾ ਹੋਣ ਦਾ ਮਾਣ' ਦੇਣਾ ਚਾਹੁੰਦੇ ਸਨ ਤੇ ਸੰਗਤਾਂ ਨੂੰ ਇਹ ਵੀ ਦੱਸਣਾ ਚਾਹੁੰਦੇ ਸਨ ਕਿ ਗੁਰਬਾਣੀ ਦੇ ਸ਼ੁੱਧ ਪਾਠ ਨਾਲ ਗੁਰੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ।...ਪਰ ਦੂਜੇ ਪਾਸੇ, ਪਾਠ ਦੀ ਸੰਪੂਰਨਤਾ ਦੇ ਨੇੜੇ ਪਹੁੰਚ ਕੇ ਭਾਈ ਸਾਹਿਬ ਦਾ ਮਨ ਪਾਠ ਵਲੋਂ ਉੱਖੜ ਕੇ ਸੰਸਾਰਕ ਵਸਤਾਂ ਵੱਲ ਲੱਗ ਗਿਆ। ਆਪ ਦੇ ਮਨ ਵਿਚ ਆਇਆ ਕਿ ਕਿੰਨਾ ਚੰਗਾ ਹੋਵੇ, ਜੇ ਗੁਰੂ ਜੀ ਪਾਠ ਤੋਂ ਪ੍ਰਸੰਨ ਹੋ ਕੇ ਇਕ ਚੀਨਾ ਘੋੜਾ ਬਖ਼ਸ਼ ਦੇਣ। ਪਾਠ ਸੰਪੂਰਨ ਹੋਇਆ, ਗੁਰੂ ਸਾਹਿਬ ਨੇ ਇਕ ਗੁਰਸਿੱਖ ਨੂੰ ਆਖਿਆ ਕਿ ਭਾਈ ਸੁਭਾਗਾ ਵਲੋਂ ਲਿਆਂਦੇ ਚੀਨੇ ਘੋੜੇ ਤੇ ਕਾਠੀ ਪਾ ਕੇ ਭਾਈ ਗੁਪਾਲਾ ਜੀ ਨੂੰ ਅਰਪ ਦਿਓ। ਗੁਰੂ ਜੀ ਨੇ ਭਾਈ ਗੁਪਾਲਾ ਜੀ ਨੂੰ ਆਖਿਆ ਕਿ ਅੱਜ ਤਾਂ ਤੁਸੀਂ ਜੋ ਚਾਹੁੰਦੇ ਮਿਲ ਜਾਣਾ ਸੀ, ਪਰ ਤੁਸੀਂ ਸੰਕਲਪ ਹੀ ਇਕ ਘੋੜੇ ਦਾ ਕੀਤਾ ਹੈ। ਅਸੀਂ ਤਾਂ ਤੁਹਾਨੂੰ ਆਪਣੇ ਨਾਲ ਗੱਦੀ ਉਤੇ ਬਿਠਾ ਕੇ ਖ਼ਾਸ ਸਨਮਾਨ ਦੇਣਾ ਚਾਹੁੰਦੇ ਸਾਂ, ਪਰ ਤੁਹਾਡੇ ਘੋੜੇ ਦੇ ਫੁਰਨੇ ਨੇ ਇਝ ਨਹੀਂ ਹੋਣ ਦਿੱਤਾ।

ਇਕ ਹੋਰ ਸਮੇਂ ਨਿਵਲਾ, ਨਿਹਾਲੂ ਆਦਿਕ ਸਿੱਖਾਂ ਨੇ ਗੁਰੂ ਹਰਿਗੋਬਿੰਦ ਪਾਤਸ਼ਾਹ ਪਾਸੋਂ ਪੁਛਿਆ ਸੀ ਕਿ ਸਾਨੂੰ ਆਤਮ-ਗਿਆਨ ਕਿਵੇਂ ਹੋਵੇ? ਇਸ ਦੇ ਉੱਤਰ ਵਿਚ ਗੁਰੂ ਸਾਹਿਬ ਨੇ ਫ਼ੁਰਮਾਇਆ ਸੀ ਕਿ ਗੁਰਬਾਣੀ ਨੂੰ ਵਿਚਾਰ ਕੇ ਹਿਰਦੇ ਵਿਚ ਵਸਾਉਣ ਅਤੇ ਜ਼ਿੰਦਗੀ ਦੇ ਕਾਰ-ਵਿਹਾਰਾਂ ਵਿਚ ਗੁਰਬਾਣੀ ਦੇ ਉਪਦੇਸ਼ਾਂ ਨੂੰ ਕਮਾਉਣ ਨਾਲ ਹੀ ਆਤਮ-ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਬਾਰੇ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

> **ਸੁਨ ਕਰਿ ਸ੍ਰੀ ਹਰਿਗੋਬਿੰਦ ਕਹੈਂ। ਸਭ ਕਾਸਟ ਮਹਿ ਅਗਨੀ ਰਹੈ।**
> **ਬਿਨਾ ਮਥੇ ਨਹਿਂ ਨਿਕਸ ਪ੍ਰਕਾਸੈ। ਕਾਰਯ ਕਰਹਿ ਨ ਸੀਤ ਬਿਨਾਸੈ।**
> **ਯਥਾ ਦੁਗਧ ਮਹਿ ਘ੍ਰਿਤ ਮਿਲਿ ਰਹਯੋ। ਮਥਨ ਕਰੇ ਬਿਨ ਕਿਨਹੁ ਨ ਲਹਯੋ।**
> **ਤਿਮਿ ਸਤਿਗੁਰ ਕੇ ਸਬਦ ਮਝਾਰਾ। ਆਤਮ ਗਯਾਨ ਬਸੈ ਸੁਖ ਸਾਰਾ।**
> **ਪਾਠ ਕਰੇ ਹੋਇ ਪੁੰਨ ਮਹਾਨਾ। (ਪਰ) ਨਾਹਿਨ ਪ੍ਰਾਪਤ ਆਤਮ ਗਯਾਨਾ।**
> **ਜਬ ਬਿਚਾਰ ਕਰਿ ਹ੍ਰਿਦੈ ਬਸਾਵੈ। ਸਭ ਬਿਵਹਾਰਨ ਬਿਖੇ ਕਮਾਵੈ।**
> **(ਤਬ) ਗਯਾਨ ਪ੍ਰਕਾਸੈ ਆਨਦ ਪਾਵੈ। ਜਨਮ ਜਨਮ ਕੇ ਕਸਟ ਮਿਟਾਵੈ।**
>
> *(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੫, ਅਧਿਆਇ ੪੧)*

### *ਗੁਰੂ ਤੇ ਸਿੱਖ ਦਾ ਪਿਆਰ*

ਪਿਆਰ ਹੀ ਗੁਰੂ ਤੇ ਸਿੱਖ ਦੇ ਰਿਸ਼ਤੇ ਨੂੰ ਕਾਇਮ ਕਰਦਾ ਹੈ ਤੇ ਸਦੀਵਤਾ ਬਖ਼ਸ਼ਦਾ ਹੈ। ਗੁਰੂ ਨਾਲ ਪਿਆਰ ਸਿੱਖ ਨੂੰ ਗੁਰੂ ਦਾ ਹੁਕਮ ਮੰਨਣ ਲਈ ਪ੍ਰੇਰਦਾ ਤੇ ਹੁਕਮ ਮੰਨਣ ਦਾ ਬਲ ਬਖ਼ਸ਼ਦਾ ਹੈ। ਹੁਕਮ ਵਿਚ ਜੀਵਨ ਗੁਜ਼ਾਰਦਾ ਹੋਇਆ ਸਿੱਖ ਆਪਣਾ ਲੋਕ ਤੇ ਪ੍ਰਲੋਕ ਸੰਵਾਰ ਲੈਂਦਾ ਹੈ।

ਪਿਆਰ ਦੀ ਖੇਡ ਦੁਵੱਲੀ ਹੈ। ਜੇ ਸਿੱਖ ਗੁਰੂ ਵੱਲ ਇਕ ਕਦਮ ਵਧਾਂਦਾ ਹੈ ਤਾਂ ਗੁਰੂ

ਸਿੱਖ ਵੱਲ ਅਨੇਕਾਂ ਕਦਮ ਵਧਾਉਂਦਾ ਹੈ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

**ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ,**
**ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ।** (ਕਬਿਤ ਨੰ: ੧੧੧)

ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਵਿਚ ਅਨੇਕਾਂ ਘਟਨਾਵਾਂ ਮਿਲਦੀਆਂ ਹਨ, ਜੋ ਗੁਰੂ ਦੇ ਹਿਰਦੇ ਵਿਚ ਸਿੱਖ ਲਈ ਅਥਾਹ ਪਿਆਰ ਦੀ ਤਰਜਮਾਨੀ ਕਰਦੀਆਂ ਹਨ। ਗੁਰੂ ਜੀ ਦੁਆਰਾ ਸ੍ਰੀ ਨਗਰ ਵਿਚ ਮਾਤਾ ਭਾਗਭਰੀ ਦਾ ਚੋਲਾ ਸਵੀਕਾਰ ਕਰਨਾ, ਗਰਮੀਆਂ ਦੇ ਦਿਨਾਂ ਵਿਚ, ਸਿਖਰ ਦੁਪਹਿਰੇ, ਮੀਲਾਂ ਦਾ ਪੈਂਡਾ ਮਾਰ ਕੇ ਭਾਈ ਸਾਧੂ ਤੇ ਰੂਪਾ ਦਾ ਜਲ ਛਕ ਕੇ ਉਨ੍ਹਾਂ ਦੀ ਰੀਝ ਪੂਰੀ ਕਰਨੀ, ਘਾਹੀ ਸਿੱਖ ਦੀ ਭੇਟਾ (ਇਕ ਟਕਾ ਤੇ ਘਾਹ ਦੀ ਪੰਡ) ਸਵੀਕਾਰ ਕਰਕੇ ਉਸ 'ਤੇ ਬਖ਼ਸ਼ਿਸ਼ਾਂ ਕਰਨੀਆਂ ਅਤੇ ਧੋਖਾ ਦੇਣ ਵਾਲੇ ਪੈਂਦੇ ਖ਼ਾਨ ਨੂੰ ਵੀ ਅੰਤਿਮ ਸਮੇਂ ਬਖ਼ਸ਼ ਦੇਣਾ; ਸਰੀਰ ਤਿਆਗ ਰਹੇ ਉਤੇ ਢਾਲ ਦੀ ਛਾਂ ਕਰਨੀ...ਆਦਿ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਵਿਚ ਸਿੱਖ ਲਈ ਗੁਰੂ ਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ।

# ਦੀਨ ਦੁਨੀ ਦਾ ਪਾਤਸ਼ਾਹ

ਛੇਵੇਂ ਨਾਨਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬੜੇ ਅਸਾਧਾਰਨ ਅਤੇ ਬਿਖੜੇ ਹਾਲਾਤ ਵਿਚ ਸਿੱਖ ਸੰਗਤਾਂ ਨੂੰ ਅਗਵਾਈ ਦੇਣ ਦੀ ਜ਼ਿੰਮੇਵਾਰੀ (ਗੁਰਗੱਦੀ) ਸੰਭਾਲੀ ਸੀ। ਵੇਲੇ ਦਾ ਹਾਕਮ ਜਹਾਂਗੀਰ ਸਰਬੱਤ ਦਾ ਭਲਾ ਚਾਹੁਣ ਵਾਲੇ ਸਿੱਖ ਧਰਮ ਨੂੰ 'ਝੂਠ ਦੀ ਦੁਕਾਨ' ਆਖ ਕੇ ਭੰਡ ਰਿਹਾ ਸੀ। ਸਿੱਖ-ਲਹਿਰ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਭਿਅੰਕਰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਇਸਲਾਮ ਦੇ ਨਕਸ਼ਬੰਦੀ ਫ਼ਿਰਕੇ (ਸਿਲਸਿਲੇ) ਦਾ ਆਗੂ ਸ਼ੇਖ ਅਹਿਮਦ ਸਰਹੰਦੀ ਰਾਜਨੀਤਕ ਤਾਕਤ ਦੀ ਸਹਾਇਤਾ ਨਾਲ ਸਿੱਖ ਧਰਮ ਤੇ ਹੋਰਨਾਂ ਗ਼ੈਰ-ਇਸਲਾਮਿਕ ਧਰਮਾਂ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਰਚ ਰਿਹਾ ਸੀ ਅਤੇ ਸ਼ੇਖ ਫਰੀਦ ਬੁਖ਼ਾਰੀ (ਮੁਰਤਜ਼ਾ ਖ਼ਾਨ) ਜੋ ਉਸ ਦਾ ਕੱਟੜ ਸਮਰਥਕ ਸੀ ਤੇ ਉਸ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦਾ ਸੀ, ਲਾਹੌਰ ਦਾ ਸੂਬੇਦਾਰ (ਗਵਰਨਰ) ਸੀ। ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੀ ਸਾਰੀ ਸੰਪਤੀ ਜ਼ਬਤ ਕਰਕੇ, ਪਰਿਵਾਰ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਨ ਦਾ ਹੁਕਮ ਚਾੜ੍ਹਿਆ ਹੋਇਆ ਸੀ।...ਐਸੇ ਅਸਾਧਾਰਨ ਹਾਲਾਤ ਵਿਚ ਸਿੱਖ ਲਹਿਰ ਨੂੰ ਬਚਾਉਣ ਅਤੇ ਅੱਗੇ ਤੋਰਨ ਲਈ ਅਸਾਧਾਰਨ ਢੰਗ ਅਪਣਾਉਣ ਦੀ ਲੋੜ ਸੀ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਆਪ ਨੂੰ ਖਤਰੇ ਵਿਚ ਪਾਉਂਦਿਆਂ ਹੋਇਆਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਵਾਲੀ ਜੀਵਨ-ਸ਼ੈਲੀ ਅਪਣਾਈ। ਉਨ੍ਹਾਂ ਅਕਾਲ ਤਖ਼ਤ ਸਾਜਿਆ, ਫ਼ੌਜਾਂ ਰਖੀਆਂ, ਕਿਲ੍ਹਾ ਬਣਾਇਆ, ਮੀਰੀ ਅਤੇ ਪੀਰੀ ਦੇ ਉੱਚੇ ਨਿਸ਼ਾਨ ਸਾਹਿਬ ਝੁਲਾਏ। ਸਿੱਖਾਂ ਨੂੰ ਸ਼ਸਤਰਾਂ ਦੀ ਵਰਤੋਂ ਵਿਚ ਨਿਪੁੰਨ ਕੀਤਾ ਤੇ ਉਹ ਸਿੱਖਾਂ ਦੇ 'ਸੱਚਾ ਪਾਤਸ਼ਾਹ' ਬਣੇ। ਉਨ੍ਹਾਂ ਨੂੰ ਨਜ਼ਰਬੰਦ ਕੀਤਾ ਗਿਆ, ਉਨ੍ਹਾਂ 'ਤੇ ਜੰਗ ਠੋਸੇ ਗਏ...ਪਰ ਉਹ ਅੱਗੇ ਹੀ ਵਧਦੇ ਗਏ। ਸਿੱਖ-ਲਹਿਰ ਖ਼ਤਮ ਤਾਂ ਕੀ ਹੋਣੀ ਸੀ, ਸਗੋਂ ਅੱਗੇ ਨਾਲੋਂ ਕਿਤੇ ਵੱਧ ਬਲਵਾਨ ਹੋ ਗਈ। ਬਹੁਤੇ ਇਤਿਹਾਸਕਾਰਾਂ ਲਈ ਇਹ ਅਚੰਭੇ ਵਾਲੀ ਗੱਲ ਸੀ ਤੇ ਉਨ੍ਹਾਂ ਨੇ ਗੁਰੂ ਸਾਹਿਬ ਦੀ ਸੁਚੱਜੀ ਅਗਵਾਈ ਦੀ ਭਰਪੂਰ ਪ੍ਰਸੰਸਾ ਕੀਤੀ। ਪਰ ਕੁਝ ਇਤਿਹਾਸਕਾਰਾਂ ਨੂੰ ਗੁਰੂ ਜੀ ਦਾ ਰਾਹ 'ਨਵਾਂ' ਜਾਪਿਆ ਜੋ ਪਹਿਲੇ ਪੰਜ ਸਤਿਗੁਰਾਂ ਤੋਂ ਵੱਖਰਾ ਸੀ। ਸਰ ਜਾਦੂ ਨਾਥ ਸਰਕਾਰ ਨੂੰ ਤਾਂ ਆਪ ਦਾ ਰਾਹ ਪਹਿਲੇ ਸਤਿਗੁਰਾਂ ਤੋਂ ਸਗੋਂ ਉਲਟ ਜਾਪਿਆ। ਉਹਦੇ ਵਿਚਾਰ ਵਿਚ ਤਾਂ "ਗੁਰੂ ਨਾਨਕ ਦੀ ਫ਼ਕੀਰੀ ਦਾ ਸੀਤਲ ਸੋਮਾ ਫ਼ੌਜੀ ਛਾਉਣੀ ਦੇ ਮਾਰੂਥਲ ਵਿਚ ਜਾ ਕੇ ਸੁੱਕ ਗਿਆ।" ਇਸ ਤਰ੍ਹਾਂ ਦੇ ਭੁਲੇਖੇ ਹੀ ਟਰੰਪ, ਗੋਕਲ ਚੰਦ ਨਾਰੰਗ, ਕਨਿੰਘਮ ਲਤੀਫ਼ ਆਦਿ ਨੇ ਖਾਧੇ ਹਨ। ਜਿਨ੍ਹਾਂ ਨੂੰ ਸਿੱਖ-ਪੰਥ ਦੀ ਚੜ੍ਹਤ ਤੋਂ ਈਰਖਾ ਸੀ, ਉਨ੍ਹਾਂ ਨੇ ਜਾਣ ਬੁੱਝ ਕੇ ਭੁਲੇਖੇ ਪਾਏ ਹਨ। ਹੈਰਾਨੀ ਦੀ ਗੱਲ ਹੈ ਕਿ ਆਪਣੇ ਆਪ ਨੂੰ ਗੁਰੂ ਸਾਹਿਬ ਦਾ ਮਿੱਤਰ, ਮਿਲਣ-ਗਿਲਣ ਵਾਲਾ ਆਖਣ ਵਾਲਾ ਜ਼ੁਲਫਿਕਾਰ ਅਰਦਿਸਤਾਨੀ (ਮੁਹਸਿਨ ਫ਼ਾਨੀ) ਵੀ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਗਿਆ ਹੈ। ਭਾਈ ਗੁਰਦਾਸ ਜੀ ਨੇ ਇਹੋ ਜਿਹੇ ਭੁਲੇਖਿਆਂ ਅਤੇ ਊਜਾਂ ਦਾ ਬੜਾ ਸਪੱਸ਼ਟ ਜਵਾਬ ਦਿੱਤਾ ਹੈ। ਇਸ ਮਸਲੇ 'ਤੇ ਹੋਰ ਵਿਚਾਰ ਬਾਅਦ ਵਿਚ ਕੀਤੀ ਜਾਵੇਗੀ, ਪਹਿਲਾਂ ਸਤਿਗੁਰਾਂ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ 'ਤੇ ਵਿਚਾਰ ਕਰਦੇ ਹਾਂ :

## 1. ਰੂਹਾਨੀਅਤ ਦੇ ਪੈਗੰਬਰ

ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਮੁੱਖ ਉਦੇਸ਼ ਲੋਕਾਂ ਨੂੰ ਪ੍ਰਭੂ ਨਾਲ ਜੋੜਨਾ ਸੀ; ਲੋਕਾਂ ਦੇ ਮਨਾਂ ਵਿਚ ਪ੍ਰਭੂ ਦੇ ਗੁਣਾਂ ਦਾ ਪ੍ਰਕਾਸ਼ ਕਰਨਾ ਸੀ। ਇਸ ਪਾਸੇ ਵੱਲ ਉਨ੍ਹਾਂ ਨੇ ਸਭ ਤੋਂ ਵੱਧ ਸਮਾਂ ਲਾਇਆ। ਅਸਲ ਵਿਚ ਗੁਰੂ ਸਾਹਿਬ ਦਾ ਵਿਸ਼ਵਾਸ ਸੀ ਕਿ ਅਧਿਆਤਮਿਕ ਮਾਰਗ ਤੇ ਚਲਣ ਵਾਲੇ ਜ਼ਿੰਦਗੀ ਦੇ ਹਰ ਖੇਤਰ ਵਿਚ ਸਫ਼ਲ ਹੁੰਦੇ ਹਨ; ਉਹ ਜੀਵਨ ਵਿਚ ਆਈਆਂ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਖਿੜੇ ਮੱਥੇ ਸਾਹਮਣਾ ਕਰ ਸਕਦੇ ਹਨ।

ਮੁਹਸਿਨ ਫ਼ਾਨੀ ਅਨੁਸਾਰ ਸਿੱਖ ਗੁਰੂ ਜੀ ਨੂੰ ਅਕਾਲ-ਰੂਪ ਸਮਝ ਕੇ ਹੀ ਪੂਜਦੇ ਸਨ। ਸਿੱਖ ਤਾਂ ਕੀ ਗ਼ੈਰ-ਸਿੱਖ ਵੀ ਗੁਰੂ ਜੀ ਪ੍ਰਤਿ ਅਜਿਹੀ ਭਾਵਨਾ ਰੱਖਦੇ ਸਨ। ਸਾਈਂ ਮੀਆਂ ਮੀਰ ਜੀ, ਜੋ ਖ਼ੁਦ ਉੱਚੇ ਮਰਾਤਬੇ ਵਾਲੇ ਫ਼ਕੀਰ ਸਨ, ਗੁਰੂ ਹਰਿਗੋਬਿੰਦ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ; ਉਨ੍ਹਾਂ ਆਪਣੇ ਸੇਵਕਾਂ ਨੂੰ ਆਖਿਆ ਸੀ 'ਗੁਰੂ ਹਰਿਗੋਬਿੰਦ ਖ਼ੁਦ ਖ਼ੁਦਾ ਦਾ ਰੂਪ ਹੈ।' ਸਾਈਂ ਜੀ ਆਖਦੇ ਸਨ : ਗੁਰੂ ਹਰਿਗੋਬਿੰਦ ਦਾ ਮਨ ਪਵਿੱਤਰ ਹੈ; ਉਨ੍ਹਾਂ ਦੇ ਬਚਨ ਦਿਲ ਤੇ ਅਸਰ ਕਰਦੇ ਹਨ, ਜਿਹੜੇ ਮਨੁੱਖ ਗੁਰੂ ਜੀ ਦੇ ਬਚਨ ਸੁਣਦੇ ਹਨ, ਉਨ੍ਹਾਂ ਦੇ ਸਭ ਸ਼ੰਕੇ ਦੂਰ ਹੋ ਜਾਂਦੇ ਹਨ।

ਮੁਹਸਿਨ ਫ਼ਾਨੀ ਦੇ ਅਨੁਸਾਰ ਈਰਾਨ, ਅਰਬ, ਤੁਰਕਿਸਤਾਨ ਤੇ ਹਿੰਦੁਸਤਾਨ ਦੇ ਹਰੇਕ ਕੋਨੇ ਤੋਂ ਜਗਿਆਸੂ ਤੇ ਰੱਬ ਦੇ ਢੂੰਡਾਊ ਗੁਰੂ ਹਰਿਗੋਬਿੰਦ ਜੀ ਕੋਲੋਂ ਜੀਵਨ-ਦਾਤ ਤੇ ਰੋਸ਼ਨੀ (ਪ੍ਰਭੂ-ਗਿਆਨ ਦਾ ਚਾਨਣ) ਲੈਣ ਆਉਂਦੇ ਸਨ। ਪੀਰ ਫ਼ਜ਼ਲ ਈਰਾਨੀ, ਪੀਰ ਹਸਨ ਅਲੀ ਅਰਬੀ, ਸੱਯਦ ਜਾਨੀ, ਖਵਾਜ਼ਾ ਰੋਸ਼ਨ ਜਮਾਲ ਆਦਿ ਕਿੰਨੇ ਹੀ ਸੱਚ ਦੇ ਢੂੰਡਾਊ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਤੋਂ ਗਿਆਨ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਰੁਸ਼ਨਾਇਆ ਸੀ ਅਤੇ ਪ੍ਰਭੂ-ਦਰ ਦੀ ਸੋਝੀ ਪ੍ਰਾਪਤ ਕੀਤੀ ਸੀ।

ਭਾਈ ਨੰਦ ਲਾਲ ਸਿੰਘ ਜੀ 'ਤੋਸੀਫੋਸਨਾ' ਵਿਚ ਗੁਰੂ ਜੀ ਦੇ ਅਧਿਆਤਮਿਕ ਗੁਣਾਂ ਦਾ ਜ਼ਿਕਰ ਇੰਝ ਕਰਦੇ ਹਨ :

ਗੁਰੂ ਹਰਗੋਬਿੰਦ ਆਂ ਸਰਾ ਪਾ ਕਰਮ।  
ਕਿ ਮਕਬੂਲ ਸ਼ੁਦ ਜ਼ੋ ਸ਼ਕੀ ਵ ਦਯੱਮ। ੮੧।  
ਫ਼ਜ਼ਾਲੋ ਕਰਾਮਸ਼ ਫ਼ਜ਼ੂੰ ਅਜ਼ ਹਿਸਾ।  
ਸਕੋਹਸ਼ ਹਮਾਂ ਫੱਰਾਇ ਕਿਬਰੀਯਾ। ੮੨।  
ਵਜੂਦਸ਼ ਸਰਾ ਪਾ ਕਰਮ ਹਾਇ ਹਕ।  
ਜ਼ਿ ਖ਼ਾਸਾਂ ਰਬਾਇੰਦਹ ਗੋਏ ਸਬਕ। ੮੩।  
ਹਮ ਅਜ਼ ਫ਼ਕਰ ਹਮ ਸਲਤਨਤ ਨਾਮਵਰ।  
ਬਫ਼ਰਮਾਨਿ ਓ ਜ਼ੁਮਲਾ ਜ਼ੇਰੋ ਜ਼ਬਰ। ੮੪।  
ਦੁਆਲਮ ਮੁਨੱਵਰ ਜ਼ਿ ਅਨਵਾਰਿ ਊ।  
ਹਮਾ ਤਿਸ਼ਨਾਇ ਫੈਜ਼ਿ ਦੀਦਾਰਿ ਊ। ੮੫।

ਇਸ ਦਾ ਅਰਥ ਹੈ : ਗੁਰੂ ਹਰਿਗੋਬਿੰਦ ਸਾਹਿਬ ਪੂਰੀ ਤਰ੍ਹਾਂ ਬਖ਼ਸ਼ਿੰਦ ਹਨ। ਵੱਡੇ-ਵੱਡੇ ਪਾਪੀ ਤੇ ਦੁਖੀ ਉਨ੍ਹਾਂ ਦੀ ਮਿਹਰ ਨਾਲ ਤਰ ਗਏ ਹਨ, ਇਸ ਭਵ-ਸਾਗਰ (ਸੰਸਾਰ)

ਤੋਂ ਪਾਰ ਹੋ ਗਏ ਹਨ। ਉਹ ਰੂਹਾਨੀਅਤ ਦੇ ਸੋਮੇ ਹਨ ਅਤੇ ਰੱਬੀ ਰੰਗ ਵਿਚ ਰੰਗੇ ਹੋਏ ਹਨ। ਉਨ੍ਹਾਂ ਉੱਤੇ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਹਨ, ਉਨ੍ਹਾਂ ਦੇ ਰੋਮ-ਰੋਮ ਵਿਚ ਪਰਮਾਤਮਾ ਵਸਿਆ ਹੋਇਆ ਹੈ। ਉਹ ਰਹਿਮਤਾਂ ਦੇ ਭੰਡਾਰ ਹਨ ਅਤੇ ਪ੍ਰਭੂ ਦੀ ਦਰਗਾਹ ਵਿਚ ਉਨ੍ਹਾਂ ਦਾ ਬੜਾ ਮਾਣ ਤੇ ਸਤਿਕਾਰ ਹੈ। ਗੁਰੂ ਹਰਿਗੋਬਿੰਦ ਸਾਹਿਬ ਬਾਦਸ਼ਾਹ ਵੀ ਹਨ ਅਤੇ ਦਰਵੇਸ਼ ਵੀ; ਉਨ੍ਹਾਂ ਦੀ ਵਡਿਆਈ ਲੋਕ-ਪਰਲੋਕ ਵਿਚ ਫੈਲੀ ਹੋਈ ਹੈ। ਉਹ ਦੋ ਜਹਾਨਾਂ ਦੇ ਵਾਲੀ ਹਨ, ਜੋ ਸਭ ਜੀਵਾਂ ਨੂੰ ਰੋਸ਼ਨੀ ਦੇ ਰਹੇ ਹਨ। ਉਨ੍ਹਾਂ ਦੇ ਦਰਸ਼ਨ ਨੂੰ ਸਭ ਲੋਚਦੇ ਹਨ।

### *2. ਗੁਰੂ ਨਾਨਕ ਜੋਤਿ ਦੇ ਧਾਰਨੀ*

ਭਾਈ ਗੁਰਦਾਸ ਜੀ, ਜੋ ਪ੍ਰਬੁੱਧ ਸਿੱਖ ਵਿਦਵਾਨ ਸਨ ਅਤੇ ਜਿਨ੍ਹਾਂ ਨੇ ਤੀਜੀ ਤੋਂ ਛੇਵੀਂ ਪਾਤਸ਼ਾਹੀ ਦੀ ਸੰਗਤ ਦਾ ਆਨੰਦ ਮਾਣਿਆ ਸੀ, ਨੂੰ ਗੁਰੂ ਹਰਿਗੋਬਿੰਦ ਪਾਤਸ਼ਾਹ ਤੇ ਪਹਿਲੇ ਗੁਰੂ ਸਾਹਿਬਾਨ ਵਿਚ ਕੋਈ ਅੰਤਰ ਵਿਖਾਈ ਨਹੀਂ ਸੀ ਦਿੰਦਾ, ਸਗੋਂ ਆਪ ਤਾਂ ਪਹਿਲੇ ਗੁਰੂ ਸਾਹਿਬਾਨ ਦੀ ਲਹਿਰ ਨੂੰ ਅੱਗੇ ਤੋਰਨ ਵਾਲੇ ਜਾਪਦੇ ਹਨ। ਉਨ੍ਹਾਂ ਅੰਦਰ ਗੁਰੂ ਨਾਨਕ ਵਾਲੀ ਜੋਤਿ ਪ੍ਰਤੱਖ ਦਿਖਾਈ ਦਿੰਦੀ ਹੈ। ਗੁਰਤਾ ਦੀ ਪੀੜ੍ਹੀ ਗੁਰੂ ਨਾਨਕ ਸਾਹਿਬ ਤੋਂ ਚੱਲ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਪੁੱਜ ਗਈ। ਗੁਰਿਆਈ ਅਕਾਲ ਪੁਰਖ ਦੀ ਦਾਤ ਹੈ, ਜੋ ਗੁਰੂ ਅਰਜਨ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਪ੍ਰਾਪਤ ਹੋਈ। ਸਾਰੇ ਹੀ ਗੁਰੂਆਂ ਨੇ ਅਕਾਲ ਪੁਰਖ ਨਾਲ ਜੋੜਿਆ ਹੈ :

**ਬਾਬਾਣੀ ਪੀੜੀ ਚਲੀ, ਗੁਰ ਚੇਲੇ ਪਰਚਾ ਪਰਚਾਇਆ।**
**ਗੁਰੁ ਅੰਗਦੁ ਗੁਰੁ ਅੰਗ ਤੇ, ਗੁਰੁ ਚੇਲਾ, ਚੇਲਾ ਗੁਰੁ ਭਾਇਆ।**
**ਅਮਰਦਾਸੁ ਗੁਰ ਅੰਗਦਹੁ, ਸਤਿਗੁਰੁ ਤੇ ਸਤਿਗੁਰੂ ਸਦਾਇਆ।**
**ਗੁਰੁ ਅਮਰਹੁ ਗੁਰੁ ਰਾਮਦਾਸੁ, ਗੁਰ ਸੇਵਾ ਗੁਰੁ ਹੋਇ ਸਮਾਇਆ।**
**ਰਾਮਦਾਸਹੁ ਅਰਜਣੁ ਗੁਰੂ, ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ।**
**ਹਰਿਗੋਵਿੰਦੁ ਗੁਰੁ ਅਰਜਨਹੁੰ, ਆਦਿ ਪੁਰਖੁ ਆਦੇਸੁ ਕਰਾਇਆ।**
**ਸੁਝੈ ਸੁਝ ਨ ਲੁਕੈ ਲੁਕਾਇਆ। ੩੪।** *(ਵਾਰ ੨੬)*

ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਹੀ ਸਪੱਸ਼ਟ ਕਰਦੇ ਹਨ ਕਿ ਪਹਿਲੇ ਸਤਿਗੁਰਾਂ ਨੇ ਰੱਬੀ ਗੁਣਾਂ–ਸਤਿ, ਸੰਤੋਖ, ਦਇਆ, ਧਰਮ, ਧੀਰਜ ਦੇ ਪਿਆਲੇ ਪੀਤੇ ਤੇ ਹੁਣ (ਮੀਰੀ ਪੀਰੀ ਦਾ ਮਾਲਕ) ਛੇਵਾਂ ਭਾਰੀ, ਗੁਰੂ ਗੱਦੀ ਤੇ ਬੈਠਾ ਹੈ। ਗੁਰੂ ਅਰਜਨ ਨੇ ਹੀ ਆਪਣਾ ਸਰੀਰ ਬਦਲ ਕੇ ਗੁਰੂ ਹਰਿਗੋਬਿੰਦ ਸਾਹਿਬ ਦਾ ਰੂਪ ਧਾਰਨ ਕੀਤਾ ਹੈ। ਇਹ ਸੂਰਮਾ ਗੁਰੂ ਧਰਮ-ਵੈਰੀਆਂ ਦੇ ਦਲਾਂ ਨੂੰ ਤੋੜਨ ਵਾਲਾ ਅਤੇ ਵੱਡਾ ਪਰਉਪਕਾਰੀ ਹੈ (ਭਾਵ, ਗੁਰੂ ਦੇ ਜੰਗ-ਯੁੱਧ ਵੀ ਪਰਉਪਕਾਰ ਲਈ ਹਨ) :

**ਪੰਜਿ ਪਿਆਲੇ ਪੰਜ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨ ਕਾਇਆ ਪਲਟਿ ਕੈ, ਮੂਰਤਿ ਹਰਗੋਬਿੰਦ ਸਵਾਰੀ।**
**ਚਲੀ ਪੀੜੀ ਸੋਢੀਆਂ, ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲ ਭੰਜਨੁ ਗੁਰੁ ਸੂਰਮਾ, ਵਡ ਯੋਧਾ ਬਹੁ ਪਰਉਪਕਾਰੀ।**

*(ਵਾਰ ੧, ਪਉੜੀ ੪੮)*

ਭਾਈ ਗੁਰਦਾਸ ਜੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਬਿਆਨ ਕਰਦਿਆਂ ਹੋਇਆਂ ਇਹ ਆਖਦੇ ਹਨ ਕਿ ਉਹ 'ਅਤੁਲ' ਹਨ; ਭਾਵ ਕਿ ਉਨ੍ਹਾਂ ਦੀ ਉੱਚਤਾ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਪੰਜੇ ਹੀ ਗੁਰੂ (ਬਾਣੀ ਦੇ ਰੂਪ ਵਿਚ) ਉਨ੍ਹਾਂ ਦੇ ਸਹਾਇਕ ਹਨ, ਉਹ ਧਾਰਮਿਕਤਾ ਅਤੇ ਸੰਸਾਰਿਕਤਾ ਦੇ ਖੇਤਰ ਦੇ ਬਾਦਸ਼ਾਹ ਹਨ, ਅਗਵਾਈ ਕਰਨ ਵਾਲੇ ਹਨ; ਆਤਮਿਕ ਗੁਣਾਂ ਦੇ ਪੰਜ-ਪਿਆਲੇ ਪੀ ਕੇ ਵੀ ਉਹ ਉੱਚੀ ਆਤਮਿਕ ਅਵਸਥਾ ਦਾ ਪ੍ਰਗਟਾਵਾ ਨਹੀਂ ਕਰਦੇ—ਉਨ੍ਹਾਂ ਨੇ 'ਅਜਰ' ਨੂੰ 'ਜਰ' ਲਿਆ ਹੈ। ਉਹ ਸਹਿਜ ਵਿਚ ਵਿਚਰਦੇ ਹਨ, ਛੇ ਦਰਸ਼ਨਾਂ (6 ਸ਼ਾਸਤਰਾਂ ਨੂੰ ਮੰਨਣ ਵਾਲੇ) ਉਨ੍ਹਾਂ ਦੇ ਗੁਲਾਮ ਬਣ ਗਏ ਹਨ; ਜਤੀ, ਸਤੀ, ਸਿੱਧ, ਨਾਥ ਆਦਿ ਉਨ੍ਹਾਂ ਦੇ ਸਾਹਵੇਂ ਹੌਲੇ ਪੈ ਗਏ ਹਨ। ਉਹ ਪ੍ਰਭੂ ਅਤੇ ਮਨੁੱਖਾਂ/ਭਗਤਾਂ ਦੇ ਵਿਚਕਾਰ ਸਾਂਝ ਪਾਉਣ ਵਾਲੇ ਵਿਚੋਲੇ ਹਨ, ਮਨੁੱਖਾਂ ਨੂੰ ਪ੍ਰਭੂ ਨਾਲ ਜੋੜਦੇ ਹਨ। ਉਹ ਅੰਤਰਜਾਮੀ ਹੋ ਕੇ ਵੀ 'ਬਾਲਾ-ਭੋਲਾ' ਬਣੇ ਰਹਿੰਦੇ ਹਨ :

**ਦਸਤਗੀਰ ਹੁਇ ਪੰਜ ਪੀਰ, ਹਰਿ ਗੁਰੁ ਹਰਿਗੋਬਿੰਦ ਅਤੋਲਾ।**
**ਦੀਨ ਦੁਨੀ ਦਾ ਪਾਤਸਾਹ, ਪਾਤਸਾਹਾਂ ਪਾਤਸਾਹ ਅਡੋਲਾ।**
**ਪੰਜ ਪਿਆਲੇ ਅਜਰੁ ਜਰਿ, ਹੁਇ ਮਸਤਾਨ ਸੁਜਾਣ ਵਿਚੋਲਾ।**
**ਤੁਰੀਆ ਚੜ੍ਹਿ ਜਿਣਿ ਪਰਮ ਤਤੁ, ਛੇ ਵਰਤਾਰੇ ਕੋਲੋ ਕੋਲਾ।**
**ਛਿਅ ਦਰਸਨ ਛਿਅ ਪੀੜ੍ਹੀਆਂ, ਇਕਸੁ ਦਰਸਨੁ ਅੰਦਰਿ ਗੋਲਾ।**
**ਜਤੀ ਸਤੀ ਸੰਤੋਖੀਆ, ਸਿਧ ਨਾਥ ਅਵਤਾਰ ਵਿਰੋਲਾ।**
**ਗਿਆਰਹ ਰੁਦ੍ਰ ਸਮੁੰਦ੍ਰ ਵਿਚਿ, ਮਰਿ ਜੀਵੇ ਤਿਸੁ ਰਤਨ ਅਮੋਲਾ।**
**ਬਾਰਹ ਸੋਲਾ ਮੇਲ ਕਰਿ, ਵੀਹ ਇਕੀਹ ਚੜ੍ਹਾਉ ਹਿੰਡੋਲਾ।**
**ਅੰਤਰਜਾਮੀ ਬਾਲਾ ਭੋਲਾ। ੩।** *(ਵਾਰ ੩੯)*

ਮੁਹਸਿਨ ਫ਼ਾਨੀ ਵੀ ਇਹ ਲਿਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪੱਤਰਾਂ ਵਿਚ ਆਪਣੇ ਲਈ 'ਨਾਨਕ' ਸ਼ਬਦ ਵਰਤਦੇ ਹਨ।

### *3. ਗੁਰਸਿੱਖਾਂ ਨਾਲ ਪਿਆਰ*

ਵੱਡੀ ਤੋਂ ਵੱਡੀ ਰਾਜਨੀਤਿਕ ਤਾਕਤ ਦੀ ਪ੍ਰਵਾਹ ਨਾ ਕਰਨ ਵਾਲੇ ਗੁਰੂ ਜੀ ਆਪਣੇ ਸਿੱਖਾਂ ਦੇ ਮਨੋ-ਭਾਵਾਂ, ਵਿਚਾਰਾਂ ਤੇ ਇੱਛਾਵਾਂ ਦਾ ਪੂਰਾ-ਪੂਰਾ ਧਿਆਨ ਰੱਖਦੇ ਸਨ ਤੇ ਕਦਰ ਕਰਦੇ ਸਨ।

ਆਪ ਕਸ਼ਮੀਰ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਅਤੇ ਗਿਲ੍ਹਟੀ-ਤਾਪ ਦੀ ਮਾਰ ਹੇਠ ਆਏ ਲੋਕਾਂ ਦੀ ਸਹਾਇਤਾ ਕਰਨ ਲਈ ਗਏ ਸਨ। ਸ੍ਰੀਨਗਰ ਵਿਖੇ ਸਿੱਖ ਸਾਂਈ ਦਾਸ ਦੀ ਮਾਤਾ ਭਾਗਭਰੀ ਗੁਰੂ ਜੀ ਦੇ ਚਰਨਾਂ ਦੀ ਆਸ ਲਾਈ ਬੈਠੀ ਸੀ। ਗੁਰੂ ਜੀ ਲਈ ਖੱਦਰ ਦਾ ਕੁੜਤਾ ਉਸ ਨੇ ਆਪਣੇ ਹੱਥੀਂ ਸੂਤਰ ਕੱਤ ਕੇ ਬਣਾਇਆ ਸੀ। ਰੋਜ਼ ਅਰਦਾਸਾਂ ਕਰਦੀ ਸੀ—ਪਾਤਸ਼ਾਹ ਮੈਂ ਗਰੀਬਣੀ ਬਿਰਧ ਹਾਂ, ਅੰਮ੍ਰਿਤਸਰ ਨਹੀਂ ਪੁੱਜ ਸਕਦੀ। ਮੇਰੀ ਗਰੀਬਣੀ ਦਾ ਇਹ ਕੁੜਤਾ ਕਬੂਲ ਕਰ। ਵੇਖੀਂ, ਕਿਤੇ ਮੇਰੀ ਇਹ ਆਸ ਮੇਰੇ ਮਨ ਵਿਚ ਨਾ ਰਹਿ ਜਾਵੇ।

ਗੁਰੂ ਜੀ ਸ੍ਰੀਨਗਰ ਮਾਤਾ ਭਾਗਭਰੀ ਦੇ ਘਰ ਪੁੱਜੇ। ਖੱਦਰ ਦਾ ਕੁੜਤਾ ਆਪ ਮੰਗ ਕੇ ਪਹਿਨਿਆ। ਸਾਈਂ ਦਾਸ ਤੇ ਉਸਦੀ ਮਾਤਾ ਦੀ ਖੁਸ਼ੀ ਬਿਆਨ ਨਹੀਂ ਸੀ ਕੀਤੀ ਜਾ ਸਕਦੀ। ਕਿਥੇ ਇਕ ਗਰੀਬ ਸਿੱਖ ਦਾ ਖੱਦਰ ਦਾ ਕੁੜਤਾ ਤੇ ਕਿਥੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ!

ਇਸੇ ਤਰ੍ਹਾਂ ਗਰਮੀਆਂ ਦੀ ਰੁੱਤੇ, ਡਰੋਲੀ ਤੋਂ 25-30 ਮੀਲਾਂ ਦੀ ਦੂਰੀ 'ਤੇ ਸਿਖਰ ਦੁਪਹਿਰੇ ਪਹੁੰਚ ਗਏ ਜਿਥੇ ਜੰਗਲ ਵਿਚ ਭਾਈ ਸਾਧੂ ਤੇ ਭਾਈ ਰੂਪੇ ਨੇ ਯਾਦ ਕੀਤਾ ਸੀ। ਦੋਹਾਂ ਪਿਉ-ਪੁੱਤਰਾਂ ਦੀ ਇਹ ਇੱਛਾ ਸੀ ਕਿ ਸਤਿਗੁਰੂ ਜੀ ਉਨ੍ਹਾਂ ਕੋਲ ਆ ਕੇ ਠੰਢਾ ਪਾਣੀ ਪੀਣ। ਗੁਰਸਿੱਖ ਅਜਿਹੇ ਸਤਿਗੁਰੂ ਤੋਂ ਕਿਉਂ ਨਾ ਬਲਿਹਾਰੇ ਜਾਂਦੇ?

ਗੁਰੂ ਜੀ ਲਈ ਭੇਟਾ ਲਿਆਂਦੇ ਸ਼ਹਿਦ ਵਿਚੋਂ ਜਦ ਭਾਈ ਕੱਟੂ ਨੂੰ ਸ਼ਹਿਦ ਨਹੀਂ ਦਿੱਤਾ ਗਿਆ ਤਾਂ, ਤਾਂ ਆਪ ਨੇ ਨਰਾਜ਼ਗੀ ਪ੍ਰਗਟ ਕੀਤੀ ਸੀ ਤੇ ਕਿਹਾ ਸੀ ਕਿ ਸਿੱਖ ਦੇ ਮੂੰਹ ਨੂੰ ਹੀ ਗੁਰੂ ਦੀ ਗੋਲਕ ਸਮਝਣਾ ਹੈ।

ਆਗਰੇ ਦੇ ਨੇੜੇ ਇਕ ਗਰੀਬ ਘਾਹੀ ਸਿੱਖ ਕੋਲੋਂ ਇਕ ਟਕਾ ਤੇ ਘਾਹ ਦੀ ਪੰਡ ਦੀ ਭੇਟਾ ਸਵੀਕਾਰ ਕਰਕੇ ਅਪਾਰ ਪ੍ਰਸੰਨਤਾ ਪ੍ਰਗਟ ਕੀਤੀ ਤੇ ਸਿੱਖ 'ਤੇ ਬਖ਼ਸ਼ਿਸ਼ਾਂ ਕੀਤੀਆਂ।

ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਵਰਗੇ ਬ੍ਰਹਮਗਿਆਨੀ, ਕਿਰਤੀ ਤੇ ਪ੍ਰਚਾਰ ਦੀ ਸੇਵਾ ਨਿਭਾਉਣ ਵਾਲੇ ਸਿੱਖਾਂ ਨਾਲ ਜਿਥੇ ਪਿਆਰ ਕਰਦੇ ਸਨ, ਉਥੇ ਉਨ੍ਹਾਂ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਰੱਖਦੇ ਸਨ। ਦੋਹਾਂ ਦੇ ਅਖੀਰਲੇ ਸਮੇਂ, ਬੇਨਤੀ ਪੁੱਜਣ ਤੇ ਦਰਸ਼ਨ ਦੇਣ ਗਏ ਸਨ ਤੇ ਉਨ੍ਹਾਂ ਦਾ ਹੱਥੀਂ ਸਸਕਾਰ ਕੀਤਾ ਸੀ।

ਇਹ ਗੁਰੂ ਜੀ ਦਾ ਪਿਆਰ ਹੀ ਸੀ ਜਿਸ ਕਰਕੇ ਸਿੱਖ ਹਰ ਸਮੇਂ ਉਨ੍ਹਾਂ ਤੋਂ ਜਿੰਦ ਵਾਰਨ ਲਈ ਤਿਆਰ ਰਹਿੰਦੇ ਸਨ।

### *4. ਨਿਮਾਣਿਆਂ ਦੇ ਮਾਣ*

ਸਤਿਗੁਰੂ ਜੀ ਦਾ ਕੋਮਲ ਹਿਰਦਾ ਤਨ, ਮਨ ਅਤੇ ਧਨ ਦੁਆਰਾ ਨਿਮਾਣਿਆਂ, ਨਿਆਸਰਿਆਂ ਤੇ ਲੋੜਵੰਦਾਂ ਦੀ ਸੇਵਾ ਕਰਦਾ ਰਿਹਾ। ਜਦ ਕਸ਼ਮੀਰ ਵਿਚ ਗਿਲ੍ਹਟੀ-ਤਾਪ ਦਾ ਭਿਆਨਕ ਰੋਗ ਫੈਲਿਆ ਤਾਂ ਆਪ ਉਚੇਚੇ ਤੌਰ ਤੇ ਉਥੇ ਪੁੱਜੇ। ਬਿਨਾਂ ਕਿਸੇ ਭੇਦ-ਭਾਵ ਦੇ ਪੀੜਤਾਂ ਕੋਲ ਜਾ ਕੇ ਉਨ੍ਹਾਂ ਦਾ ਹਾਲ ਪੁੱਛਿਆ, ਉਨ੍ਹਾਂ ਦੇ ਦਰਦ ਨੂੰ ਵੰਡਾਇਆ; ਦਵਾਈ ਤੋਂ ਇਲਾਵਾ ਮਾਇਆ ਨਾਲ ਸੇਵਾ ਵੀ ਕੀਤੀ। ਲਾਹੌਰ ਦੇ ਕਾਜ਼ੀ ਦੀ ਕਨੀਜ਼ ਬੀਬੀ ਕੌਲਾਂ ਜਿਹੀ ਦੁਖਿਆਰੀ ਅਬਲਾ ਨੂੰ ਪਨਾਹ ਦਿੱਤੀ। ਇਹ ਠੀਕ ਹੈ ਕਿ ਉਸ ਨੇ ਸਿੱਖੀ ਧਾਰਨ ਕੀਤੀ ਸੀ, ਫਿਰ ਵੀ ਗੁਰੂ-ਦੋਖੀਆਂ ਦੁਆਰਾ ਇਸ ਨੂੰ ਗ਼ਲਤ ਰੰਗਣ ਵਿਚ ਪ੍ਰਚਾਰਿਆ ਜਾ ਸਕਦਾ ਸੀ, ਪਰ ਆਪ ਨੇ ਕੋਈ ਪ੍ਰਵਾਹ ਨਾ ਕੀਤੀ। ਉਸ ਦੇ ਸਿੱਖੀ ਸਿਦਕ ਨੂੰ ਵੇਖਦਿਆਂ ਹੋਇਆਂ 'ਕੌਲਸਰ' ਬਣਾ ਕੇ, ਉਸ ਨੂੰ ਸਦਾ ਲਈ ਅਮਰ ਕਰ ਦਿੱਤਾ।

ਜਦੋਂ ਸਤਿਗੁਰੂ ਜੀ ਪਿੰਡ ਮਾੜੀ ਗਏ ਤਾਂ ਅਮੀਰ ਭੁੱਲਰਾਂ ਪਾਸ ਨਾ ਠਹਿਰੇ, ਸਗੋਂ ਭਾਈ ਮੇਹਰਾਜ ਦੇ ਪੁੱਤਰਾਂ ਪਾਸ ਠਹਿਰੇ, ਜਿਨ੍ਹਾਂ ਨੂੰ ਭੁੱਲਰਾਂ ਨੇ ਕੰਗਾਲ ਬਣਾ ਦਿੱਤਾ ਸੀ। ਜਦ ਭੁੱਲਰਾਂ ਨੇ ਮੇਹਰਾਜਕਿਆਂ ਦੀ ਜ਼ਮੀਨ ਵਾਪਸ ਨਾ ਕੀਤੀ ਤਾਂ ਭੁੱਲਰਾਂ ਤੋਂ ਜ਼ੋਰ ਨਾਲ ਜ਼ਮੀਨ ਲੈ ਕੇ ਨਗਰ ਮੇਹਰਾਜ ਵਸਾ ਦਿੱਤਾ। ਭਾਈ ਕਾਲੇ ਦੇ ਭਤੀਜਿਆਂ ਫੂਲ ਤੇ ਸੰਦਲੀ

ਨੇ ਜਦ ਢਿੱਡ ਵਜਾ ਕੇ ਭੁੱਖ ਦਾ ਦੁੱਖ ਦੱਸਿਆ ਤਾਂ ਮਿਹਰਾਂ ਦੇ ਘਰ ਵਿਚ ਆ ਕੇ ਉਨ੍ਹਾਂ ਨੂੰ ਪਾਤਸ਼ਾਹ ਹੋਣ ਦੀ ਆਸ਼ੀਰਵਾਦ ਦਿੱਤੀ। ਭਾਈ ਰੂਪੇ ਦੇ ਨਾਮ ਤੇ ਪਿੰਡ ਵਸਾ ਕੇ ਵੀ ਗਰੀਬ ਕਿਰਤੀਆਂ ਨੂੰ ਮਾਣ ਬਖ਼ਸ਼ਿਆ ਸੀ।

ਗਵਾਲੀਅਰ ਦੇ ਕਿਲ੍ਹੇ ਵਿਚ ਪਹਾੜੀ ਰਾਜਿਆਂ ਨੂੰ ਜ਼ਿੱਲਤ ਭਰੀ ਜ਼ਿੰਦਗੀ ਜਿਉਂਦਿਆਂ ਵੇਖ ਕੇ ਆਪ ਨੂੰ ਦਇਆ ਆ ਗਈ। ਉਨ੍ਹਾ ਚਿਰ ਕਿਲ੍ਹੇ ਤੋਂ ਬਾਹਰ ਨਾ ਆਏ, ਜਿੰਨਾ ਚਿਰ ਤੱਕ 'ਰਾਜਿਆਂ' ਨੂੰ ਰਿਹਾਅ ਨਾ ਕਰਵਾ ਲਿਆ। ਜੇ ਆਪ ਮਿਹਰ ਨਾ ਕਰਦੇ ਤਾਂ 'ਰਾਜਿਆਂ' ਨੇ ਕਿਲ੍ਹੇ ਅੰਦਰ ਹੀ ਮਰ-ਮੁੱਕ ਜਾਣਾ ਸੀ।

## *5. ਭਗਤੀ ਤੇ ਸ਼ਕਤੀ ਦੇ ਸੁਮੇਲ ਨੂੰ ਪ੍ਰਗਟ ਕਰਨ ਵਾਲੇ*

ਗੁਰੂ ਨਾਨਕ ਵਿਚਾਰਧਾਰਾ ਵਿਚ 'ਭਗਤੀ' ਦੇ ਆਪਣੇ ਹੀ ਅਰਥ ਹਨ। ਸੰਸਾਰਕ ਕੰਮ-ਕਾਜ ਤਿਆਗ ਕੇ, ਕਿਸੇ ਜੰਗਲ, ਪਰਬਤ ਜਾਂ ਤੀਰਥ ਅਸਥਾਨ ਤੇ ਜਾ ਵਸਣ ਤੇ ਉਥੇ ਜਾ ਕੇ ਕਿਸੇ ਸ਼ਬਦ ਦੇ ਰਟਨ ਨੂੰ ਭਗਤੀ ਨਹੀਂ ਕਿਹਾ ਗਿਆ, ਸਗੋਂ ਪ੍ਰਭੂ ਦੇ ਗੁਣ ਗਾ-ਗਾ ਕੇ, ਉਨ੍ਹਾਂ ਨੂੰ ਮਨ ਵਿਚ ਵਸਾ ਕੇ ਪ੍ਰਭੂ ਨਾਲ ਜੁੜ ਕੇ ਜੀਵਨ ਬਸਰ ਕਰਨ ਨੂੰ ਭਗਤੀ ਕਿਹਾ। ਭਗਤੀ ਦਾ ਨਿਸ਼ਾਨਾ **'ਹਰਿ ਜਨੁ ਐਸਾ ਚਾਹੀਐ, ਜੈਸਾ ਹਰਿ ਹੀ ਹੋਇ।'** ਰੱਖਿਆ। ਗੁਰਬਾਣੀ ਵਿਚ ਹਰੀ ਨੂੰ ਜਿਥੇ ਸਰਬ ਵਿਆਪਕ, ਸਦੀਵੀ ਹੋਂਦ ਵਾਲਾ, ਕਰਤਾ-ਹਰਤਾ, ਨਿਰਭਉ-ਨਿਰਵੈਰ, ਅਜੂਨੀ, ਕ੍ਰਿਪਾਲੂ, ਦਇਆਲੂ, ਭਗਤ-ਵਛਲ, ਭਲੇ ਮਨੁੱਖਾਂ ਦੀ ਸਹਾਇਤਾ ਤੇ ਰੱਖਿਆ ਕਰਨ ਵਾਲਾ ਮੰਨਿਆ ਗਿਆ ਹੈ; ਉਥੇ ਪਾਪੀਆਂ ਨੂੰ ਦੰਡ ਦੇਣ ਵਾਲਾ, ਦੁਸ਼ਟਾਂ ਦਾ ਸੰਘਾਰਕ ਤੇ ਸਚਿਆਰ-ਪੁਰਸ਼ਾਂ ਦੀ ਜੈ-ਜੈ ਕਾਰ ਕਰਾਉਣ ਵਾਲਾ ਵੀ ਮੰਨਿਆ ਹੈ। ਪ੍ਰਭੂ-ਭਗਤਾਂ ਅੰਦਰ ਵੀ ਇਹ ਗੁਣ ਆਉਣੇ ਜ਼ਰੂਰੀ ਹਨ। ਦੁਸ਼ਟਾਂ ਤੇ ਪਾਪੀਆਂ ਨੂੰ ਦੰਡ ਦੇਣ ਲਈ 'ਸ਼ਕਤੀ' ਅਥਵਾ ਹਥਿਆਰਾਂ ਦੀ ਲੋੜ ਪੈਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਬਾਬਰ ਦੇ ਹਮਲੇ ਸਮੇਂ ਆਪਣੀ ਦੁਰਗਤ ਕਰਵਾ ਚੁੱਕੇ ਪਠਾਣਾਂ ਨੂੰ ਇਹ ਇਹੀ ਗੱਲ ਦੱਸੀ ਸੀ ਕਿ ਜਦੋਂ ਹਥਿਆਰਾਂ ਦੇ ਅਭਿਆਸ ਕਰਨ ਦੀ ਲੋੜ ਸੀ, ਉਦੋਂ ਤਾਂ ਰੰਗ-ਰਲੀਆਂ ਮਾਣਨ ਵਿਚ ਰੁੱਝੇ ਰਹੇ, ਹੁਣ ਪੀਰ-ਫ਼ਕੀਰਾਂ ਦੀਆਂ ਫੇਰੀਆਂ ਤਸਬੀਆਂ ਜਾਂ ਕੀਤੇ ਪਾਠ ਕੁਝ ਨਹੀਂ ਸੰਵਾਰ ਸਕਦੇ। ਇਸ ਤਰ੍ਹਾਂ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਸਿਧਾਂਤ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਬਣਾ ਦਿੱਤਾ ਸੀ, ਪਰ ਇਸ ਨੂੰ ਵਿਹਾਰਕ ਸ਼ਕਲ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਹੀ ਦਿਤੀ। ਇਸੇ ਗੱਲ ਨੂੰ ਗੋਕਲ ਚੰਦ ਨਾਰੰਗ ਨੇ ਕੁਝ ਇਸ ਤਰ੍ਹਾਂ ਕਿਹਾ ਸੀ—'ਜਿਸ ਤੇਗ ਨੇ ਖ਼ਾਲਸੇ ਦੀ ਸ਼ਾਨ ਫੈਲਾਈ, ਇਹ ਠੀਕ ਹੈ ਕਿ ਉਸ ਨੂੰ ਤਿਆਰ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ, ਪਰ (ਉਸ ਲਈ) ਫੌਲਾਦ ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ।'

ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ, ਅਕਾਲ ਤਖ਼ਤ ਸਾਹਿਬ ਦੀ ਰਚਨਾ ਕਰਕੇ ਅਤੇ ਉਸ ਦੇ ਅੱਗੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਦੋ ਨਿਸ਼ਾਨ ਸਾਹਿਬ ਲਹਿਰਾ ਕੇ, ਫ਼ੌਜ ਤਿਆਰ ਕਰਕੇ, ਭਗਤੀ ਤੇ ਸ਼ਕਤੀ ਦੇ ਸਿਧਾਂਤ ਨੂੰ ਪ੍ਰਗਟ ਕਰ ਦਿੱਤਾ।

ਅਸਲ ਵਿਚ ਸਿੱਖ ਲਹਿਰ ਉਸ ਪੜਾਅ 'ਤੇ ਪਹੁੰਚ ਗਈ ਸੀ, ਜਿਥੇ ਉਸ (ਲਹਿਰ)

ਨੂੰ ਬਚਾਉਣ ਲਈ ਹਥਿਆਰਬੰਦ ਸੰਘਰਸ਼ ਨੂੰ ਟਾਲਣਾ ਅਸੰਭਵ ਹੋ ਗਿਆ ਸੀ। ਇਹ ਗੱਲ ਗੁਰੂ ਅਰਜਨ ਦੇਵ ਜੀ ਦੇ ਵੇਲੇ ਹਰੇਕ ਸੂਝਵਾਨ ਨੂੰ ਸਮਝ ਆ ਗਈ ਸੀ। ਸੋ, ਸਮੇਂ ਦੀ ਲੋੜ ਨੂੰ ਸਮਝਦਿਆਂ ਹੋਇਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਵਾਲੇ ਭਗਤੀ ਤੇ ਸ਼ਕਤੀ ਦੇ ਸੁਮੇਲ ਦੇ ਸਿਧਾਂਤ ਨੂੰ ਵਿਹਾਰਕ ਤੌਰ ਤੇ ਅਪਣਾ ਲਿਆ।

### *6. ਕੌਮੀ ਸੰਗਠਨ ਨੂੰ ਮਜ਼ਬੂਤ ਕਰਨ ਵਾਲੇ*

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਇਹ ਡਰ ਪੈਦਾ ਕਰ ਦਿੱਤਾ ਸੀ ਕਿ ਕਿਧਰੇ ਸਿੱਖ ਸੰਗਠਨ ਕਮਜ਼ੋਰ ਨਾ ਹੋ ਜਾਵੇ; ਕਿਧਰੇ ਕੌਮ ਖੇਰੂੰ-ਖੇਰੂੰ ਨਾ ਹੋ ਜਾਵੇ। ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਅਜਿਹੇ ਕਾਰਜ ਆਰੰਭ ਕਰ ਦਿੱਤੇ ਕਿ ਕੌਮ ਵਿਚ ਢਹਿੰਦੀ ਕਲਾ ਆ ਹੀ ਨਾ ਸਕੀ। ਅੰਮ੍ਰਿਤਸਰ ਵਿਚ ਉਨ੍ਹਾਂ ਦਾ ਨਿੱਤ ਦਾ ਪ੍ਰੋਗਰਾਮ ਹੀ ਐਸਾ ਸੀ ਕਿ ਸਿੱਖ ਬੀਤ ਚੁੱਕੇ ਸਮੇਂ ਨੂੰ ਭੁੱਲ ਕੇ ਆਉਣ ਵਾਲੇ ਸਮੇਂ ਵਿਚ ਚੜ੍ਹਦੀ ਕਲਾ ਵਿਚ ਰਹਿਣ ਦੇ ਯਤਨਾਂ ਵਿਚ ਜੁਟ ਗਏ। ਗੁਰੂ ਸਾਹਿਬ ਨੂੰ ਜਦੋਂ ਥੋੜ੍ਹਾ ਜਿੰਨਾ ਸਮਾਂ ਵੀ ਮਿਲਿਆ ਉਹ ਕੌਮ ਵਿਚ ਚੇਤਨਾ ਭਰਨ ਲਈ ਨੇੜੇ-ਤੇੜੇ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਗਏ। ਉਨ੍ਹਾਂ ਭਗਤੀ ਦੇ ਨਾਲ ਸ਼ਕਤੀ ਦੀ ਲੋੜ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਵਿਚ ਪ੍ਰਚਾਰਕ ਭੇਜੇ। ਮਸੰਦ ਤਾਂ ਪਹਿਲਾਂ ਹੀ ਗੁਰ-ਹੁਕਮਾਂ ਨੂੰ ਸੰਗਤਾਂ ਵਿਚ ਫੈਲਾਅ ਰਹੇ ਸਨ। ਗੁਰੂ ਸਾਹਿਬ ਨੇ ਰਾਜਨੀਤਕ ਸਥਿਤੀ 'ਤੇ ਵੀ ਤਿੱਖੀ ਨਜ਼ਰ ਰੱਖੀ ਅਤੇ ਪ੍ਰਸਥਿਤੀਆਂ ਅਨੁਸਾਰ ਕਦਮ ਚੁੱਕਦੇ ਰਹੇ। ਉਨ੍ਹਾਂ ਦੇ ਸਮੁੱਚੇ ਯਤਨਾਂ ਸਦਕਾ ਉਤਸ਼ਾਹੀ, ਸਿਦਕੀ ਤੇ ਸੱਚ ਲਈ ਮਰ ਮਿਟਣ ਵਾਲਿਆਂ ਦੀ ਜਮਾਤ ਮਜ਼ਬੂਤ ਹੋ ਗਈ। ਜੰਗਾਂ-ਯੁੱਧਾਂ ਵਿਚ ਜਿੱਤਾਂ ਪ੍ਰਾਪਤ ਕਰਕੇ ਉਨ੍ਹਾਂ ਨੇ ਸਿੱਖਾਂ ਦੇ ਮਨਾਂ ਵਿਚੋਂ ਰਾਜਨੀਤਕ ਡਰ ਉੱਕਾ ਹੀ ਖ਼ਤਮ ਕਰ ਦਿੱਤਾ।

### *7. ਪ੍ਰਚਾਰ-ਪ੍ਰਬੰਧ*

ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਚਾਰ ਲਈ ਸਭ ਪ੍ਰਾਪਤ ਸਾਧਨਾਂ ਨੂੰ ਵਰਤਿਆ। ਉਨ੍ਹਾਂ ਆਪ ਪ੍ਰਚਾਰ ਲਈ ਪੰਜਾਬ ਵਿਚ ਤੇ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਧਰਮ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ, ਪ੍ਰਚਾਰਕ ਨਿਯੁਕਤ ਕੀਤੇ, ਨਵੇਂ ਪ੍ਰਚਾਰ ਕੇਂਦਰ ਸਥਾਪਤ ਕੀਤੇ, ਮਸੰਦ-ਸਿਸਟਮ ਨੂੰ ਮਜ਼ਬੂਤ ਕੀਤਾ, ਉਦਾਸੀ ਸਾਧੂਆਂ ਨੂੰ ਸਿੱਖੀ ਦੇ ਪ੍ਰਚਾਰ ਵਿਚ ਲਾ ਦਿੱਤਾ ਤੇ ਸਿੱਖ ਵਿਉਪਾਰੀਆਂ ਰਾਹੀਂ ਵੀ ਸਿੱਖੀ ਦਾ ਸੁਨੇਹਾ ਦੂਰ-ਦੂਰ ਤੱਕ ਪਹੁੰਚਾਇਆ।

ਗੁਰੂ ਸਾਹਿਬ ਮਾਝੇ, ਮਾਲਵੇ, ਦੁਆਬੇ ਤੋਂ ਸਿਵਾ, ਪੱਛਮੀ ਪੰਜਾਬ (ਪਾਕਿਸਤਾਨ ਵਿਚਲਾ ਪੰਜਾਬ) ਕਸ਼ਮੀਰ, ਉੱਤਰ ਪ੍ਰਦੇਸ਼ ਅਤੇ ਕੁਰੂਕਸ਼ੇਤਰ ਵਿਚ ਧਰਮ ਪ੍ਰਚਾਰ ਕਰਨ ਗਏ।

ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਸਿੱਖੀ ਦੀ ਮੁੱਖ ਧਾਰਾ ਵਿਚ ਲਿਆਉਣਾ, ਗੁਰੂ ਸਾਹਿਬ ਦਾ ਇਕ ਬਹੁਤ ਵੱਡਾ ਕਾਰਜ ਹੈ। ਆਪ ਨੇ ਬਾਬਾ ਗੁਰਦਿੱਤਾ ਜੀ ਨੂੰ ਸਿੱਖ ਧਰਮ ਦੇ ਪ੍ਰਚਾਰ ਲਈ ਬਾਬਾ ਸ੍ਰੀ ਚੰਦ ਜੀ ਨੂੰ ਸੌਂਪ ਦਿੱਤਾ। ਇਸ ਤਰ੍ਹਾਂ ਉਦਾਸੀ ਸੰਪ੍ਰਦਾ ਧਰਮ ਪ੍ਰਚਾਰ ਵਿਚ ਜੁੱਟ ਗਈ, ਜਿਹੜੀ ਕਿ ਪਹਿਲਾਂ ਸਿੱਖੀ ਦੀ ਮੁੱਖ ਧਾਰਾ ਤੋਂ ਕੁਝ ਦੂਰੀ ਰੱਖ ਕੇ ਚੱਲ ਰਹੀ ਸੀ। ਬਾਬਾ ਗੁਰਦਿੱਤਾ ਜੀ ਨੇ ਸੈਂਕੜੇ ਉਦਾਸੀਆਂ ਨੂੰ ਤਾਂ ਪ੍ਰਚਾਰ ਵਿਚ ਲਾਇਆ ਹੀ; ਉਸਦੇ ਨਾਲ ਧਰਮ ਪ੍ਰਚਾਰ ਦੇ ਚਾਰ ਵੱਡੇ

ਕੇਂਦਰ-ਧੂਣੇ—ਸਥਾਪਿਤ ਕੀਤੇ ਜਿਨ੍ਹਾਂ ਦੇ ਮੁਖੀ ਭਾਈ ਅਲਮਸਤ, ਭਾਈ ਬਾਲੂ ਹਸਨਾ, ਭਾਈ ਗੋਂਦਾ ਤੇ ਭਾਈ ਫੂਲ ਸ਼ਾਹ ਨੂੰ ਥਾਪਿਆ।

ਭਾਈ ਗੁਰਦਾਸ ਜੀ ਨੇ ਪੂਰਬੀ ਭਾਰਤ ਵਿਚ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਭਾਇਆ। ਮਗਰੋਂ ਉਨ੍ਹਾਂ ਇਲਾਕਿਆਂ ਵਿਚ ਹੀ ਭਾਈ ਸੁੰਦਰ ਸ਼ਾਹ ਅਤੇ ਭਾਈ ਬਿਧੀ ਚੰਦ ਜੀ ਨੇ ਸੇਵਾ ਨਿਭਾਈ। ਭਾਈ ਅਲਮਸਤ ਤੇ ਭਾਈ ਨੱਥਾ ਜੀ ਨੇ ਨਾਨਕ ਮਤੇ ਨੂੰ ਕੇਂਦਰ ਬਣਾ ਕੇ ਉੜੀਸਾ ਤੇ ਬੰਗਾਲ ਵਿਚ ਪ੍ਰਚਾਰ ਕੀਤਾ। ਕਾਬਲ ਵਿਚ ਤਿਲੋਕਾ, ਭਾਈ ਕਟਾਰੂ ਤੇ ਬਲਖ ਵਿਚ ਭਾਈ ਸਾਧਾ ਨੂੰ ਭੇਜਿਆ ਗਿਆ। ਪੰਜਾਬ ਵਿਚ ਭਾਈ ਤਿਲਕਾ, ਭਾਈ ਗੋਇੰਦਾ, ਭਾਈ ਫੂਲ, ਖ਼ਵਾਜਾ ਰੋਸ਼ਨ, ਜਾਨੀ ਸ਼ਾਹ, ਭਾਈ ਸਾਈਂ ਦਾਸ (ਡਰੋਲੀ), ਭਾਈ ਸਾਧੂ, ਭਾਈ ਰੂਪਾ ਅਤੇ ਕਸ਼ਮੀਰ ਵਿਚ ਭਾਈ ਗੜ੍ਹੀਆਂ, ਭਾਈ ਸਾਈਂਦਾਸ, ਭਾਈ ਝੰਡਾ, ਭਾਈ ਕੱਟੂ ਸ਼ਾਹ ਆਦਿ ਪ੍ਰਚਾਰ ਦੀ ਸੇਵਾ ਕਰ ਰਹੇ ਸਨ।

ਗੁਰੂ ਸਾਹਿਬ ਦੇ ਉਦਮ ਸਦਕਾ ਧਰਮ ਪ੍ਰਚਾਰ ਦੇ ਕਈ ਨਵੇਂ ਕੇਂਦਰ ਹੋਂਦ ਵਿਚ ਆਏ। ਪੰਜਾਬ ਵਿਚ ਕੀਰਤਪੁਰ, ਕਰਤਾਰਪੁਰ, ਸ੍ਰੀ ਹਰਿਗੋਬਿੰਦਪੁਰ, ਗੜ੍ਹਸ਼ੰਕਰ, ਡਰੋਲੀ, ਭਾਈ ਰੂਪਾ, ਕਾਂਗੜ, ਮਹਿਰਾਜ (ਮੇਹਰਾਜ) ਆਦਿ ਪ੍ਰਚਾਰ ਕੇਂਦਰ ਬਣੇ। ਕਸ਼ਮੀਰ ਵਿਚ ਸ੍ਰੀ ਨਗਰ ਅਤੇ ਬਾਕੀ ਭਾਰਤ ਵਿਚ ਨਾਨਕ ਮਤਾ, ਬਨਾਰਸ, ਅਯੁੱਧਿਆ, ਦੇਉ ਨਗਰ, ਸਸਰਾਮ, ਪਟਨਾ, ਆਲਮਗੰਜ, ਜਗਨਨਾਥਪੁਰੀ, ਵਿਖੇ ਸਿੱਖ ਸੰਗਤਾਂ ਸਥਾਪਤ ਹੋਈਆਂ ਤੇ ਇਨ੍ਹਾਂ ਅਸਥਾਨਾਂ ਤੋਂ ਦੂਰ-ਦੂਰ ਤੱਕ ਧਰਮ-ਪ੍ਰਚਾਰ ਦਾ ਪ੍ਰਬੰਧ ਕੀਤਾ ਗਿਆ।

ਇਸ ਤਰ੍ਹਾਂ ਗੁਰੂ ਸਾਹਿਬ ਵਲੋਂ ਵਿਉਂਤਬੱਧ ਤੇ ਸੰਗਠਿਤ ਰੂਪ ਵਿਚ ਕੀਤੇ ਪ੍ਰਚਾਰ ਨੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸਿੱਖੀ ਦੇ ਧੁਰੇ (ਗੁਰੂ-ਘਰ) ਨਾਲ ਜੋੜੀ ਰੱਖਿਆ ਅਤੇ ਸੈਂਕੜੇ-ਹਜ਼ਾਰਾਂ ਹੋਰ ਲੋਕਾਂ ਨੂੰ ਸਿੱਖ ਧਰਮ ਵਿਚ ਦਾਖ਼ਲ ਕੀਤਾ।

### *8. ਸਫ਼ਲ ਜੰਗੀ ਜਰਨੈਲ ਤੇ ਨਿਪੁੰਨ ਯੋਧਾ*

ਸਿੱਖ ਲਹਿਰ ਦਾ ਹਥਿਆਰਬੰਦ ਸੰਘਰਸ਼ ਵਿਚ ਪੈਣਾ ਸਮੇਂ ਦੀ ਲੋੜ ਸੀ। ਗੁਰੂ ਹਰਿਗੋਬਿੰਦ ਸਾਹਿਬ ਦਾ ਬਹੁਤ ਸਮਾਂ ਪਹਿਲਾਂ ਭਾਂਪਣਾ ਕਿ ਜੰਗ ਅਵੱਸ਼ ਹੋਣਗੇ ਤੇ ਫਿਰ ਆਮ ਕਿਰਤ-ਕਾਰ ਕਰਨ ਵਾਲੇ ਲੋਕਾਂ (ਸਿੱਖਾਂ) ਨੂੰ ਇਹੀ ਗੱਲ ਸਮਝਾਉਣੀ, ਉਨ੍ਹਾਂ ਅੰਦਰ ਜੰਗਾਂ ਲਈ ਉਤਸ਼ਾਹ (Spirit) ਭਰਨਾ, ਉਨ੍ਹਾਂ ਨੂੰ ਯੁੱਧ ਕਲਾ ਵਿਚ ਪਰਬੀਨ ਕਰਨਾ, ਜੰਗਾਂ-ਯੁੱਧਾਂ ਨੂੰ ਜਿੱਤਣ ਦੇ ਸਮਰੱਥ ਬਣਾਉਣਾ, ਗੁਰੂ ਸਾਹਿਬ ਨੂੰ ਇਕ ਸਫ਼ਲ ਜੰਗੀ ਜਰਨੈਲ ਸਿੱਧ ਕਰਦਾ ਹੈ। ਇਨ੍ਹਾਂ ਗੱਲਾਂ ਕਰਕੇ ਹੀ ਗੁਰੂ ਸਾਹਿਬ ਨੂੰ 'ਕ੍ਰਾਂਤੀ ਦਰਸ਼ੀ' ਵੀ ਕਿਹਾ ਜਾਂਦਾ ਹੈ। ਇਸ ਸੰਬੰਧ ਵਿਚ ਡਾ: ਮਹੀਪ ਸਿੰਘ ਲਿਖਦੇ ਹਨ :

> "ਗੁਰੂ ਸਾਹਿਬ ਮਹਾਨ ਕ੍ਰਾਂਤੀ-ਦਰਸ਼ੀ ਸਨ। ਕ੍ਰਾਂਤੀਕਾਰੀ ਹੋਣਾ ਇਕ ਗੱਲ ਹੈ ਤੇ ਕ੍ਰਾਂਤੀ-ਦਰਸ਼ੀ ਹੋਣਾ ਉਸ ਤੋਂ ਕਿਤੇ ਵੱਡੀ ਗੱਲ ਹੈ। ਕ੍ਰਾਂਤੀਕਾਰੀ ਆਪਣੇ ਸਮੇਂ ਵਿਚ ਤਬਦੀਲੀ ਲਿਆਉਣ ਦਾ ਯਤਨ ਕਰਦਾ ਹੈ, ਕ੍ਰਾਂਤੀਦਰਸ਼ੀ ਇਨਕਲਾਬ ਦੀ ਨੀਂਹ ਰੱਖਦਾ ਹੈ ਤੇ ਭਵਿੱਖ ਲਈ ਉਸ ਦੀ ਪੂਰੀ ਰੂਪ-ਰੇਖਾ ਵੀ ਤਿਆਰ ਕਰ ਸਕਦਾ ਹੈ ਅਤੇ ਅਜਿਹੀਆਂ ਲੀਹਾਂ ਪਾ ਦਿੰਦਾ ਹੈ ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਾਹ ਲੱਭ ਪੈਂਦਾ ਹੈ।"[58]

ਇਕ ਧਾਰਮਿਕ ਵਿਅਕਤੀ ਜੀਵਨ ਦੇ ਹਰ ਪਿੜ ਵਿਚ ਧਰਮ ਤੋਂ ਅਗਵਾਈ ਲੈਂਦਾ ਹੈ। ਗੁਰੂ ਸਾਹਿਬ ਤਾਂ ਧਾਰਮਿਕ-ਜੀਵਨ ਦੀ ਜਾਚ ਸਿਖਾਉਣ ਵਾਲੇ ਸਨ। ਇਸ ਲਈ ਆਪ ਜੀ ਨੇ ਸਿੱਖਾਂ ਨੂੰ ਸਖ਼ਤ ਆਦੇਸ਼ ਦਿੱਤੇ ਹੋਏ ਸਨ ਕਿ ਲੜਾਈ ਵਿਚ ਵੀ ਧਰਮ ਦਾ ਪੱਲਾ ਨਹੀਂ ਛੱਡਣਾ; ਧਰਮੀਆਂ ਦਾ ਯੁੱਧ-ਢੰਗ ਵੀ ਸੰਸਾਰੀਆਂ ਤੋਂ ਵੱਖਰਾ ਹੁੰਦਾ ਹੈ। ਸੰਸਾਰੀ ਧਨ, ਜਾਇਦਾਦ, ਦਬਦਬਾ ਬਿਠਾਉਣ ਅਤੇ ਦੂਜਿਆਂ ਨੂੰ ਗ਼ੁਲਾਮ ਬਣਾਉਣ ਲਈ ਜੰਗ ਕਰਦੇ ਹਨ, ਜਦੋਂ ਕਿ ਧਰਮੀ ਪੁਰਸ਼ ਆਪਣੇ ਬਚਾਅ ਲਈ, ਅੱਤਿਆਚਾਰਾਂ ਦਾ ਮੁਕਾਬਲਾ ਕਰਨ ਤੇ ਦੱਬੇ-ਕੁਚਲੇ ਲੋਕਾਂ ਦੀ ਰਾਖੀ ਲਈ ਜੰਗ ਕਰਦੇ ਹਨ। ਗੁਰੂ ਜੀ ਨੇ ਇਕ ਜੰਗ ਵਿਚ ਭਾਈ ਜੋਧ ਸ਼ਾਹ ਨੂੰ ਉਪਦੇਸ਼ ਦਿੱਤਾ ਸੀ ਕਿ ਡਿੱਗੇ ਪਏ, ਹਥਿਆਰਹੀਨ, ਬਾਲਕ, ਬਿਰਧ, ਰੋਗੀ, ਸ਼ਰਨਾਗਤ ਅਤੇ ਇਸਤਰੀ ਉਤੇ ਵਾਰ ਨਹੀਂ ਕਰਨਾ।

ਲੜਾਈ ਦੇ ਦੌਰਾਨ ਸਦਾ ਪ੍ਰਸੰਨ ਚਿੱਤ ਰਹਿਣਾ ਗੁਰੂ ਜੀ ਦਾ ਬਹੁਤ ਵੱਡਾ ਤੇ ਅਸਾਧਾਰਨ ਗੁਣ ਸੀ। ਆਪ ਸਦਾ ਠੰਡੇ ਦਿਲ ਤੇ ਦਿਮਾਗ ਨਾਲ ਅਗਵਾਈ ਕਰਦੇ ਸਨ। ਗੁਰੂ ਜੀ ਨੇ ਆਪਣੀ ਬੇਟੀ ਬੀਬੀ ਵੀਰੋ ਦਾ ਵਿਆਹ ਰੱਖਿਆ ਹੋਇਆ ਸੀ। ਵਿਆਹ ਤੋਂ ਇਕ ਦਿਨ ਪਹਿਲਾਂ ਹੀ ਲਾਹੌਰ ਦੀ ਫ਼ੌਜ ਨੇ ਹਮਲਾ ਕਰ ਦਿੱਤਾ। ਗੁਰੂ ਜੀ ਸ਼ਾਂਤ-ਚਿਤ ਰਹੇ, ਘਬਰਾਹਟ ਜਾਂ ਕਾਹਲ ਨੂੰ ਨੇੜੇ ਨਾ ਆਉਣ ਦਿੱਤਾ। ਬੀਬੀ ਵੀਰੋ ਜੀ ਨੂੰ ਤੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਝਬਾਲ ਭੇਜ ਦਿੱਤਾ ਤੇ ਆਪ ਜੰਗ ਵਿਚ ਰੁੱਝ ਗਏ ਤੇ ਜਿੱਤ ਪ੍ਰਾਪਤ ਕੀਤੀ।

ਲੜਾਈ ਵਿਚ ਵੀ ਆਪ ਜਿਵੇਂ ਵਿਰੋਧੀ ਨਾਲ ਹੱਸ-ਹੱਸ ਕੇ ਗੱਲਾਂ ਕਰਦੇ ਸਨ ਤੇ ਗੱਲਾਂ ਕਰਦਿਆਂ ਉਸ ਨੂੰ ਸਹਿਜ ਵਿਚ ਹੀ ਮਾਰ-ਮੁਕਾਉਂਦੇ ਸਨ, ਇਹ ਵੇਖਣ ਵਾਲਿਆਂ ਲਈ ਬਹੁਤ ਅਚੰਭੇ ਵਾਲੀ ਗੱਲ ਹੁੰਦੀ ਸੀ।

ਇਕ ਸੁਯੋਗ ਜਰਨੈਲ ਹੋਣ ਦੇ ਨਾਲ-ਨਾਲ ਗੁਰੂ ਜੀ ਇਕ ਨਿਪੁੰਨ ਯੋਧਾ ਵੀ ਸਨ। ਤੀਰ-ਅੰਦਾਜ਼ੀ ਵਿਚ ਆਪ ਦਾ ਕੋਈ ਸਾਨੀ ਨਹੀਂ ਸੀ। ਤਲਵਾਰ ਵੀ ਆਪ ਕਮਾਲ ਦੀ ਚਲਾਉਂਦੇ। ਯੁੱਧ ਵਿਚ ਵੀ ਆਪ ਗੁਰੂ ਦਾ ਕਰਤੱਵ ਨਿਭਾਉਂਦੇ ਸਨ। ਆਮ ਤੌਰ 'ਤੇ ਦੁਸ਼ਮਣ ਨੂੰ ਪਹਿਲਾਂ ਵਾਰ ਕਰਨ ਲਈ ਆਖਦੇ। ਜਦ ਉਹ ਨਾਕਾਮ ਹੋ ਜਾਂਦੇ ਤਾਂ ਬੜੇ ਆਰਾਮ ਨਾਲ ਆਖਦੇ 'ਵਾਰ ਇੰਝ ਨਹੀਂ, ਇੰਝ ਕਰੀਦਾ ਹੈ।' ਜੇਕਰ ਦੂਜੇ ਦਾ ਘੋੜਾ ਨਕਾਰਾ ਹੋ ਜਾਂਦਾ, ਤਾਂ ਆਪ ਵੀ ਘੋੜੇ ਤੋਂ ਹੇਠਾਂ ਉਤਰ ਆਉਂਦੇ। ਜੇ ਕਿਸੇ ਦੀ ਤਲਵਾਰ ਟੁੱਟ ਜਾਂਦੀ ਤਾਂ ਆਪਣੀ ਤਲਵਾਰ ਨੂੰ ਮਿਆਨ ਵਿਚ ਪਾ, ਉਸੇ ਸ਼ਸਤਰ ਨਾਲ ਮੁਕਾਬਲਾ ਕਰਨ ਲੱਗ ਪੈਂਦੇ, ਜੋ ਵਿਰੋਧੀ ਪਾਸ ਹੁੰਦਾ।

ਆਪ ਨੇ ਨਿਹੱਥੇ, ਜੰਗ ਹਾਰ ਚੁੱਕੇ, ਜਾਂ ਜੰਗ ਵਿਚੋਂ ਨੱਸੇ ਜਾਂਦੇ ਵੈਰੀ 'ਤੇ ਨਾ ਆਪ ਵਾਰ ਕੀਤਾ ਤੇ ਨਾ ਹੀ ਸਿੱਖਾਂ ਨੂੰ ਇੰਝ ਕਰਨ ਦੀ ਇਜਾਜ਼ਤ ਦਿਤੀ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਇਸ ਗੱਲ ਉੱਤੇ ਹਮੇਸ਼ਾ ਹੀ ਪਹਿਰਾ ਦਿੱਤਾ ਹੈ। ਗੁਰੂ ਸਾਹਿਬ ਨਾਲ ਹੋਈ ਆਖਰੀ ਜੰਗ ਤੋਂ 130 ਸਾਲ ਬਾਅਦ ਵੀ ਕਾਜ਼ੀ ਨੂਰ ਮੁਹੰਮਦ ਸਿੱਖਾਂ ਦੇ ਇਸ ਅਤੇ ਹੋਰ ਗੁਣਾਂ ਦਾ ਬੜੇ ਪ੍ਰਸੰਸਾ ਭਰੇ ਢੰਗ ਨਾਲ ਜ਼ਿਕਰ ਕਰਦਾ ਹੈ, ਜਿਹੜਾ ਕਿ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਸਿੱਖਾਂ ਵਿਰੁੱਧ ਜੰਗ ਵਿਚ ਸ਼ਾਮਿਲ ਸੀ।

## 9. ਊਜਾਂ ਦਾ ਉੱਤਰ

ਇਸ ਅਧਿਆਇ ਦੇ ਆਰੰਭ ਵਿਚ ਅਸਾਂ ਉਨ੍ਹਾਂ ਕੁਝ ਇਤਿਹਾਸਕਾਰਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨੇ ਜਾਣੇ-ਅੰਞਾਣੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਪਹਿਲੇ ਸਤਿਗੁਰਾਂ ਨਾਲੋਂ ਵੱਖਰਾ ਦੱਸਿਆ ਹੈ। ਕਿਸੇ ਨੇ ਉਨ੍ਹਾਂ ਦੇ ਸਮੇਂ ਨੂੰ ਸਿੱਖ ਇਤਿਹਾਸ ਵਿਚ ਮੋੜ (Turning Point), ਕਿਸੇ ਕਿਹਾ ਉਨ੍ਹਾਂ ਨਵਾਂ ਜਾਂ ਵੱਖਰਾ ਰਾਹ ਅਪਣਾਇਆ ਅਤੇ ਕਿਸੇ ਨੇ ਕਿਹਾ ਉਨ੍ਹਾਂ ਨੇ ਪਹਿਲੇ ਗੁਰੂਆਂ ਤੋਂ ਉਲਟ ਰਾਹ ਅਪਣਾ ਲਿਆ। ਗੁਰੂ ਸਾਹਿਬ ਦੇ ਵੇਲੇ ਵੀ ਸਿੱਖ-ਵਿਰੋਧੀਆਂ ਨੇ ਅਜਿਹੀਆਂ ਊਜਾਂ ਲਾਈਆਂ ਸਨ ਕਿ ਪਹਿਲੇ ਗੁਰੂ ਧਰਮਸਾਲ ਵਿਚ ਟਿਕ ਕੇ ਬਹਿੰਦੇ ਸਨ, ਇਹ ਟਿਕ ਕੇ ਨਹੀਂ ਬੈਠਦੇ; ਪਹਿਲਿਆਂ ਦੇ ਘਰ ਬਾਦਸ਼ਾਹ ਚੱਲ ਕੇ ਆਉਂਦੇ ਸਨ, ਇਨ੍ਹਾਂ ਨੂੰ ਬਾਦਸ਼ਾਹ ਨੇ ਕੈਦ ਕਰ ਲਿਆ ਹੈ; ਇਹ ਸੰਗਤਾਂ ਨੂੰ ਟਿਕਾਣੇ ਤੇ ਨਹੀਂ ਮਿਲਦੇ, ਨੱਠੇ ਫਿਰਦੇ ਹਨ ਤੇ ਡਰਦੇ ਨਹੀਂ; ਪਹਿਲੇ ਗੁਰੂ ਗੱਦੀ ਤੇ ਬੈਠਦੇ ਸਨ, ਇਹ ਸ਼ਿਕਾਰ ਖੇਡਣ ਤੁਰੇ ਰਹਿੰਦੇ ਹਨ। ਈਰਖਾ ਵੱਸ ਹੋਰ (ਬਿਲਕੁਲ ਝੂਠ ਆਖਿਆ) ਕਿ ਪਹਿਲੇ ਗੁਰੂ ਬਾਣੀ ਰਚਦੇ ਤੇ ਗਾਉਂਦੇ ਸਨ, ਉਹ ਨਾ ਤਾਂ ਬਾਣੀ ਰਚਦੇ ਹਨ ਨਾ ਗਾਉਂਦੇ ਜਾਂ ਸੁਣਦੇ ਹਨ; ਪਹਿਲੇ ਗੁਰੂ ਸੇਵਕਾਂ ਨੂੰ ਨਾਲ ਰੱਖਦੇ ਸਨ, ਇਹ ਦੋਖੀਆਂ-ਦੁਸ਼ਟਾਂ ਨੂੰ ਮੂੰਹ ਲਾਉਂਦੇ ਹਨ। ਲੋਕਾਂ ਦੀਆਂ ਊਜਾਂ ਨੂੰ ਭਾਈ ਗੁਰਦਾਸ ਜੀ ਨੇ ਇਝ ਬਿਆਨ ਕੀਤਾ ਹੈ :

**ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਇਆ।**
**ਪਾਤਿਸਾਹ ਘਰਿ ਆਂਵਦੇ, ਗੜਿ ਚੜਿਆ, ਪਾਤਿਸਾਹ ਚੜਾਇਆ।**
**ਉਮਤਿ ਮਹਲੁ ਨ ਪਾਂਵਦੀ, ਨਠਾ ਫਿਰੈ ਨ ਡਰੈ ਡਰਾਇਆ।**
**ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ।**
**ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ।**
**ਸੇਵਕ ਪਾਸ ਨ ਰਖੀਅਨਿ, ਦੋਖੀ ਦੁਸਟ ਆਗੂ ਮੁਹਿ ਲਾਇਆ।**

(ਪਦ ਅਰਥ : ਬਹੀਦਾ—ਬੈਠਦੇ ਸਨ। ਗੜਿ—ਕਿਲ੍ਹਾ। ਉਮਤਿ—ਸੰਗਤ। ਸੰਤੋਖਦਾ—ਤਸੱਲੀ ਦਿੰਦਾ; ਭਾਵ, ਉਪਦੇਸ਼ ਕਰਦਾ।

ਇਸ ਤਰ੍ਹਾਂ ਲੋਕਾਂ ਦੇ ਉਲ੍ਹਾਮਿਆਂ ਤੇ ਊਜਾਂ ਦਾ ਜ਼ਿਕਰ ਕਰਨ ਮਗਰੋਂ ਭਾਈ ਗੁਰਦਾਸ ਜੀ ਆਖਦੇ ਹਨ ਕਿ ਈਰਖਾਲੂਆਂ ਦੀਆਂ ਊਜਾਂ ਦੇ ਬਾਵਜੂਦ ਸੱਚ ਲੁਕਿਆ ਨਹੀਂ ਰਹਿ ਸਕਦਾ (ਤੇ ਨਾ ਲੁਕਿਆ ਰਿਹਾ)। ਸਿੱਖ ਅਸਲੀਅਤ ਨੂੰ ਸਮਝਦੇ ਹਨ; ਉਹ ਸਤਿਗੁਰਾਂ ਦੇ ਚਰਨ-ਕੰਵਲਾਂ ਦੇ ਭੰਵਰੇ ਹਨ ਤੇ ਚਰਨ-ਕੰਵਲਾਂ 'ਤੇ ਲੁਭਿਤ ਹਨ। ਸਿੱਖ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਗੁਰੂ ਜੀ ਆਤਮਕ-ਸ਼ਕਤੀ ਦਾ ਵਿਖਾਵਾ ਨਹੀਂ ਕਰਦੇ, ਉਨ੍ਹਾਂ ਨੇ ਆਤਮਿਕ ਸ਼ਕਤੀ ਨੂੰ ਜਰ ਲਿਆ ਹੈ ਤੇ ਆਪਾ ਨਹੀਂ ਜਣਾਉਂਦੇ :

**ਸਚੁ ਨ ਲੁਕੈ ਲੁਕਾਇਆ, ਚਰਣ ਕਵਲ ਸਿਖ ਭਵਰ ਲੁਭਾਇਆ।**
**ਅਜਰੁ ਜਰੈ, ਨ ਆਪੁ ਜਣਾਇਆ। ੨੪।** *(ਵਾਰ ੨੬)*

ਭਾਈ ਗੁਰਦਾਸ ਜੀ ਨੇ ਹੋਰ ਥਾਂਈਂ ਵੀ ਇਸ ਗੱਲ ਦੀ ਵਿਆਖਿਆ ਕੀਤੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਤੇ ਪਹਿਲੇ ਗੁਰੂਆਂ ਵਿਚ ਕੋਈ ਅੰਤਰ ਨਹੀਂ; ਸਭਨਾਂ ਵਿਚ

ਇਕੋ ਹੀ ਜੋਤਿ ਮੌਜੂਦ ਸੀ ਅਤੇ ਸਾਰੇ ਹੀ ਅਕਾਲ-ਰੂਪ ਸਨ :

ਨਿਰੰਕਾਰ ਨਾਨਕ ਦੇਉ, ਨਿਰੰਕਾਰਿ ਆਕਾਰ ਬਣਾਇਆ।
ਗੁਰੂ ਅੰਗਦੁ ਗੁਰ ਅੰਗ ਤੇ, ਗੰਗਹੁ ਜਾਣੁ ਤਰੰਗ ਉਠਾਇਆ।
ਅਮਰਦਾਸੁ ਗੁਰੂ ਅੰਗਦਹੁ, ਜੋਤਿ ਸਰੂਪ ਚਲਤੁ ਵਰਤਾਇਆ।
ਗੁਰੂ ਅਮਰਹੁ ਗੁਰੂ ਰਾਮਦਾਸੁ, ਅਨਹਦ ਨਾਦਹੁ ਸਬਦੁ ਸੁਣਾਇਆ।
ਰਾਮਦਾਸਹੁ ਅਰਜਨੁ ਗੁਰੂ, ਦਰਸਨੁ ਦਰਪਨਿ ਵਿਚਿ ਦਿਖਾਇਆ।
ਹਰਿਗੋਬਿੰਦ ਗੁਰ ਅਰਜਨਹੁ, ਗੁਰੂ ਗੋਬਿੰਦ ਨਾਉਂ ਸਦਵਾਇਆ।
ਗੁਰ ਮੂਰਤਿ ਗੁਰ ਸਬਦੁ ਹੈ, ਸਾਧ ਸੰਗਤਿ ਵਿਚਿ ਪਰਗਟੀ ਆਇਆ।
ਪੈਰੀ ਪਾਇ ਸਭ ਜਗਤੁ ਤਰਾਇਆ। ੨੫। *(ਵਾਰ ੨੪)*

ਇੰਦੂ ਭੂਸ਼ਣ ਬੈਨਰਜੀ ਨੇ ਠੀਕ ਹੀ ਲਿਖਿਆ ਹੈ ਕਿ ਓਪਰੀ ਨਜ਼ਰ ਨਾਲ ਦੇਖਿਆਂ ਗੁਰੂ ਹਰਿਗੋਬਿੰਦ ਜੀ ਦੇ ਕਰਤੱਵ ਤੇ ਕਾਰਨਾਮੇ ਕੁਝ ਵੱਖ ਤੇ ਕਈ ਵਾਰ ਵਚਿੱਤਰ ਪ੍ਰਤੀਤ ਹੋਣਗੇ ਪਰ ਉਸ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਜੇ ਧਿਆਨ ਵਿਚ ਰੱਖਿਆ ਜਾਵੇ ਤੇ ਉਨ੍ਹਾਂ ਸਭ ਹਾਲਾਤ ਨੂੰ ਗਹੁ ਨਾਲ ਵਾਚਿਆ ਜਾਏ ਤਾਂ ਇਹ ਪ੍ਰਗਟ ਹੋਵੇਗਾ ਕਿ ਗੁਰੂ ਜੀ ਨੇ ਜਿਸ ਸਿਆਣਪ ਤੇ ਚਤੁਰਾਈ ਨਾਲ ਗ਼ੈਰ-ਮਾਮੂਲੀ ਹਾਲਾਤ ਵਿਚ ਸ਼ਾਨਦਾਰ ਕੰਮ ਕੀਤਾ, ਉਹ ਬਿਨਾਂ ਸ਼ਲਾਘਾ ਦੇ ਨਹੀਂ।"[59]

ਡਾ: ਹਰੀ ਰਾਮ ਗੁਪਤਾ ਵੀ ਬਹੁਤ ਸੁੰਦਰ ਲਿਖਦੇ ਹਨ :

"(ਗੁਰੂ) ਹਰਿਗੋਬਿੰਦ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਲੋਕਾਂ ਦੇ ਦੁੱਖਾਂ ਤੇ ਮੁਸੀਬਤਾਂ ਨੂੰ ਹਰਨ ਲਈ ਹਥਿਆਰਾਂ ਦੀ ਵਰਤੋਂ ਕੀਤੀ। ਉਦੋਂ ਸੰਵਿਧਾਨਿਕ ਅੰਦੋਲਨ ਕਰਨਾ ਅਰਥਹੀਣ ਸੀ ਕਿਉਂਕਿ ਉਦੋਂ (ਦੇਸ਼ ਵਿਚ) ਕੋਈ ਸੰਵਿਧਾਨ ਹੈ ਹੀ ਨਹੀਂ ਸੀ। ਉਨ੍ਹਾਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਬੁਰਾਈ ਵਿਰੁੱਧ ਲੜਨਾ ਕਿਸੇ ਵੀ ਧਰਮ ਦੀ ਆਤਮਾ (ਸਿਖਿਆ) ਦੇ ਵਿਰੁੱਧ ਨਹੀਂ ਹੈ ਇਹ ਤਾਂ ਇਕ ਵਿਹਾਰਿਕ ਧਰਮ ਦਾ ਜ਼ਰੂਰੀ ਤੇ ਅਨਿੱਖੜਵਾਂ ਅੰਗ ਹੈ ਅਤੇ ਸ਼ਿਕਾਰ ਤੇ ਖੇਡਾਂ ਧਾਰਮਿਕਤਾ (ਅਥਵਾ ਅਧਿਆਤਮਿਕਤਾ ਜਾਂ ਭਗਤੀ-ਭਾਵਨਾ) ਦੇ ਵਿਰੁੱਧ ਨਹੀਂ ਹਨ। ਗੁਰੂ ਜੀ ਨੇ ਮੀਰੀ ਤੇ ਪੀਰੀ ਨੂੰ ਪ੍ਰਗਟਾਉਂਦੀਆਂ ਦੋ ਕਿਰਪਾਨਾਂ ਪਹਿਨਣ ਨੂੰ ਪੂਰੀ ਤਰ੍ਹਾਂ ਉਚਿਤ ਸਿੱਧ ਕੀਤਾ। ਉਨ੍ਹਾਂ ਨੇ ਆਪਣੇ ਅੰਦਰ ਅਧਿਆਤਮਿਕ ਅਤੇ ਸੈਨਿਕ ਅਗਵਾਈ ਦਾ ਸੁਮੇਲ ਕੀਤਾ।"[60]

### *10. ਅਗਵਾਈ ਦਾ ਸਮੁੱਚਾ ਪ੍ਰਭਾਵ*

ਗੁਰੂ ਹਰਿਗੋਬਿੰਦ ਸਾਹਿਬ ਦੀ ਅਗਵਾਈ ਦੇ ਸਮੁੱਚੇ ਪ੍ਰਭਾਵ ਨੂੰ ਪਾਂਧੀ ਨਨਕਾਣਵੀ ਨੇ ਇਨ੍ਹਾਂ ਸ਼ਬਦਾਂ ਵਿਚ ਸਮੇਟਿਆ ਹੈ :

"ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਅਕਤੀਤਵ ਹੀ ਸੀ ਕਿ ਜਿਨ੍ਹਾਂ ਨੇ ਮੁਰਦਾ, ਬੇ-ਜਾਨ ਤੇ ਲਿਤਾੜੇ ਹੋਏ ਅਵਾਮ (ਜਨਤਾ) ਅਤੇ ਵਿਸ਼ੇਸ਼ ਕਰਕੇ ਆਪਣੇ ਸਿੱਖਾਂ ਨੂੰ ਸਵੈ-ਮਾਣ ਤੇ ਅਣਖ ਦੀ ਪਾਹ ਲਾਈ; ਉਨ੍ਹਾਂ ਨੂੰ ਹਥਿਆਰਬੰਦ ਕੀਤਾ ਤੇ ਫਿਰ ਜਿਨ੍ਹਾਂ ਨੇ ਬੇ-ਖ਼ੌਫ਼ ਹੋ ਕੇ ਉਨ੍ਹਾਂ ਵੱਡੇ-ਵੱਡੇ ਮਠ, ਮੁਗ਼ਲ ਫ਼ੌਜਦਾਰਾਂ ਤੇ ਸਰਕਾਰਾਂ ਨੂੰ ਲਲਕਾਰਿਆ,

ਜਿਨ੍ਹਾਂ ਦੇ ਖ਼ੌਫ਼ ਨਾਲ ਪਹਿਲਾਂ ਲੋਕਾਂ ਦੇ ਸਰੋਤ ਸੁੱਕ ਜਾਇਆ ਕਰਦੇ ਸਨ। ਇਕ ਨਵੀਂ ਦਿਸ਼ਾ, ਸਾਹਸ ਤੇ ਮਰਦਾਨਗੀ ਦੀ ਪਿਉਂਦ ਲਾਉਣੀ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿੱਖ ਧਰਮ ਤੇ ਉਸ ਦੇ ਸਮਕਾਲੀਨ ਸਮਾਜ ਨੂੰ ਇਕ ਵੱਡ-ਮੁੱਲੀ ਤੇ ਮਹੱਤਵਪੂਰਨ ਦੇਣ ਸੀ, ਜਿਨ੍ਹਾਂ ਦੀ ਪ੍ਰਤਿਭਾ ਅਤੇ ਜਲਾਲ ਅੱਗੇ ਸਮੁੱਚੀ ਲੋਕਾਈ, ਆਪਣਾ ਸੀਸ ਝੁਕਾਉਂਦੀ ਹੋਈ, ਉਨ੍ਹਾਂ ਦੇ ਪੈਰ-ਚਿੰਨ੍ਹਾਂ ਨੂੰ ਆਪਣੇ ਜੀਵਨ ਦਾ ਨਿਸ਼ਾਨਾ ਮਿੱਥਦੀ ਹੋਈ, ਸਿੱਖੀ ਦੇ ਗਾਡੀ-ਰਾਹ 'ਤੇ ਬੇ-ਖ਼ੌਫ਼ ਹੋ ਕੇ ਤੁਰੀ ਚਲੀ ਜਾ ਰਹੀ ਹੈ ਤੇ ਭਵਿੱਖ ਵਿਚ ਵੀ ਇੰਞ ਹੀ ਤੁਰਦੀ ਰਹੇਗੀ।

# ਮੀਰੀ ਤੇ ਪੀਰੀ ਦਾ ਸਿਧਾਂਤ

ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਜੇ ਹੋਰ ਸਪੱਸ਼ਟ ਕਰਕੇ ਕਿਹਾ ਜਾਵੇ ਤਾਂ ਇਹ ਹੋਵੇਗਾ 'ਮੀਰੀ ਤੇ ਪੀਰੀ ਦੇ ਸੁਮੇਲ ਦਾ ਸਿਧਾਂਤ।' ਇਹ ਸਿਧਾਂਤ ਸਿੱਖ ਪਰੰਪਰਾ ਅਤੇ ਸਿੱਖ ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਰਚਿਆ ਹੋਇਆ ਹੈ। ਸਿੱਖ ਧਰਮ ਵਿਚ ਦਾਖ਼ਲ ਹੋਣ ਸਮੇਂ, ਭਾਵ, ਅੰਮ੍ਰਿਤ ਛਕਣ ਸਮੇਂ ਜਿਥੇ ਗੁਰਬਾਣੀ ਦਾ ਪਾਠ ਹੁੰਦਾ ਹੈ, ਉਥੇ ਦੋ-ਧਾਰੇ ਖੰਡੇ ਦੁਆਰਾ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ, ਜੋ ਸਿੱਖ ਪੰਥ ਵਿਚ ਸ਼ਾਮਿਲ ਹੋਣ ਵਾਲੇ ਹਰੇਕ ਪੁਰਸ਼ ਤੇ ਇਸਤਰੀ ਨੂੰ ਛਕਾਇਆ ਜਾਂਦਾ ਹੈ। ਗੁਰਬਾਣੀ ਦਾ ਪਾਠ 'ਪੀਰੀ' ਦਾ ਪ੍ਰਤੀਕ ਹੈ ਅਤੇ ਖੰਡਾ 'ਮੀਰੀ' ਦਾ ਪ੍ਰਤੀਕ ਹੈ। ਅੰਮ੍ਰਿਤ ਛਕ ਕੇ ਸਿੱਖ (ਸਿੰਘ) ਆਪਣੇ ਆਪ ਨੂੰ ਸੰਤ-ਸਿਪਾਹੀ ਅਖਵਾਉਂਦਾ ਹੈ। ਇਸ ਤਰ੍ਹਾਂ ਮੀਰੀ-ਪੀਰੀ ਦਾ ਪਾਠ (ਸਿਖਿਆ) ਸਿੱਖ ਨੂੰ ਪਹਿਲੀ ਸ਼੍ਰੇਣੀ (ਜਮਾਤ) ਤੋਂ ਹੀ ਪੜ੍ਹਾਇਆ ਜਾਣਾ ਆਰੰਭ ਹੋ ਜਾਂਦਾ ਹੈ।

ਸਿੱਖ ਧਰਮ ਦਾ ਵਿਕਾਸ ਗੁਰੂ ਨਾਨਕ ਦੇਵ ਜੀ ਨੇ ਦਸ-ਸਰੀਰਾਂ ਵਿਚ ਪੜਾਅਵਾਰ ਕੀਤਾ ਹੈ, ਭਾਵੇਂ ਕਿ ਸਿੱਖ ਧਰਮ ਦੇ ਸਾਰੇ ਸਿਧਾਂਤ ਉਨ੍ਹਾਂ ਨੇ ਆਪਣੀ ਬਾਣੀ ਵਿਚ ਪ੍ਰਗਟ ਕਰ ਦਿੱਤੇ ਸਨ। ਅਧਿਆਤਮਿਕ ਅਤੇ ਨੈਤਿਕ ਜੀਵਨ ਨੂੰ ਉੱਚਾ ਚੁੱਕਣ ਵਾਲੇ ਸਿਧਾਂਤ; ਜਿਵੇਂ ਕਿ, ਨਾਮ ਜਪਣਾ, ਕਿਰਤ ਕਰਨੀ, ਵੰਡ-ਛਕਣਾ, ਨਿਰਭਉ-ਨਿਰਵੈਰ ਹੋਣਾ, ਗੁਰੂ ਦਾ ਹੁਕਮ ਮੰਨਣਾ, ਉਸ ਦੀ ਅਤੇ ਸੰਗਤ ਦੀ ਸੇਵਾ ਕਰਨੀ, ਸੰਗਤ ਅਤੇ ਪੰਗਤ, ਜਾਤ-ਪਾਤ, ਉਚ-ਨੀਚ ਦੇ ਵਿਤਕਰੇ ਤਿਆਗਣਾ ਆਦਿ ਪਹਿਲੇ ਤੋਂ ਪੰਜਵੇਂ ਸਤਿਗੁਰਾਂ ਤੱਕ ਜ਼ੋਰ-ਸ਼ੋਰ ਨਾਲ ਪ੍ਰਚਾਰੇ ਗਏ ਅਤੇ ਉਨ੍ਹਾਂ ਨੂੰ ਵਿਵਹਾਰਿਕ ਰੂਪ ਦਿੱਤਾ ਗਿਆ। 'ਸ਼ਹੀਦੀ' ਦੇ ਸਿਧਾਂਤ ਨੂੰ ਗੁਰੂ ਅਰਜਨ ਦੇਵ ਜੀ ਵੇਲੇ ਵਿਵਹਾਰਿਕ ਰੂਪ ਦਿੱਤਾ ਗਿਆ ਅਤੇ 'ਮੀਰੀ ਤੇ ਪੀਰੀ' ਦੇ ਜੋੜ ਦਾ ਸਿਧਾਂਤ ਅਮਲੀ ਰੂਪ ਵਿਚ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਪ੍ਰਗਟ ਹੋਇਆ।

### *ਮੀਰੀ ਤੇ ਪੀਰੀ ਦਾ ਅਰਥ*

ਮੀਰੀ ਤੇ ਪੀਰੀ ਦੋਵੇਂ ਸ਼ਬਦ ਫ਼ਾਰਸੀ ਭਾਸ਼ਾ ਦੇ ਹਨ। 'ਮੀਰ' ਲਫ਼ਜ਼ 'ਅਮੀਰ' ਦਾ ਛੋਟਾ ਰੂਪ ਹੈ। 'ਅਮੀਰ' ਦਾ ਮੂਲ ਅਰਥ ਹੈ : ਹੁਕਮ ਕਰਨ ਵਾਲਾ, ਮੁਖੀ, ਸਰਦਾਰ, ਹਾਕਮ, ਜਰਨੈਲ ਅਤੇ ਬਾਦਸ਼ਾਹ। ਮੁਸਲਮਾਨ ਦੇਸ਼ਾਂ ਵਿਚ ਇਹ ਲਫ਼ਜ਼ 'ਬਾਦਸ਼ਾਹ' ਲਈ ਵਰਤਿਆ ਜਾਂਦਾ ਰਿਹਾ ਹੈ ਤੇ ਕਈ ਥਾਈਂ ਹੁਣ ਵੀ ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਵੀ 'ਮੀਰ' ਬਾਦਸ਼ਾਹ ਦੇ ਅਰਥਾਂ ਵਿਚ ਆਇਆ ਹੈ :

**ਮੀਰ ਮਲਕ ਉਮਰੇ ਫਾਨਾਇਆ...।**

*(ਮਾਰੂ, ਮ: ੫–੧੦੮੪)*

[ਅਰਥ : ਸ਼ਾਹ (ਮੀਰ), ਪਾਤਸ਼ਾਹ (ਮਾਲਕ) ਤੇ ਅਮੀਰ–ਸਭ ਨਾਸ਼ਵੰਤ ਹਨ]

**ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ।**

*(ਆਸਾ, ਮ: ੧–੪੧੭-੧੯)*

[ਅਰਥ : ਜਦੋਂ ਪਠਾਣਾਂ ਨੇ ਸੁਣਿਆ ਕਿ ਬਾਦਸ਼ਾਹ (ਬਾਬਰ) ਹਮਲਾ ਕਰਕੇ ਤੇਜ਼ੀ ਨਾਲ ਆ ਰਿਹਾ ਹੈ, ਤਾਂ ਉਨ੍ਹਾਂ ਨੇ ਅਨੇਕਾਂ ਹੀ ਪੀਰਾਂ (ਭਗਤਾਂ/ਫ਼ਕੀਰਾਂ) ਨੂੰ (ਜਾਦੂ ਟੂਣੇ ਕਰਨ ਲਈ) ਜ਼ੋਰ ਨਾਲ ਰੋਕੀ ਰਖਿਆ।]

ਇਕ ਪ੍ਰਾਚੀਨ ਗ੍ਰੰਥ ਅਨੁਸਾਰ ਜਦੋਂ ਬਾਬਰ ਨੇ ਗੁਰੂ ਨਾਨਕ ਦੇਵ ਜੀ ਨੂੰ ਕੁਝ ਮੰਗਣ ਲਈ ਕਿਹਾ, ਤਾਂ ਉਨ੍ਹਾਂ ਜੁਆਬ ਦਿੱਤਾ :

"ਕਹੇ ਨਾਨਕ ਸੁਣ ਬਾਬਰ 'ਮੀਰ'। ਤੁਝ ਤੇ ਮਾਂਗੇ ਸੋ ਅਹਿਮਕ ਫ਼ਕੀਰ।"

(ਨੋਟ : ਇਹ ਪੰਗਤੀ ਬਾਣੀ ਦੀ ਨਹੀਂ ਹੈ)

ਇਵੇਂ ਹੀ 'ਮਹਿਮਾ ਪ੍ਰਕਾਸ਼' ਵਿਚ ਅੰਕਿਤ ਹੈ ਕਿ ਸੈਦਪੁਰ ਦੀ ਕਤਲਿਆਮ ਰੋਕ ਕੇ, ਬਾਬਰ ਨੇ ਐਮਨਾਬਾਦ ਨਗਰ ਵਸਾਇਆ ਤੇ ਦਿੱਲੀ ਵੱਲ ਚਲਾ ਗਿਆ :

"ਕਰ ਬੰਦ ਖਲਾਸ ਨਗਰ ਵਸਾਇਆ। ਤਬ ਮੀਰ ਬਾਬਰ ਦਿਲੀ ਪਰ ਧਾਇਆ।"

'ਮੀਰ' ਤੋਂ ਲਫ਼ਜ਼ 'ਮੀਰੀ' ਬਣਿਆ ਹੈ, ਜਿਸ ਦਾ ਅਰਥ ਹੈ ਮੀਰ ਦਾ ਕਰਮ ਅਥਵਾ ਬਾਦਸ਼ਾਹਤ, ਰਾਜ ਦਾ ਚਲਾਉਣਾ, ਫ਼ੌਜਾਂ ਰੱਖਣਾ, ਹਮਲਾਵਰਾਂ ਤੋਂ ਰੱਖਿਆ ਕਰਨੀ, ਰਾਜਨੀਤੀ, ਸੰਸਾਰਿਕਤਾ ਆਦਿ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮੀਰੀ ਦਾ ਅਰਥ ਰਾਜਨੀਤਕ ਖੇਤਰ ਵਿਚ ਅਗਵਾਈ ਦੇਣਾ ਹੈ।

'ਪੀਰ' ਦਾ ਅਰਥ ਧਰਮ ਦਾ ਆਚਾਰੀਆ, ਭਗਤ ਜਾਂ ਗੁਰੂ ਹੈ। ਗੁਰਬਾਣੀ ਵਿਚ ਇਹ ਅਰਥ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਗਿਆ ਹੈ :

**ਪੀਰ ਪੈਕਾਬਰ ਅਉਲੀਏ, ਕੋ ਥਿਰੁ ਨ ਰਹਾਸੀ॥**

*(ਮਾਰੂ ਵਾਰ, ਮ: ੫—੧੧੦੦)*

(ਅਰਥ : ਪੀਰ, ਪੈਗੰਬਰ, ਵੱਡੇ ਵੱਡੇ ਧਾਰਮਿਕ ਆਗੂ—ਕੋਈ ਵੀ ਸੰਸਾਰ ਵਿਚ ਸਦਾ ਟਿਕਿਆ ਨਹੀਂ ਰਹੇਗਾ।)

**ਮਿਹਰਵਾਨ ਮਉਲਾ ਤੂਹੀ ਏਕ॥ ਪੀਰ ਪੈਕਾਂਬਰ ਸੇਖ॥**

*(ਰਾਮਕਲੀ, ਮ: ੫—੮੯੭)*

[ਅਰਥ : ਹੇ ਮਿਹਰਵਾਨ! ਸਿਰਫ਼ ਤੂੰ ਹੀ ਪੀਰਾਂ, ਪੈਗੰਬਰਾਂ, ਸ਼ੇਖਾਂ, ਨੂੰ ਨਜ਼ਾਤ (ਮੁਕਤੀ) ਦੇਣ ਵਾਲਾ (ਮਉਲਾ) ਹੈਂ।]

**ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥**

*(ਸਾਰਗ ਕੀ ਵਾਰ, ਮ: ੪—੧੨੪੫)*

ਭਾਈ ਗੁਰਦਾਸ ਜੀ ਨੇ ਵੀ 'ਪੀਰ' ਸ਼ਬਦ ਗੁਰੂ ਸਾਹਿਬਾਨ ਲਈ ਵਰਤਿਆ ਹੈ :

**ਪੰਜਿ ਪਿਆਲੇ, ਪੰਜ ਪੀਰ, ਛਠਮੁ ਪੀਰੁ ਬੈਠਾ ਗੁਰੁ ਭਾਰੀ॥**

*(ਵਾਰ ੧, ਪਉੜੀ ੪੮)*

'ਪੀਰੀ' ਦਾ ਅਰਥ ਹੈ : ਪੀਰ ਜਾਂ ਧਾਰਮਿਕ ਆਗੂ ਦਾ ਕਰਮ ਅਥਵਾ ਪ੍ਰਭੂ ਦੀ ਭਗਤੀ ਕਰਨੀ/ਕਰਾਉਣੀ, ਜੀਵਨ ਦਾ ਸੱਚ ਜਾਣਨਾ, ਲੋਕਾਂ ਨੂੰ ਪ੍ਰਭੂ ਨਾਲ ਜੋੜਨਾ ਤੇ ਸੁਚੱਜਾ

ਜੀਵਨ ਜਿਊਣ ਦੇ ਯੋਗ ਬਣਾਉਣਾ, ਧਾਰਮਿਕਤਾ।

**ਸੋ, ਪੀਰੀ ਧਾਰਮਿਕ-ਅਧਿਆਤਮਿਕ ਖੇਤਰ ਵਿਚ ਅਗਵਾਈ ਦੇਣ ਦਾ ਕਰਤੱਵ ਹੈ।**

ਪੀਰੀ ਤੇ ਮੀਰੀ ਦਾ ਸਮੁੱਚਾ ਅਰਥ ਹੈ : ਭਗਤੀ ਤੇ ਸ਼ਕਤੀ ਜਾਂ ਧਰਮ ਤੇ ਰਾਜਨੀਤੀ। "ਪੀਰੀ ਅਧਿਆਤਮਿਕ ਖੇਤਰ ਨਾਲ ਸੰਬੰਧਿਤ ਹੈ, ਮੀਰੀ ਸੰਸਾਰਿਕ ਖੇਤਰ ਨਾਲ। ਪੀਰੀ ਅਧਿਆਤਮਿਕ ਖੇਤਰ ਦੀ ਅਗਵਾਈ ਕਰਦੀ ਹੈ, ਮੀਰੀ ਸਮਾਜਿਕ ਜੀਵਨ ਤੇ ਵਿਵਹਾਰਿਕ ਖੇਤਰ ਦੀ। ਪੀਰੀ ਅਧਿਆਤਮਿਕ ਭੁੱਖ ਦੀ ਤ੍ਰਿਪਤੀ ਕਰਦੀ ਹੈ, ਮੀਰੀ ਸਰੀਰਕ ਭੁੱਖ ਦੀ। ਆਤਮਿਕ ਪੱਖੋਂ 'ਸੰਤ' ਹੋਣਾ ਪੀਰੀ ਹੈ ਅਤੇ ਧੱਕੇਸ਼ਾਹੀ ਤੇ ਬੇਇਨਸਾਫ਼ੀ ਵਿਰੁੱਧ 'ਸਿਪਾਹੀ' ਬਣਨਾ ਮੀਰੀ ਹੈ। ਸ਼ਾਸਤਰ (ਗੁਰਬਾਣੀ) ਨਾਲ ਅਧਿਆਤਮਿਕ ਉੱਚਤਾ ਪ੍ਰਾਪਤ ਕਰਨੀ ਪੀਰੀ ਹੈ; ਸ਼ਸਤਰ ਦੇ ਨਾਲ ਆਪਣੇ ਤੇ ਪਰਾਏ ਦੇ ਹੱਕਾਂ ਦੀ ਰਾਖੀ ਕਰਨੀ ਮੀਰੀ ਹੈ।

ਪੀਰੀ ਤੇ ਮੀਰੀ ਅਧਿਆਤਮਿਕਤਾ ਤੇ ਸੰਸਾਰਿਕਤਾ ਦਾ ਸੰਯੋਗ ਹੈ। ਇਹ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ।"[61]

### *ਪੀਰੀ ਤੋਂ ਸੱਖਣੀ ਮੀਰੀ*

ਸੰਸਾਰ ਦਾ ਇਤਿਹਾਸ ਦੱਸਦਾ ਹੈ ਕਿ ਮੀਰ ਅਤੇ ਪੀਰ ਆਪਣੇ-ਆਪਣੇ ਢੰਗ ਨਾਲ ਸਮਾਜ ਵਿਚ ਆਪਣੀ ਪ੍ਰਭੁਤਾ ਕਾਇਮ ਕਰਦੇ ਰਹੇ ਹਨ। ਕਦੇ ਮੀਰ ਨੇ ਪੀਰ ਵਾਲੇ ਕੰਮ ਨਹੀਂ ਕੀਤੇ ਅਤੇ ਪੀਰ ਨੇ ਮੀਰ ਵਾਲੇ ਕੰਮ ਨਹੀਂ ਕੀਤੇ। ਮੀਰ ਦੇ ਹੱਥ ਹਥਿਆਰ ਰਹੇ ਹਨ, ਤਾਕਤ ਰਹੀ ਹੈ ਤੇ ਉਹ ਸਿਆਸਤ 'ਤੇ ਕਾਬਜ਼ ਰਿਹਾ ਹੈ। ਤਾਕਤ ਦੇ ਨਸ਼ੇ ਨੇ ਉਸ ਨੂੰ ਸੱਚ ਦੇ, ਧਰਮ ਦੇ ਮਾਰਗ ਤੇ ਨਹੀਂ ਚੱਲਣ ਦਿੱਤਾ। ਉਹ ਤਾਕਤ ਨਾਲ ਦੂਜਿਆਂ ਦੇ ਹੱਕ ਖੋਂਹਦਾ ਰਿਹਾ ਹੈ, ਦੂਜਿਆਂ ਦੇ ਧਰਮ ਨੂੰ ਮਿਟਾਉਣ ਦਾ ਯਤਨ ਕਰਦਾ ਰਿਹਾ ਹੈ, ਦੂਜਿਆਂ ਦੀ ਧਰਤੀ ਜਾਂ ਦੇਸ਼ 'ਤੇ ਕਬਜ਼ਾ ਕਰਦਾ ਰਿਹਾ ਹੈ। ਜ਼ਰ (ਧਨ-ਦੌਲਤ), ਜ਼ਮੀਨ ਤੇ ਜ਼ਨ (ਇਸਤ੍ਰੀ) ਲਈ ਉਸ ਨੇ ਲੱਖਾਂ ਬੇਦੋਸ਼ਿਆਂ ਦਾ ਖ਼ੂਨ ਵਗਾਇਆ ਹੈ। ਦੂਜਿਆਂ ਦੇ ਧਰਮਾਂ ਨੂੰ ਖ਼ਤਮ ਕਰਨ ਲਈ ਜਾਂ ਆਪਣਾ ਗੁਲਾਮ ਬਣਾਉਣ ਲਈ ਉਸ ਨੇ ਦੂਜਿਆਂ ਦੇ ਧਰਮ ਅਸਥਾਨ ਢਾਹੇ, ਵਿਦਿਆਲੇ ਅਤੇ ਲਾਇਬ੍ਰੇਰੀਆਂ ਸਾੜ-ਫੂਕ ਕੇ ਤਬਾਹ ਕਰ ਦਿੱਤੀਆਂ, ਉਨ੍ਹਾਂ ਦੀਆਂ ਧੀਆਂ, ਭੈਣਾਂ ਦੀ ਬੇਪਤੀ ਕੀਤੀ, ਦੂਜੇ ਦੇਸ਼ਾਂ ਦੇ ਰਾਜ ਤਬਾਹ ਕੀਤੇ...ਆਦਿ। ਅੱਜ ਵੀ ਹਲਾਕੂ, ਚੰਗੇਜ਼ ਖਾਂ, ਸਿਕੰਦਰ, ਹਿਟਲਰ, ਮਹਿਮੂਦ ਗਜ਼ਨਵੀ, ਸਟਾਲਿਨ, ਨਾਦਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਦਾ ਨਾਂ ਲੈਂਦਿਆਂ ਹੀ ਇਕ ਸਾਧਾਰਨ ਵਿਅਕਤੀ ਨੂੰ ਕੰਬਣੀ ਛਿੜ ਜਾਂਦੀ ਹੈ। ਇਹ ਸਭ ਪੀਰੀ (ਅਧਿਆਤਮਿਕਤਾ) ਤੋਂ ਸੱਖਣੇ ਸਨ; ਇਨ੍ਹਾਂ ਦੇ ਅੰਦਰ ਰੱਬ ਦਾ ਡਰ-ਭਉ ਨਹੀਂ ਸੀ, ਸੇਵਾ-ਪਰਉਪਕਾਰ ਦੀ ਭਾਵਨਾ ਨਹੀਂ ਸੀ ਅਤੇ ਇਹ ਨੈਤਿਕ ਗੁਣਾਂ ਤੋਂ ਹੀਣ ਸਨ।

### *ਮੀਰੀ ਤੋਂ ਸੱਖਣੀ ਪੀਰੀ*

ਪੁਰਾਣੇ ਧਾਰਮਿਕ ਆਗੂ ਲੋਕਾਂ ਵਿਚ ਇਹ ਪ੍ਰਚਾਰਦੇ ਰਹੇ ਹਨ ਕਿ 'ਜੰਗ-ਯੁੱਧ' ਕਰਨਾ ਅਧਰਮੀ ਬੰਦਿਆਂ ਦਾ ਕੰਮ ਹੈ। ਹਿੰਸਾ ਕਰਨੀ ਤੇ ਲਹੂ ਵਗਾਉਣਾ ਸੰਤਾਂ ਦਾ ਕੰਮ ਨਹੀਂ। ਇਹੋ ਜਿਹੇ 'ਪੀਰ' ਹੀ ਬੁੱਧ ਧਰਮ ਜਾਂ ਜੈਨ-ਮੱਤ ਦੇ ਭਾਰਤ ਵਿਚੋਂ ਅਲੋਪ ਹੋਣ ਲਈ ਜ਼ਿੰਮੇਵਾਰ

ਹਨ। ਹਿੰਦੁਸਤਾਨ ਵਿਚ ਕਈ ਸਦੀਆਂ ਵਿਦੇਸ਼ੀ ਆ ਕੇ ਹਮਲੇ ਕਰਦੇ ਰਹੇ, ਲੁੱਟ-ਖਸੁੱਟ ਮਚਾਉਂਦੇ ਰਹੇ, ਧਰਮ-ਅਸਥਾਨ ਢਾਹੁੰਦੇ ਰਹੇ ਤੇ ਤਲਵਾਰ ਦੇ ਜ਼ੋਰ ਨਾਲ ਸਮੂਹਿਕ ਧਰਮ-ਪਰਿਵਰਤਨ ਕਰਦੇ ਰਹੇ, ਪਰ ਇਨ੍ਹਾਂ ਪੀਰਾਂ ਨੂੰ ਕੋਈ ਫ਼ਰਕ ਨਹੀਂ ਪਿਆ, ਧਰਮ ਦੇ ਅਪਮਾਨ ਨੂੰ ਇਹ ਮਾਂ ਦਾ ਦੁੱਧ ਸਮਝ ਕੇ ਪੀਂਦੇ ਰਹੇ।

ਇਸ ਤਰ੍ਹਾਂ ਦੇ ਕਥਿਤ ਪੀਰ ਆਪਣੇ ਸ਼ਰਧਾਲੂਆਂ ਦਾ ਹੀ ਸ਼ੋਸ਼ਣ ਕਰਦੇ ਰਹੇ ਹਨ ਸਰਾਪ ਦੇ ਕੇ, ਬਦ-ਦੁਆਵਾਂ ਦੇ ਡਰ ਦੱਸ ਕੇ, ਨਰਕਾਂ-ਦੋਜ਼ਕਾਂ ਦੇ ਭਿਆਨਕ ਚਿੱਤਰ ਖਿੱਚ ਕੇ ਲੋਕਾਂ ਨੂੰ ਭੈਭੀਤ ਕਰਦੇ ਰਹੇ ਹਨ। ਲੋਕਾਂ ਨੂੰ ਆਪਣੇ ਜਾਲ ਵਿਚ ਫਸਾਉਣ ਲਈ ਸਵਰਗਾਂ-ਬਹਿਸ਼ਤਾਂ ਵਿਚ ਸੁੱਖ-ਐਸ਼ ਦੇ ਸਾਧਨਾਂ ਦਾ ਲਾਲਚ ਦਿੰਦੇ ਰਹੇ ਹਨ; ਬਦਲੇ ਵਿਚ 'ਦਾਨ' ਦੀ ਆਸ ਜ਼ਰੂਰ ਰੱਖਦੇ ਰਹੇ ਹਨ। ਵੇਲੇ ਦੇ ਹਾਕਮਾਂ ਜਾਂ ਵਿਦੇਸ਼ੀ ਹਮਲਾਵਰਾਂ ਦੇ ਖਿਲਾਫ਼ ਤਾਂ ਕੀ ਬੋਲਣਾ ਸੀ, ਇਹ ਹਾਕਮਾਂ (ਮੀਰਾਂ) ਦੇ ਹੱਕ-ਠੋਕੇ ਬਣ ਕੇ ਅਤਿਆਚਾਰੀ ਰਾਜ ਦੀ ਕਾਇਮੀ ਵਿਚ ਯੋਗਦਾਨ ਪਾਉਂਦੇ ਰਹੇ ਹਨ। ਰਾਜਿਆਂ ਦੀ ਪ੍ਰਸੰਨਤਾ ਹਾਸਲ ਕਰਨ ਲਈ ਇਹ ਉਨ੍ਹਾਂ ਦੇ ਹੱਕ ਵਿਚ 'ਫ਼ਤਵੇ' ਜਾਰੀ ਕਰਦੇ ਰਹੇ ਹਨ। 'ਰਾਜੇ ਰੱਬ ਵਲੋਂ ਨਿਯੁਕਤ ਕੀਤੇ ਗਏ ਹਨ' ਆਖ ਕੇ ਰਾਜਿਆਂ ਦੇ ਕੁਕਰਮਾਂ ਤੇ ਪੜਦੇ ਪਾਉਂਦੇ ਰਹੇ ਹਨ। ਰਾਜੇ ਵੀ ਇਨ੍ਹਾਂ ਨੂੰ 'ਰਾਜ-ਪ੍ਰੋਹਿਤ' ਜਾਂ ਨਿਆਂਕਾਰ (ਜੱਜ) ਦੀ ਪਦਵੀ ਤੇ ਬਿਠਾਉਂਦੇ ਰਹੇ ਹਨ। ਨਿਆਂ ਦੀ ਕੁਰਸੀ ਤੇ ਬੈਠ ਕੇ ਇਹ ਪੀਰ ਰਿਸ਼ਵਤ ਲੈ ਕੇ ਅਨਿਆਂ ਕਰਦੇ ਹਨ :

**"ਕਾਜੀ ਹੋਇ ਰਿਸਵਤੀ, ਵਢੀ ਲੈ ਕੇ ਹਕ ਗਵਾਈ।'**

*(ਭਾਈ ਗੁਰਦਾਸ ਜੀ, ਵਾਰ ੧/੩੦)*

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ, 'ਸਮਰੱਥਾਹੀਣ ਪੀਰੀ ਝੂਠਾ ਪਖੰਡ ਹੁੰਦੀ ਹੈ, ਤੇ ਲੋਕ ਭਰਮਾਉਣ ਲਈ, ਗਰਜ਼ ਲਈ, ਤਣਿਆ ਜਾਲ; ਇਸ ਤੋਂ ਵੱਧ ਕੁਝ ਨਹੀਂ। ਅਜਿਹੀ ਪੀਰੀ ਅਸਲ ਵਿਚ ਵੇਲੇ ਦੀ ਮੀਰੀ ਦੀ ਭਿੱਖ-ਮੰਗੀ ਹੁੰਦੀ ਹੈ।'[62]

### *ਮੀਰੀ ਤੇ ਪੀਰੀ ਦਾ ਸੁਮੇਲ*

ਸਿੱਖ ਗੁਰੂ ਸਾਹਿਬਾਨ ਨੇ ਪ੍ਰਭੂ ਦਾ ਨਾਮ ਜਪਣ ਅਤੇ ਨੇਕ ਕੰਮ ਕਰਨ ਨੂੰ ਧਰਮ ਆਖਿਆ ਹੈ :

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥**

*(ਗਉੜੀ, ਸੁਖਮਨੀ, ਮ: ੫, ੨੬੬)*

ਪ੍ਰਭੂ ਦਾ ਨਾਮ ਸਿਮਰਨਾ (ਜਪਣਾ) ਪ੍ਰਭੂ ਦੇ ਗੁਣਾਂ ਦਾ ਚਿੰਤਨ ਕਰਨਾ ਹੈ, ਪ੍ਰਭੂ ਦੀਆਂ ਵਡਿਆਈਆਂ ਦੀ ਵਿਚਾਰ ਕਰਨਾ ਹੈ। ਇਸ ਤਰ੍ਹਾਂ ਕਰਦਿਆਂ ਮਨੁੱਖ ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ; ਭਾਵ ਕਿ ਉਹ ਉੱਚੇ-ਸੁੱਚੇ ਅਧਿਆਤਮਿਕ ਅਤੇ ਨੈਤਿਕ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਗੁਣਾਂ ਦਾ ਗਾਇਨ ਹੀ ਮਨੁੱਖ ਨੂੰ ਪ੍ਰਭੂ ਨਾਲ ਜੋੜਦਾ ਹੈ। ਇਸ ਤਰ੍ਹਾਂ ਮਨੁੱਖ ਜਿਥੇ ਨਿੱਜੀ ਜੀਵਨ ਵਿਚ ਅਧਿਆਤਮਿਕ ਸਿਖਰ ਨੂੰ ਛੂੰਹਦਾ ਹੈ,

ਉਥੇ ਸਮਾਜ ਸੇਵਾ ਵਿਚ ਲੱਗ ਕੇ, ਇਕ ਆਦਰਸ਼ਕ ਸਮਾਜ ਸਿਰਜਣ ਵਿਚ ਆਪਣਾ ਯੋਗਦਾਨ ਪਾਉਂਦਾ ਹੈ। ਹੇਠ ਲਿਖੇ ਗੁਰਵਾਕਾਂ ਤੋਂ ਇਨ੍ਹਾਂ ਵੀਚਾਰਾਂ ਦੀ ਸੋਝੀ ਹੁੰਦੀ ਹੈ:

ਅੰਮ੍ਰਿਤ ਵੇਲਾ, ਸਚੁ ਨਾਉ, ਵਡਿਆਈ ਵੀਚਾਰੁ॥

*(ਜਪੁ, ਪਉੜੀ ੪)*

ਗੁਨ ਕਹੁ, ਹਰਿ ਲਹੁ, ਕਰਿ ਸੇਵਾ ਸਤਿਗੁਰ,
ਇਵ ਹਰਿ ਹਰਿ ਨਾਮੁ ਧਿਆਈ॥

*(ਧਨਾਸਰੀ, ਮ: ੪–੬੬੯)*

ਗੁਰ ਤੇ ਸਾਤਿ ਭਗਤਿ ਕਰੇ ਦਿਨ ਰਾਤੀ,
ਗੁਣ ਕਹਿ ਗੁਣੀ ਸਮਾਵਣਿਆ॥

*(ਮਾਝ, ਮ: ੩–੧੧੭)*

ਜਿਨ ਹਰਿ ਜਪਿਆ, ਸੇ ਹਰਿ ਹੋਇ
ਹਰਿ ਮਿਲਿਆ ਕੇਲ ਕੇਲਾਲੀ॥

*(ਧਨਾਸਰੀ, ਮ: ੪–੬੬੭)*

'ਨਾਮ ਜਪਣਾ' ਸਿੱਖ ਧਰਮ ਦੀ ਭਗਤੀ ਹੈ, ਅਥਵਾ 'ਪੀਰੀ' ਹੈ। ਉਪਰ ਲਿਖੇ ਅਨੁਸਾਰ ਨਾਮ ਜਪਣ ਵਾਲੇ ਵੀ ਪ੍ਰਭੂ ਦੀ ਤਰ੍ਹਾਂ ਨਿਡਰ (ਨਿਰਭਉ), ਨਿਰਵੈਰ, ਮੌਤ ਦੇ ਡਰ ਤੋਂ ਰਹਿਤ, ਕਿਰਪਾਲੂ, ਦਇਆਲੂ, ਇਨਸਾਫ਼-ਪਸੰਦ, ਸਰਬੱਤ ਦਾ ਭਲਾ ਲੋਚਣ ਵਾਲੇ; ਗਰੀਬਾਂ, ਨਿਤਾਣਿਆਂ, ਨਿਆਸਰਿਆਂ ਦੀ ਰਖਿਆ ਕਰਨ ਵਾਲੇ, ਸੱਚ ਦੀ ਖ਼ਾਤਰ ਜੂਝਣ ਵਾਲੇ, ਪਾਪੀਆਂ ਨੂੰ ਦੰਡ ਦੇਣ ਵਾਲੇ, ਦੁਸ਼ਟ-ਸੰਘਾਰਕ...ਬਣ ਜਾਂਦੇ ਹਨ।

ਅਧਿਆਤਮਿਕ ਤੇ ਨੈਤਿਕ ਗੁਣਾਂ ਦੇ ਧਾਰਨੀ ਬਣਨ ਲਈ 'ਪੀਰੀ' ਦੇ ਕਰਮ ਦੀ ਲੋੜ ਹੈ; ਤੇ ਦੁਸ਼ਟ ਸੰਘਾਰਨ, ਦੀਨਾਂ ਦੀ ਰਖਿਆ ਤੇ ਸੱਚ-ਧਰਮ ਦਾ ਬੋਲਬਾਲਾ ਕਰਨ ਲਈ 'ਮੀਰੀ' ਦੇ ਕਰਮ ਦੀ ਲੋੜ ਹੈ। ਇਸ ਲਈ ਇਹ ਦੋਵੇਂ ਗੁਣ ਇਕੋ ਵਿਅਕਤੀ ਵਿਚ ਹੋਣੇ ਜ਼ਰੂਰੀ ਹਨ। ਇਸੇ ਲਈ ਗੁਰੂ ਸਾਹਿਬਾਨ ਨੇ ਮੀਰੀ ਤੇ ਪੀਰੀ, ਭਗਤੀ ਤੇ ਸ਼ਕਤੀ, ਸੰਤਪੁਣਾ ਤੇ ਸਿਪਾਹੀਪੁਣਾ, ਅਧਿਆਤਮਿਕਤਾ ਤੇ ਸੰਸਾਰਿਕਤਾ ਨੂੰ ਆਪਸ ਵਿਚ ਜੋੜ ਦਿੱਤਾ ਹੈ।

ਗੁਰੂ ਸਾਹਿਬਾਂ ਦੀ ਸਿਖਿਆ ਤੋਂ ਸਪੱਸ਼ਟ ਹੈ ਕਿ ਬਘਿਆੜਾਂ ਅੱਗੇ ਭੇਡਾਂ-ਬੱਕਰੀਆਂ ਬਣਨ ਦੀ ਥਾਂ, ਉਨ੍ਹਾਂ (ਬਘਿਆੜਾਂ/ਅੱਤਿਆਚਾਰੀਆਂ) ਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ; ਜ਼ੁਲਮ ਸਹਿਣਾ ਕਾਇਰਤਾ ਤੇ ਪਾਪ ਹੈ। ਨਾ ਕੇਵਲ ਆਪਣੇ ਧਰਮ ਦੀ ਰਾਖੀ ਕਰਨੀ, ਸਗੋਂ ਦੂਜਿਆਂ ਦੇ ਵਿਸ਼ਵਾਸਾਂ, ਧਰਮ, ਹੱਕਾਂ ਤੇ ਪੱਤ-ਇੱਜ਼ਤ ਦੀ ਵੀ ਰਾਖੀ ਕਰਨੀ ਹੈ। ਇਹ ਕੁਝ ਕਰਨ ਲਈ ਅੰਤਿਮ ਉਪਾਅ ਦੇ ਤੌਰ ਤੇ, ਹਥਿਆਰਾਂ ਦੀ ਲੋੜ ਵੀ ਪੈਂਦੀ ਹੈ ਅਤੇ ਸਿੱਖ ਦੀ ਕਿਰਪਾਨ ਇਸ ਦੀ ਪ੍ਰਤੀਕ ਹੈ।

ਭਗਤ/ਸੰਤ ਦੀ ਤਲਵਾਰ ਕਦੇ ਵੀ ਜ਼ੁਲਮ ਕਰਨ ਲਈ ਨਹੀਂ ਚਲਦੀ ਸਗੋਂ ਜ਼ੁਲਮ ਨੂੰ ਰੋਕਣ ਲਈ ਚਲਦੀ ਹੈ; ਪਰਉਪਕਾਰ ਲਈ ਚਲਦੀ ਹੈ। ਸਾਰਾ ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ।

ਮੀਰੀ ਤੇ ਪੀਰੀ ਦਾ ਸੁਮੇਲ 'ਮੀਰ' ਨੂੰ ਤਾਕਤ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਜ਼ੁਲਮ ਕਰਨ ਤੋਂ ਰੋਕਦਾ ਹੈ। ਇੰਨਾ ਹੀ ਨਹੀਂ ਮੀਰ ਨੂੰ ਪਰਉਪਕਾਰ ਦੇ ਰਾਹ ਤੇ ਤੋਰ ਦਿੰਦਾ ਹੈ। ਪੀਰੀ-ਹੀਣ ਮੀਰ ਤਾਂ ਜੰਗ ਵਿਚ ਸਭ ਕੁਝ ਜਾਇਜ਼ ਸਮਝਦਾ ਹੈ; ਵਿਰੋਧੀਆਂ ਦਾ ਧਨ-ਮਾਲ ਲੁੱਟਣਾ ਤੇ ਉਨ੍ਹਾਂ ਦੀਆਂ ਧੀਆਂ-ਭੈਣਾਂ ਤੇ ਬਹੂ-ਬੇਟੀਆਂ ਦੀ ਇੱਜ਼ਤ ਨਾਲ ਖੇਡਣ ਨੂੰ ਆਪਣਾ ਹੱਕ ਸਮਝਦਾ ਹੈ ਪਰ ਜਦੋਂ ਮੀਰੀ ਨਾਲ ਪੀਰੀ ਆ ਰਲਦੀ ਹੈ ਤਾਂ ਮੀਰ ਦਾ ਜੀਵਨ ਹੀ ਬਦਲ ਜਾਂਦਾ ਹੈ। ਉਹ ਲੜਾਈ ਵਿਚ ਨੈਤਿਕਤਾ ਦਾ ਪੱਲਾ ਘੁੱਟ ਕੇ ਫੜੀ ਰੱਖਦਾ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ ਸੰਤ-ਸਿਪਾਹੀ ਸਿੱਖਾਂ ਦਾ 18ਵੀਂ ਸਦੀ ਦਾ ਆਚਰਨ ਹੈ, ਜਿਹੜੀ ਪੂਰੀ ਸਦੀ ਸਿੱਖਾਂ ਨੇ ਸੰਘਰਸ਼ ਵਿਚ ਲਾ ਦਿੱਤੀ; ਪਹਿਲਾਂ ਆਪਣੀ ਹੋਂਦ ਨੂੰ ਬਚਾਉਂਦਿਆਂ ਤੇ ਫਿਰ ਆਪਣੇ ਬੋਲ-ਬਾਲੇ ਸਥਾਪਿਤ ਕਰਦਿਆਂ।

ਅਹਿਮਦ ਸ਼ਾਹ ਅਬਦਾਲੀ ਨੇ ਸੰਨ 1747 ਤੋਂ 1767 ਤੱਕ ਪੰਜਾਬ ਤੇ ਅੱਠ ਹਮਲੇ ਕੀਤੇ। ਸੱਤਵੇਂ ਹਮਲੇ ਵਿਚ (1764) ਉਸ ਦੀ ਫ਼ੌਜ ਵਿਚ ਕਾਜ਼ੀ ਨੂਰ ਮੁਹੰਮਦ ਨਾਮ ਦਾ ਇਤਿਹਾਸਕਾਰ ਵੀ ਆਇਆ ਸੀ। ਲੜਾਈਆਂ ਵਿਚ ਉਸ ਦਾ ਸਿੱਖਾਂ ਨਾਲ ਸਿੱਧਾ ਵਾਹ ਪਿਆ। ਉਸ ਨੇ ਆਪਣੇ 'ਜੰਗਨਾਮੇ' ਵਿਚ ਈਰਖਾ ਵੱਸ ਸਿੱਖਾਂ ਵਾਸਤੇ 'ਸਗ' ਲਫ਼ਜ਼ ਵਰਤਿਆ, ਜਿਸ ਦਾ ਅਰਥ 'ਕੁੱਤਾ' ਹੈ। ਪਰ, ਉਹ ਸਿੱਖਾਂ ਦੀ ਬਹਾਦਰੀ ਅਤੇ ਉੱਚੇ ਸੁੱਚੇ ਗੁਣਾਂ ਦਾ ਜ਼ਿਕਰ ਕਰਨੋਂ ਨਾ ਰਹਿ ਸਕਿਆ। ਉਹ ਸੰਤ-ਸਿਪਾਹੀ ਸਿੱਖਾਂ ਬਾਰੇ ਲਿਖਦਾ ਹੈ :

"ਸਿੱਖਾਂ ਨੂੰ ਸਗ (ਕੁੱਤੇ) ਨਾ ਆਖ, ਉਹ ਸ਼ੇਰ ਹਨ। ਉਹ ਮਰਦਾਂ ਦੇ ਮਰਦ ਸ਼ੇਰਾਂ ਵਾਂਗ ਦਲੇਰ ਹਨ...ਜੇ ਤੈਨੂੰ ਲੜਾਈ ਦਾ ਢੰਗ ਸਿੱਖਣ ਦਾ ਚਾਅ ਹੈ, ਤਾਂ ਰਣ-ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ; ਉਹ ਤੈਨੂੰ ਜੰਗ ਦੇ ਐਸੇ ਢੰਗ ਸਿਖਾਉਣਗੇ ਕਿ ਸਾਰੇ ਪਏ ਵਾਹ-ਵਾਹ ਕਰਨ...।"

"ਲੜਨ ਦੇ ਢੰਗ ਤੋਂ ਇਲਾਵਾ ਇਨ੍ਹਾਂ ਦਾ ਇਕ ਹੋਰ ਗੁਣ ਵੀ ਸੁਣਨ ਵਾਲਾ ਹੈ। ਉਸ ਗੁਣ ਵਿਚ ਇਹ ਹੋਰਨਾਂ ਸੂਰਮਿਆਂ ਨਾਲੋਂ ਬਹੁਤ ਅੱਗੇ ਵਧੇ ਹੋਏ ਹਨ। ਇਹ ਉਸ ਮਰਦ ਨੂੰ ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ ਕਦੇ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਪਕੜਦੇ ਹਨ। ਇਹ ਕਿਸੇ ਇਸਤ੍ਰੀ ਦਾ ਗਹਿਣਾ-ਰੁਪਿਆ ਨਹੀਂ ਲੁੱਟਦੇ, ਭਾਵੇਂ ਉਹ ਸੁਆਣੀ ਹੋਵੇ, ਭਾਵੇਂ ਗੋਲੀ-ਬਾਂਦੀ (ਦਾਸੀ)। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ ਤੇ ਨਾ ਹੀ ਇਹ ਚੋਰੀ ਕਰਦੇ ਹਨ। ਇਸਤਰੀ ਭਾਵੇਂ ਜਵਾਨ ਹੋਵੇ ਭਾਵੇਂ ਬਿਰਧ, ਉਸ ਨੂੰ 'ਬੁੱਢੀ' ਹੀ ਆਖਦੇ ਹਨ। ਬੁੱਢੀ ਦੇ ਅਰਥ ਹਿੰਦੁਸਤਾਨ ਵਿਚ 'ਵੱਡੀ ਉਮਰ ਵਾਲੀ ਔਰਤ' ਦੇ ਹੀ ਕੀਤੇ ਜਾਂਦੇ ਹਨ। ਨਾ ਹੀ ਇਹ ਚੋਰੀ ਕਰਦੇ ਹਨ, ਨਾ ਸੰਨ੍ਹ ਮਾਰਦੇ ਹਨ। ਇਹ ਚੋਰੀ ਕਰਨ ਵਾਲੇ ਤੇ ਸੰਨ੍ਹ ਮਾਰਨ ਵਾਲੇ ਨੂੰ ਆਪਣਾ ਮਿੱਤਰ ਨਹੀਂ ਬਣਾਉਂਦੇ।"[63]

ਇਤਿਹਾਸ ਵਿਚ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਦੋਂ ਸਿੱਖਾਂ ਨੇ ਜੰਗ ਵਿਚ 'ਮੀਰੀ-ਪੀਰੀ' ਦੇ ਸਿਧਾਂਤ 'ਤੇ ਦ੍ਰਿੜ੍ਹ ਰਹਿੰਦਿਆਂ ਆਚਰਨ ਦੀ ਸ਼ੁੱਧਤਾ ਨੂੰ ਕਾਇਮ ਰੱਖਿਆ।

ਨਵੰਬਰ 1763 ਵਿਚ ਸਿੱਖਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਵਿਚਕਾਰ ਸਿਆਲਕੋਟ ਵਿਖੇ ਜੰਗ ਹੋਇਆ। ਜਹਾਨ ਖ਼ਾਨ ਹਾਰ ਕੇ, ਬੜੀ ਤੇਜ਼ੀ ਨਾਲ ਪਿਸ਼ਾਵਰ ਵੱਲ ਭੱਜ ਗਿਆ। ਇਸਤਰੀਆਂ ਸਮੇਤ ਉਸ ਦੇ ਸਭ ਰਿਸ਼ਤੇਦਾਰ ਅਤੇ ਸੰਬੰਧੀ ਸਿੱਖਾਂ ਦੇ ਹੱਥ ਆ ਗਏ, ਪਰ ਸਿੱਖਾਂ ਨੇ ਉਨ੍ਹਾਂ ਸਭਨਾਂ ਨੂੰ ਸਹੀ-ਸਲਾਮਤ ਜੰਮੂ

ਭੇਜ ਦਿੱਤਾ।[4]

ਉਪ੍ਰੋਕਤ ਘਟਨਾ ਦਾ ਜ਼ਿਕਰ ਸੋਹਨ ਲਾਲ, ਅਹਿਮਦ ਸ਼ਾਹ ਬਟਾਲੀਆ, ਅਲੀ-ਉਦ-ਦੀਨ ਆਦਿਕਾਂ ਨੇ ਕੀਤਾ ਹੈ। ਆਪਣੇ ਦੁਸ਼ਮਣਾਂ ਦੀਆਂ ਧੀਆਂ-ਭੈਣਾਂ ਤੇ ਬੱਚਿਆਂ ਨੂੰ ਆਪਣੀਆਂ ਧੀਆਂ-ਭੈਣਾਂ ਤੇ ਬੱਚੇ ਸਮਝਣਾ ਇਹ ਮੀਰੀ-ਪੀਰੀ ਦੇ ਮੁਦਈ ਸੰਤ-ਸਿਪਾਹੀਆਂ ਦੇ ਹੀ ਹਿੱਸੇ ਆਇਆ ਹੈ। ਯਾਦ ਰਹੇ, ਇਸੇ ਹੀ ਅਹਿਮਦਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਇਕ ਸਾਲ ਨੌਂ ਮਹੀਨੇ ਪਹਿਲਾਂ (ਫਰਵਰੀ, 1762 ਵਿਚ) ਵੱਡੇ ਘੱਲੂਘਾਰੇ ਸਮੇਂ ਲਗਪਗ 30 ਹਜ਼ਾਰ ਸਿੱਖਾਂ ਨੂੰ ਇਕੋ ਦਿਨ ਵਿਚ ਸ਼ਹੀਦ ਕੀਤਾ ਸੀ।

### *ਪੀਰੀ ਵਿਚੋਂ ਮੀਰੀ ਦਾ ਜਨਮ*

ਗੁਰਮਤਿ ਦੀ ਪੀਰੀ, ਭਗਤੀ ਅਥਵਾ ਨਾਮ ਸਿਮਰਨ ਦਾ ਮੰਤਵ ਮਨੁੱਖ ਨੂੰ 'ਹਰਿ ਜੈਸਾ' ਬਣਾਉਣਾ ਹੈ। ਉਸ ਦਾ ਢੰਗ ਹੈ ਹਰਿ-ਪ੍ਰਭੂ ਦੀਆਂ ਵਡਿਆਈਆਂ ਅਥਵਾ ਗੁਣਾਂ ਦੀ ਵੀਚਾਰ, ਗੁਣ-ਗਾਇਨ ਜਾਂ ਸਿਫ਼ਤ-ਸਲਾਹ। ਇਸ ਤਰ੍ਹਾਂ 'ਜਿਨ ਹਰਿ ਜਪਿਆ, ਸੇ ਹਰਿ ਹੋਇ' ਵਾਲੀ ਅਵਸਥਾ ਵਾਪਰਦੀ ਹੈ।

ਮੰਗਲਾਚਰਣ ਵਿਚ ਪ੍ਰਭੂ ਦੇ ਪ੍ਰਮੁੱਖ ਗੁਣ ਬਿਆਨੇ ਗਏ ਹਨ, ਜਿਨ੍ਹਾਂ ਵਿਚ 'ਨਿਰਭਉ' ਅਤੇ 'ਨਿਰਵੈਰੁ' ਵੀ ਸ਼ਾਮਿਲ ਹਨ। ਇਹ ਦੋਵੇਂ ਹੀ 'ਮੀਰੀ' ਲਈ ਅਤੀ ਜ਼ਰੂਰੀ ਹਨ। 'ਪੀਰੀ' ਦੇ ਇਨ੍ਹਾਂ ਗੁਣਾਂ ਨੂੰ ਧਾਰਨ ਕਰਕੇ ਹੀ ਮਨੁੱਖ 'ਮੀਰ' (ਸਿਪਾਹੀ-ਯੋਧਾ) ਬਣ ਸਕਦਾ ਹੈ। ਇਸ ਤਰ੍ਹਾਂ 'ਮੀਰ' ਬਣਨ ਤੋਂ ਪਹਿਲਾਂ ਪੀਰੀ ਦੇ ਮਾਰਗ ਤੇ ਚੱਲਣਾ ਅਤੀ ਜ਼ਰੂਰੀ ਹੈ।

ਨਿਰਭਉ ਬਣਨ (ਤੇ ਬਾਕੀ ਰੱਬੀ ਗੁਣਾਂ ਨੂੰ ਧਾਰਨ ਕਰਨ) ਲਈ ਪ੍ਰਭੂ ਦਾ ਨਾਮ-ਸਿਮਰਨ ਕਰਨਾ ਹੀ ਇਕੋ-ਇਕ ਰਾਹ ਹੈ :

> ਨਿਰਭਉ ਜਪੈ, ਸਗਲ ਭਉ ਮਿਟੈ॥
>
> *(ਗਉੜੀ, ਸੁਖਮਨੀ, ਮ: ੫, ੨੯੩)*

> ਜਿਨ ਨਿਰਭਉ, ਜਿਨ ਹਰਿ ਨਿਰਭਉ ਧਿਆਇਆ ਜੀ,
> ਤਿਨ ਕਾ ਭਉ ਸਭੁ ਗਵਾਸੀ॥
>
> *(ਆਸਾ, ਮ: ੪, ਸੋ ਪੁਰਖੁ-੧੧)*

ਇਸੇ ਸਿਧਾਂਤ ਅਨੁਸਾਰ ਹੀ ਸਤਿਗੁਰਾਂ ਨੇ ਬਾਹਰੀ ਤੌਰ 'ਤੇ ਸੂਰਮਾ ਬਣਨ ਤੋਂ ਪਹਿਲਾਂ ਅੰਦਰੂਨੀ ਤੌਰ ਤੇ ਸੂਰਮਾ (ਪੀਰ) ਬਣਨ ਦੀ ਪ੍ਰੇਰਨਾ ਦਿੱਤੀ ਹੈ। ਅੰਦਰੂਨੀ ਦੁਸ਼ਮਣਾਂ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰਨ ਤੋਂ ਬਾਅਦ ਹੀ ਮਨੁੱਖ ਬਾਹਰੀ ਦੁਸ਼ਮਣਾਂ ਦਾ ਟਾਕਰਾ ਕਰ ਸਕਦਾ ਹੈ; ਉਨ੍ਹਾਂ 'ਤੇ ਫਤਹਿ ਪਾ ਸਕਦਾ ਹੈ :

> ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
> ਸੋ ਕਹੀਅਤ ਹੈ ਸੂਰਾ॥
> ਆਤਮ ਜਿਣੈ, ਸਗਲ ਵਸਿ ਤਾ ਕੈ,
> ਜਾ ਕਾ ਸਤਿਗੁਰੁ ਪੂਰਾ॥
>
> *(ਧਨਾਸਰੀ, ਮ: ੫-੬੭੯-੮੦)*

ਨਾਨਕ, ਸੋ ਸੂਰਾ ਵਰੀਆਮੁ,
ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥

*(ਮ: ੩, ਸਿਰੀ ਰਾਗੁ ਕੀ ਵਾਰ, ੮੬)*

ਜਿਨਿ ਮਿਲਿ ਮਾਰੇ ਪੰਚ ਸੂਰਬੀਰ, ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ, ਸੋ ਪੂਰਾ ਇਹ ਕਲੀ ਰੇ ॥

*(ਆਸਾ, ਮ: ੫–੪੦੪)*

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ, ਦਯੁ ਬੈਠਾ ਵੇਖੈ ਆਪਿ ਜੀਉ ॥ ੧੭ ॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ, ਗੁਰ ਥਾਪੀ ਦਿਤੀ ਕੰਡਿ ਜੀਉ ॥ ੧੮ ॥

*(ਸਿਰੀਰਾਗੁ, ਮ: ੫–੭੪)*

ਪ੍ਰਭੂ ਦਾ ਸੁਭਾਅ ਨਿਆਂ ਕਰਨਾ ਹੈ। ਉਹ ਗੁਰਮੁਖਾਂ ਨੂੰ ਵਡਿਆਈ ਦਿੰਦਾ ਹੈ, ਨਿਆਸਰਿਆਂ ਦਾ ਆਸਰਾ ਹੈ, ਧਰਮੀਆਂ ਦੀ ਜੈ-ਜੈਕਾਰ ਕਰਾਉਂਦਾ ਹੈ ਅਤੇ ਪਾਪੀਆਂ ਦੁਸ਼ਟਾਂ ਨੂੰ ਦੰਡ ਦਿੰਦਾ ਹੈ :

ਹਰਿ ਜਲਿ ਥਲਿ ਮਹੀਅਲਿ ਭਰਪੂਰਿ, ਦੂਜਾ ਨਾਹਿ ਕੋਇ ॥
ਹਰਿ ਆਪਿ ਬਹਿ ਕਰੇ ਨਿਆਉ, ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ, ਹਰਿ ਧਰਮ ਨਿਆਉ ਕੀਓਇ ॥
ਸਭ ਹਰਿ ਕੀ ਕਰਹੁ ਉਸਤਤਿ, ਜਿਨਿ ਗਰੀਬ ਅਨਾਥ ਰਾਖਿ ਲੀਓਇ ॥
ਜੈਕਾਰੁ ਕੀਓ ਧਰਮੀਆ ਕਾ, ਪਾਪੀ ਕਉ ਡੰਡੁ ਦੀਓਇ ॥ ੧੬ ॥

*(ਸਿਰੀ ਰਾਗ ਕੀ ਵਾਰ, ਮ: ੪–੮੯)*

ਐਸੇ ਪ੍ਰਭੂ (ਦੇ ਗੁਣਾਂ ਦਾ) ਸਿਮਰਨ ਕਰਨ ਵਾਲੇ ਹੀ ਇਨਸਾਫ਼-ਪਸੰਦ, ਸੱਚ-ਧਰਮ ਦੇ ਹਮਾਇਤੀ, ਗਰੀਬਾਂ ਦੇ ਰਖਿਅਕ ਅਤੇ ਦੁਸ਼ਟਾਂ ਦੇ ਭੱਖਿਅਕ ਬਣ ਸਕਦੇ ਹਨ। ਇਸ ਤਰ੍ਹਾਂ, ਇਹ ਸਪੱਸ਼ਟ ਹੈ ਕਿ ਪੀਰੀ (ਭਗਤੀ) ਵਿਚੋਂ ਹੀ ਮੀਰੀ (ਸਿਪਾਹੀਪੁਣਾ) ਜਨਮ ਲੈਂਦੀ ਹੈ।

### *ਮੀਰੀ-ਪੀਰੀ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ*

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਮੀਰੀ ਤੋਂ ਸੱਖਣਾ ਮਨੁੱਖ ਜਾਂ ਸਮਾਜ ਸਰੀਰਿਕ, ਮਾਨਸਿਕ ਤੇ ਆਤਮਿਕ ਪੱਖੋਂ ਨਿਰਬਲ ਹੋ ਜਾਂਦਾ ਹੈ। ਉਹ ਹਰ ਸਮੇਂ ਭੈ-ਭੀਤ ਰਹਿੰਦਾ ਹੈ। ਉਸ ਨੂੰ ਕਈ ਤਰ੍ਹਾਂ ਦੇ ਡਰ ਸਤਾਉਂਦੇ ਰਹਿੰਦੇ ਹਨ; ਜਿਵੇਂ ਕਿ ਅੰਧ-ਵਿਸ਼ਵਾਸਾਂ ਤੇ ਪੁਜਾਰੀਆਂ ਦਾ ਡਰ, ਮੌਤ ਦਾ ਡਰ, ਸਮਾਜ

ਜਾਂ ਕੁੱਲ ਦਾ ਡਰ, ਰਾਜ-ਸੱਤਾ 'ਤੇ ਕਾਬਜ਼ ਲੋਕਾਂ ਦਾ ਡਰ, ਦੁਸ਼ਟਾਂ/ਅੱਤਿਆਚਾਰੀਆਂ ਦਾ ਡਰ। ਹੌਲੀ-ਹੌਲੀ ਅਜਿਹੇ ਲੋਕਾਂ ਦੀ ਆਤਮਾ ਜਾਂ ਜ਼ਮੀਰ ਦੀ ਆਵਾਜ਼ ਮਰ ਜਾਂਦੀ ਹੈ। ਇਹੋ ਜਿਹੇ ਲੋਕ ਜਿਊਂਦਿਆਂ ਹੀ ਮੁਰਦਿਆਂ ਸਮਾਨ ਹੁੰਦੇ ਹਨ।

ਜਦੋਂ ਇਹੋ ਜਿਹੇ ਲੋਕ ਰਾਜਨੀਤਕ ਡਰ ਕਾਰਨ ਗੁਲਾਮੀ ਸਵੀਕਾਰ ਕਰ ਲੈਂਦੇ ਹਨ ਤਾਂ ਉਨ੍ਹਾਂ ਦਾ ਜੀਵਨ ਘੋਰ-ਨਰਕ ਬਣ ਜਾਂਦਾ ਹੈ। ਉਹ ਆਪਣੇ ਵਿਚਾਰਾਂ ਅਨੁਸਾਰ ਜੀਵਨ ਨਹੀਂ ਜੀਅ ਸਕਦੇ, ਉਹ ਆਪਣੇ ਧਰਮ ਦੀ ਪਾਲਨਾ ਨਹੀਂ ਕਰ ਸਕਦੇ, ਸਗੋਂ ਹਾਕਮਾਂ ਦੇ ਧਰਮ ਦੀ ਉਸਤਤਿ ਕਰਦੇ ਹਨ, ਹਾਕਮਾਂ ਦਾ ਸਭਿਆਚਾਰ ਅਪਣਾਉਂਦੇ ਹਨ। ਗੁਰੂ ਸਾਹਿਬ ਆਪਣੇ ਸਮੇਂ ਦੇ ਲੋਕਾਂ ਬਾਰੇ ਆਖਦੇ ਹਨ ਕਿ ਉਨ੍ਹਾਂ ਨੇ ਵਿਦੇਸ਼ੀ ਹਕੂਮਤ ਨੂੰ ਸਵੀਕਾਰ ਕਰ ਲਿਆ ਹੈ; ਉਹ ਲੋਕ ਲੁਕ-ਛਿਪ ਕੇ ਹੀ ਪਾਠ ਪੂਜਾ ਕਰਦੇ ਹਨ, ਪਰ ਬਾਹਰ ਹਾਕਮਾਂ ਦੇ ਧਰਮ ਦੀ ਉਸਤਤ ਕਰਦੇ ਹਨ, ਉਹ ਬੋਲੀ ਹਾਕਮਾਂ ਵਾਲੀ ਬੋਲਦੇ ਹਨ; ਉਹ ਉਹੋ ਕੁਝ ਖਾਂਦੇ ਅਤੇ ਪਹਿਨਦੇ ਹਨ ਜੋ ਹਾਕਮਾਂ ਨੂੰ ਚੰਗਾ ਲਗਦਾ ਹੈ। ਉਨ੍ਹਾਂ ਵਿਚ ਅਣਖ ਜਾਂ ਸੂਰਬੀਰਤਾ ਉੱਕੀ ਹੀ ਨਹੀਂ। ਗੁਰੂ ਸਾਹਿਬ ਦੇ ਆਪਣੇ ਬਚਨ ਹਨ :

(ੳ) ਖਾਣ-ਪੀਣ ਬਾਰੇ :

ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥

*(ਆਸਾ ਕੀ ਵਾਰ–੪੭੨)*

[ਅਰਥ : ਇਨ੍ਹਾਂ ਲੋਕਾਂ ਦੀ ਖੁਰਾਕ ਉਹੀ ਬੱਕਰਾ ਹੈ, ਜੋ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਹੈ (ਭਾਵ, ਜੋ ਮੁਸਲਮਾਨਾਂ ਦਾ ਤਿਆਰ ਕੀਤਾ ਹੋਇਆ ਹੈ, ਪਰ ਆਖਦੇ ਹਨ ਕਿ) ਸਾਡੇ ਚੌਕੇ ਤੇ ਕੋਈ ਹੋਰ ਮਨੁੱਖ ਨਾ ਆ ਚੜ੍ਹੇ।]

(ਅ) ਵਸਤਰਾਂ ਬਾਰੇ : ਲੋਕ ਵਸਤਰ ਵੀ ਉਹੀ (ਨੀਲੇ ਰੰਗ ਦੇ) ਪਹਿਨਦੇ ਹਨ, ਜੋ ਹਾਕਮਾਂ ਨੂੰ ਪਸੰਦ ਹਨ :

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ, ਪੂਜਹਿ ਪੁਰਾਣੁ॥ *(ਆਸਾ ਕੀ ਵਾਰ–੪੭੨)*

ਅਤੇ–

ਨੀਲ ਬਸਤ੍ਰ ਲੇ ਕਪੜੇ ਪਹਿਰੇ,
ਤੁਰਕ ਪਠਾਣੀ ਅਮਲੁ ਕੀਆ॥

*(ਆਸਾ ਕੀ ਵਾਰ–੪੭੦)*

(ੲ) ਬੋਲੀ ਬਾਰੇ : ਆਪਣੀ ਬੋਲੀ ਦੀ ਥਾਂ ਲੋਕਾਂ ਨੇ ਹਾਕਮਾਂ ਦੀ ਬੋਲੀ ਦੀ ਸ਼ਬਦਾਵਲੀ ਅਪਣਾਅ ਲਈ ਹੈ :

ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ, ਐਸੀ ਕੀਰਤਿ ਚਾਲੀ॥ ੫॥

**ਕੂਜਾ ਬਾਂਗ ਨਿਵਾਜ, ਮੁਸਲਾ, ਨੀਲ ਰੂਪ ਬਨਵਾਰੀ॥**
**ਘਰਿ ਘਰਿ ਮੀਆ ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ॥ ੬॥**

*(ਬਸੰਤ, ਹਿੰਡੋਲ, ਮ: ੧–੧੧੯੧)*

(ਸ) **ਸੂਰਬੀਰਤਾ ਦਾ ਅਭਾਵ** : ਬ੍ਰਾਹਮਣੀ ਵਰਣ-ਵੰਡ ਅਨੁਸਾਰ ਖੱਤਰੀਆਂ ਦਾ ਕੰਮ ਸ਼ਸਤਰ-ਵਿਦਿਆ ਵਿਚ ਪ੍ਰਬੀਨ ਹੋਣਾ ਤੇ ਵੈਰੀਆਂ ਤੋਂ ਦੇਸ਼ ਨੂੰ ਬਚਾਉਣਾ ਸੀ। ਉਹ ਵੀ ਕਾਇਰ ਬਣ ਗਏ ਹਨ ਤੇ ਹਾਕਮਾਂ ਦੀ ਬੋਲੀ ਬੋਲਦੇ ਹਨ :

**ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ॥**

*(ਧਨਾਸਰੀ, ਮ: ੧–੬੬੩)*

### *ਮੀਰੀ ਦੇ ਅਭਾਵ ਨਾਲ ਧਾਰਮਿਕ ਗੁਲਾਮੀ :*

ਜਿਸ ਸਮਾਜ ਵਿਚ ਮੀਰੀ ਜਾਂ ਸੂਰਬੀਰਤਾ ਦਾ ਗੁਣ ਨਹੀਂ ਹੁੰਦਾ ਉਸ ਦੇ ਮਨੁੱਖ ਤੇ ਇਸਤ੍ਰੀਆਂ ਆਪਣੇ ਧਰਮ ਦੀ ਪਾਲਨਾ ਨਹੀਂ ਕਰ ਸਕਦੇ। ਇਸ ਗੱਲ ਨੂੰ ਗੁਰੂ ਨਾਨਕ ਸਾਹਿਬ ਆਸਾ ਕੀ ਵਾਰ ਦੇ ਹੇਠ ਲਿਖੇ ਸਲੋਕ ਨਾਲ ਉਦਾਹਰਣ ਦੇ ਕੇ ਸਮਝਾਉਂਦੇ ਹਨ :

**ਗਊ ਬਿਰਾਹਮਣ ਕਉ ਕਰੁ ਲਾਵਹੁ, ਗੋਬਰਿ ਤਰਣੁ ਨ ਜਾਈ॥**
**ਧੋਤੀ ਟਿਕਾ ਤੈ ਜਪਮਾਲੀ, ਧਾਨੁ ਮਲੇਛਾਂ ਖਾਈ॥**
**ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ॥**

*(ਆਸਾ ਕੀ ਵਾਰ–੪੭੧)*

ਗੁਰੂ ਸਾਹਿਬ ਦੱਸਦੇ ਹਨ ਕਿ ਇਕ ਬ੍ਰਾਹਮਣ ਗਊ ਨਾਲ ਲੈ ਕੇ ਨਦੀ ਪਾਰ ਕਰਨੀ ਚਾਹੁੰਦਾ ਹੈ। ਨਦੀ 'ਤੇ ਚੁੰਗੀ (ਟੈਕਸ) ਲੈਣ ਵਾਲਾ ਹਿੰਦੂ-ਖੱਤਰੀ ਹੈ। ਉਹ ਟੈਕਸ ਲਏ ਬਿਨਾਂ ਗਊ ਨੂੰ ਪਾਰ ਨਹੀਂ ਲਿਜਾਉਣ ਦਿੰਦਾ। ਬ੍ਰਾਹਮਣ ਟੈਕਸ ਲੈਣ ਵਾਲੇ ਨੂੰ ਆਖਦਾ ਹੈ ਕਿ ਜਿਸ ਗਊ ਨੂੰ ਉਹ (ਟੈਕਸ ਲੈਣ ਵਾਲਾ) ਮਾਤਾ ਆਖਦਾ ਹੈ, ਜਿਸਦੇ ਗੋਹੇ (ਗੋਬਰ) ਨਾਲ ਉਹ ਆਪਣਾ ਚੌਂਕਾ ਪਵਿੱਤਰ ਕਰਦਾ ਹੈ, ਉਸੇ ਉੱਤੇ ਟੈਕਸ ਕਿਉਂ ਲਾਉਂਦਾ ਹੈ? ਟੈਕਸ ਉਗਰਾਹੁਣ ਵਾਲਾ (ਖੱਤਰੀ) ਸਮੇਂ ਦੇ ਹਾਕਮ ਦੇ ਹੁਕਮ ਮੰਨਣ ਦੀ ਮਜਬੂਰੀ ਦੱਸਦਾ ਹੈ। ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਸਮੇਂ ਦੇ 'ਮੀਰ' ਨੇ ਆਪਣੀ ਗੁਲਾਮ ਕੌਮ ਦੇ ਧਰਮ ਨੂੰ ਕਿਸ ਤਰ੍ਹਾਂ ਢਾਹ ਲਾਈ ਸੀ। ਹਾਕਮ ਦੀ ਨੌਕਰੀ, ਮੀਰੀ ਤਿਆਗ ਚੁੱਕੇ ਗੁਲਾਮ ਨੂੰ, ਕਿਸ ਤਰ੍ਹਾਂ ਆਪਣੇ ਹੀ ਧਰਮ ਦੇ ਵਿਰੋਧੀ ਹੁਕਮਾਂ ਨੂੰ ਲਾਗੂ ਕਰਨ ਲਈ ਮਜਬੂਰ ਕਰਦੀ ਹੈ।

ਅਜਿਹੇ ਹਾਲਾਤ ਵਿਚ ਸਮੇਂ ਦਾ ਪੀਰ ਗੁਰੂ ਨਾਨਕ ਵੇਲੇ ਦੇ ਹਾਕਮਾਂ ਨੂੰ ਮੀਰ ਦੀ ਤਰ੍ਹਾਂ ਗੱਜ ਕੇ ਆਖਦਾ ਹੈ ਕਿ ਰਾਜੇ ਤਾਂ ਕਸਾਈ ਹਨ ਜੋ ਜਨਤਾ ਦਾ ਖ਼ੂਨ ਪੀ ਰਹੇ ਹਨ। ਉਹ (ਰਾਜੇ) ਸ਼ਿਕਾਰੀ ਦੀ ਤਰ੍ਹਾਂ ਹਰ ਵੇਲੇ ਲੋਕਾਂ ਨੂੰ ਲੁੱਟਣ ਦੀ ਤਾਕ ਵਿਚ ਬੈਠੇ ਰਹਿੰਦੇ ਹਨ। ਨੌਕਰ-ਚਾਕਰ ਉਸ ਰਾਜੇ-ਸ਼ੇਰ ਦੀਆਂ ਨਹੁੰਦਰਾਂ ਹਨ, ਜਿਨ੍ਹਾਂ ਨੇ ਕਲੇਜੇ ਜ਼ਖ਼ਮੀ ਕਰ ਕੇ ਸਦਾ ਖ਼ੂਨ ਨਾਲ ਮੂੰਹ ਭਰੀ ਰੱਖਣਾ ਇਕ ਸੁਭਾਵਕ-ਕਰਮ ਬਣਾ ਰੱਖਿਆ ਹੈ। ਰਾਜੇ–

ਸ਼ੇਰ ਤਾਂ ਮਾਸ ਦੀਆਂ ਬੋਟੀਆਂ ਹੀ ਖਾਂਦੇ ਹਨ, ਪਰ ਅਹਿਲਕਾਰ ਗਰੀਬਾਂ ਦੀ ਮਿੱਝ, ਰੱਤ ਚੱਟਣੋਂ ਵੀ ਪ੍ਰਵਾਹ ਨਹੀਂ ਕਰਦੇ :

ਕਲਿ ਕਾਤੀ, ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ ॥

*(ਮਾਝ ਕੀ ਵਾਰ–੧੪੫)*

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

*(ਵਾਰ ਮਲਾਰ ਕੀ–੧੨੮੮)*

ਰਤੁ ਪੀਣੇ ਰਾਜੇ, ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ ॥

*(ਮਾਝ ਕੀ ਵਾਰ–੧੪੨)*

ਜਦੋਂ ਬਾਬਰ-ਮੀਰ ਨੇ ਹਮਲਾ ਕੀਤਾ ਤੇ ਜਨਤਾ ਉਤੇ ਜ਼ੁਲਮ ਢਾਹੇ ਤਾਂ ਸਤਿਗੁਰੂ-ਪੀਰ ਨੇ ਬਾਬਰ ਦੇ ਸਾਹਮਣੇ ਹੋ ਕੇ ਉਸ ਨੂੰ ਜਾਬਰ ਆਖਿਆ। ਉਸ ਦੀ ਕੈਦ ਕੱਟੀ। ਉਸ ਦੇ ਹਮਲੇ ਬਾਰੇ ਚਾਰ ਸ਼ਬਦ ਉਚਾਰਨ ਕੀਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਨਾ 722, 360 ਅਤੇ 417 ਉਤੇ ਅੰਕਿਤ ਹਨ। ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਨੂੰ ਇਸ ਤਰ੍ਹਾਂ ਲਲਕਾਰ ਪਾਈ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥

*(ਤਿਲੰਗ, ਮ: ੧–੭੨੨)*

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲੁ ਚੜਾਇਆ ॥

*(ਆਸਾ, ਮ: ੧–੩੬੦)*

ਗੁਰੂ ਜੀ ਨੇ ਜਿਥੇ ਬਾਬਰ ਨੂੰ ਦੋਸ਼ੀ ਗਰਦਾਨਿਆ, ਉਥੇ ਇਥੋਂ ਦੇ ਪਠਾਣ ਹਾਕਮਾਂ ਨੂੰ ਵੀ ਝਾੜ ਪਾਈ ਕਿ ਜਦੋਂ ਤਿਆਰੀ ਕਰਨ ਦਾ ਵੇਲਾ ਸੀ, ਉਦੋਂ ਉਹ ਰੰਗ-ਰਲੀਆਂ ਮਾਨਣ ਵਿਚ ਮਸਤ ਰਹੇ, ਤੇ ਹੁਣ ਪੀਰ-ਫ਼ਕੀਰ ਫੜ ਕੇ ਤਸਬੀਆਂ ਫੇਰਨ ਲਾ ਦਿੱਤੇ ਹਨ। ਪਰ ਇਸ ਤਰ੍ਹਾਂ ਕਰਨ ਨਾਲ ਮੁਗਲ ਸੈਨਾ ਦਾ ਕੋਈ ਸੈਨਿਕ ਅੰਨ੍ਹਾ ਨਾ ਹੋਇਆ, ਸਗੋਂ ਪਠਾਣਾਂ ਨੂੰ ਜ਼ਲਾਲਤ ਭਰੀ ਹਾਰ ਹੋਈ :

ਕੋਟੀ ਹੂ ਪੀਰ ਵਰਜਿ ਰਹਾਏ, ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ, ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ ॥ ੪ ॥

*(ਆਸਾ, ਮ: ੧, ੪੧੭-੪੧੮)*

ਗੁਰੂ ਨਾਨਕ ਦੇਵ ਜੀ ਨੇ ਵੇਲੇ ਦੇ ਹਾਕਮਾਂ ਨੂੰ ਸਖ਼ਤ ਝਾੜ ਪਾ ਕੇ, ਹਮਲਾਵਰ ਬਾਬਰ ਨੂੰ ਖਰੀਆਂ-ਖਰੀਆਂ ਸੁਣਾ ਕੇ ਅਤੇ ਇਥੋਂ ਦੇ ਪਠਾਣਾਂ ਨੂੰ ਫ਼ਰਜ਼ਾਂ ਤੋਂ ਕੁਤਾਹੀ ਕਰਨ ਵਾਲੀ ਗੱਲ ਆਖ ਕੇ ਪੀਰ ਹੁੰਦਿਆਂ ਇਕ ਮੀਰ ਦਾ ਫ਼ਰਜ਼ ਨਿਭਾਇਆ। ਇੰਝ ਪੀਰੀ ਤੇ ਮੀਰੀ ਦੇ ਸੁਮੇਲ ਦੀ ਨੀਂਹ ਰੱਖ ਦਿੱਤੀ।

### ਮੀਰੀ-ਪੀਰੀ ਦੇ ਸਿਧਾਂਤ ਦਾ ਵਿਕਾਸ

ਗੁਰੂ ਨਾਨਕ ਦੇਵ ਜੀ ਦੀ ਤਰ੍ਹਾਂ ਬਾਕੀ ਪੀਰ (ਗੁਰੂ ਸਾਹਿਬ) ਮੀਰ ਵਾਲਾ ਫ਼ਰਜ਼ ਨਿਭਾਉਂਦੇ ਰਹੇ।

ਦੂਜੇ ਸਤਿਗੁਰੂ ਗੁਰੂ ਅੰਗਦ ਦੇਵ ਜੀ ਨੇ ਸਰੀਰਕ ਅਰੋਗਤਾ, ਤੰਦਰੁਸਤੀ ਤੇ ਮਜ਼ਬੂਤੀ ਲਈ 'ਮੱਲ ਅਖਾੜੇ' ਕਾਇਮ ਕੀਤੇ। ਜਿਨ੍ਹਾਂ ਵਿਚ ਨੌਜੁਆਨ ਸਰੀਰਕ ਕਸਰਤਾਂ ਕਰਦੇ, ਕੁਸ਼ਤੀਆਂ ਘੁਲਦੇ, ਕਬੱਡੀ ਖੇਡਦੇ ਤੇ ਹੋਰ ਮਰਦਾਵੀਆਂ ਖੇਡਾਂ ਖੇਡਦੇ ਸਨ। ਡਾ: ਸੰਗਤ ਸਿੰਘ ਅਨੁਸਾਰ 'ਮੱਲ ਅਖਾੜੇ' ਇਕ ਤਰ੍ਹਾਂ ਭਗਤੀ ਤੇ ਸ਼ਕਤੀ (ਪੀਰੀ ਤੇ ਮੀਰੀ) ਦੇ ਮਿਸ਼ਰਣ ਵੱਲ ਇਕ ਛੋਟਾ ਜਿਹਾ ਕਦਮ ਸੀ, ਜਿਸ ਕਾਰਜ ਵਿਚ ਫ਼ੌਜੀ ਹਿੰਮਤ ਵੀ ਉਪਜਾਈ ਜਾ ਰਹੀ ਸੀ।[65]

ਕਨੌਜ ਦੇ ਜੰਗ ਵਿਚੋਂ ਸ਼ੇਰਸ਼ਾਹ ਸੂਰੀ ਪਾਸੋਂ ਹਾਰ ਖਾ ਕੇ ਆਏ, ਹਮਾਯੂੰ ਨੇ ਉਦੋਂ ਤਲਵਾਰ ਦੀ ਮੁੱਠ ਨੂੰ ਹੱਥ ਪਾਇਆ ਸੀ, ਜਦੋਂ ਗੁਰੂ ਅੰਗਦ ਦੇਵ ਜੀ ਨੇ ਉਸ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ। ਗੁਰੂ ਜੀ ਨੇ ਉਸ ਸਮੇਂ ਮੀਰ ਦੀ ਤਰ੍ਹਾਂ ਨਿਰਭੈ ਹੋ ਕੇ ਆਖਿਆ, 'ਅੱਜ ਜਿਹੜੀ ਤਲਵਾਰ ਦਰਵੇਸ਼ਾਂ ਤੇ ਕੱਢ ਰਿਹਾ ਹੈਂ, ਉਹ ਸ਼ੇਰ ਸ਼ਾਹ ਸੂਰੀ ਦਾ ਟਾਕਰਾ ਕਰਨ ਦੀ ਥਾਂ ਮਿਆਨ ਵਿਚ ਕਿਉਂ ਵੜ ਗਈ ਸੀ?' ਇਹ ਸੁਣਦਿਆਂ ਹੀ ਹਮਾਯੂੰ ਦਾ ਸਾਰਾ ਪਾਰਾ ਲੱਥ ਗਿਆ ਸੀ।

ਗੁਰੂ ਅੰਗਦ ਦੇਵ ਜੀ ਨੇ ਮੀਰੀ ਦਾ ਪਾਠ ਪੜ੍ਹਾਉਂਦਿਆਂ ਹੋਇਆਂ ਮਾਲੂ ਸ਼ਾਹ ਨੂੰ ਆਖਿਆ ਸੀ ਕਿ ਗਰੀਬਾਂ, ਨਿਤਾਣਿਆਂ ਤੇ ਨਿਆਸਰਿਆਂ ਦੀ ਰਖਿਆ ਲਈ ਜੰਗ ਕਰਨਾ ਧਰਮ ਹੈ। ਜੰਗ ਵਿਚ ਵੈਰੀ ਦੀ ਵਧੇਰੇ ਗਿਣਤੀ ਤੋਂ ਨਹੀਂ ਘਬਰਾਉਣਾ ਚਾਹੀਦਾ, ਸਗੋਂ ਮਨੋਰਥ ਨੂੰ ਧਿਆਨ ਵਿਚ ਰੱਖਦਿਆਂ ਜੂਝਦਿਆਂ ਸ਼ਹੀਦੀ ਪ੍ਰਾਪਤ ਕਰ ਜਾਣੀ ਚਾਹੀਦੀ ਹੈ :

"ਆਧਿ ਉਪਾਧਿ ਕਿਸੈ ਨਾਲ ਨ ਕੀਜੈ। ਜੇ ਜੁਧ ਜ਼ਰੂਰ ਆਇ ਬਣੇ ਤਾਂ ਬਹੁਤਿਆਂ ਦੀ ਸ਼ੰਕਾ ਨਾ ਕੀਜੈ॥"

*(ਭਗਤ ਰਤਨਾਵਲੀ/ਗੁਰਮਤ ਮਾਰਤੰਡ, ਪੰਨਾ ੩੨੪)*

ਜੇ ਕਰ ਯੁਧ ਆਨ ਕਿਤ ਪਰੈ। ਅਲਪ ਕਿ ਬਹੁਤੇ ਨਹੀ ਬਿਚਰੈ॥
ਪੀਠ ਨ ਦੇਹ ਸਮੁਖ ਰਿਪੁ ਰਹੈ। ਨਿਰਭੈ ਸ਼ਸਤ੍ਰ ਬਹੈ, ਯਸ਼ ਲਹੈ॥

*(ਗੁਰ ਪ੍ਰਤਾਪ ਸੂਰਜ, ਰਾਸਿ ੧, ਅਧਿਆਇ ੧੨)*

ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਮੀਰ ਜਹਾਂਗੀਰ ਦੇ ਜ਼ੁਲਮਾਂ, ਖ਼ੌਫ਼ਨਾਕ ਅੱਤਿਆਚਾਰਾਂ ਨੂੰ ਸਹਿੰਦਿਆਂ ਸ਼ਹੀਦੀ ਦੇ ਕੇ ਇਕ ਪੀਰ ਦਾ ਫ਼ਰਜ਼ ਨਿਭਾਇਆ ਅਤੇ ਧਰਮੀ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਜ਼ਾਲਮ ਮੀਰ ਦੀ ਧੌਂਸ ਕਿਸੇ ਹਾਲਤ ਵਿਚ ਨਹੀਂ ਮੰਨਣੀ ਚਾਹੀਦੀ, ਸਗੋਂ ਸੱਚ, ਇਨਸਾਫ਼ ਅਤੇ ਪੀਰੀ ਦੀ ਰੱਖਿਆ ਦੀ ਖ਼ਾਤਰ ਜਾਨ ਵਾਰ ਦੇਣੀ ਚਾਹੀਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਹੀ, ਭਵਿੱਖ ਨੂੰ ਧਿਆਨ ਵਿਚ ਰੱਖਦਿਆਂ, ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਜੀ ਨੂੰ ਧਾਰਮਿਕ ਸਿਖਿਆ ਦੇ ਨਾਲ ਸ਼ਸਤਰ-ਵਿਦਿਆ ਦੀ ਸਿਖਲਾਈ

ਵੀ ਦਿਵਾਈ ਸੀ ਅਤੇ ਇਸ ਕੰਮ ਲਈ ਬਾਬਾ ਬੁੱਢਾ ਜੀ ਦੀ ਸੇਵਾ ਲਗਾਈ ਸੀ।

ਸ਼ਹੀਦੀ ਦੇਣ ਲਈ ਤੁਰਨ ਤੋਂ ਪਹਿਲਾਂ ਗੁਰੂ ਅਰਜਨ ਪਾਤਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਆਖ ਦਿੱਤਾ ਸੀ ਕਿ ਜੇ ਉਨ੍ਹਾਂ ਦੀ ਸ਼ਹੀਦੀ ਨਾਲ ਵੀ ਜ਼ਾਲਮ-ਪੀਰ ਦਾ ਹਿਰਦਾ ਨਾ ਪਸੀਜੇ ਤਾਂ ਤੁਸਾਂ ਹੱਥ ਵਿਚ ਹਥਿਆਰ ਫੜ ਕੇ ਧਰਮ ਦੀ ਰਖਿਆ ਕਰਨੀ ਹੈ।

ਗੁਰਬਾਣੀ, ਖ਼ਾਸ ਕਰਕੇ ਰਬਾਬੀ ਸਤੇ-ਬਲਵੰਡ ਦੀ 'ਰਾਮਕਲੀ ਕੀ ਵਾਰ' ਅਤੇ ਭੱਟਾਂ ਦੇ ਸਵੱਈਆਂ ਵਿਚ ਧਰਮ ਦ੍ਰਿੜ ਕਰਾਉਣ ਲਈ ਵੀ ਰਾਜਨੀਤਕ ਤੇ ਯੁੱਧ ਦੀ ਸ਼ਬਦਾਵਲੀ ਦੀ ਵਰਤੋਂ ਸਿੱਖਾਂ ਦੇ ਮਨਾਂ ਵਿਚ 'ਮੀਰੀ' ਭਰਨ ਦਾ ਸੰਕੇਤਕ ਯਤਨ ਪ੍ਰਤੀਤ ਹੁੰਦਾ ਹੈ। ਇਸ ਸ਼ਬਦਾਵਲੀ ਵਿਚ ਇਹ ਲਫ਼ਜ਼ (ਸ਼ਬਦ) ਆਮ ਵਰਤੇ ਗਏ ਹਨ—ਰਾਜ, ਕੋਟ (ਕਿਲ੍ਹਾ), ਛਤਰ, ਖੜਗ, ਤਖ਼ਤ, ਸੱਚਾ-ਪਾਤਸ਼ਾਹ, ਚੰਦੋਆ, ਘੋੜੇ, ਕਾਠੀ, ਧਨੁਖ, ਤੀਰ (ਬਾਣੁ), ਉਮਤਿ (ਪਰਜਾ/ਸੰਗਤ), ਰਾਜ-ਯੋਗ (ਮੀਰੀ-ਪੀਰੀ), ਸਤਿ ਸੂਰਉ, ਸੰਨਾਹ (ਸੰਜੋਅ) ਖੇਮਾ (ਚੰਦੋਆ), ਆਤਪਤੁ (ਛਤਰ) ਦਲਿ (ਫ਼ੌਜ)...ਆਦਿ।

### *ਛੇਵੇਂ ਪਾਤਸ਼ਾਹ ਵੇਲੇ ਮੀਰੀ-ਪੀਰੀ ਪਰਗਟ ਰੂਪ ਵਿਚ*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਮੀਰੀ-ਪੀਰੀ ਦੇ ਸਿਧਾਂਤ ਦੀ ਵਿਵਹਾਰਿਕ ਰੂਪ ਵਿਚ ਵਰਤੋਂ ਕੀਤੀ ਗਈ। 'ਅਕਾਲ ਤਖ਼ਤ' ਦੀ ਸਿਰਜਨਾ, ਗੁਰੂ ਸਾਹਿਬ ਦਾ 'ਮੀਰੀ-ਪੀਰੀ ਦੀਆਂ ਕਿਰਪਾਨਾਂ' ਧਾਰਨ ਕਰਕੇ ਉਥੇ 'ਸੱਚੇ ਪਾਤਸ਼ਾਹ' ਦੇ ਰੂਪ ਵਿਚ 'ਕਲਗੀ' ਸਜਾ ਕੇ ਵਿਰਾਜਣਾ, ਸਿੱਖਾਂ ਦੇ ਨਾਮ 'ਹੁਕਮਨਾਮੇ' ਜਾਰੀ ਕਰਨੇ, ਨਗਾਰਾ ਵਜਾਉਣਾ, ਅਕਾਲ ਤਖ਼ਤ 'ਤੇ ਮੀਰੀ-ਪੀਰੀ ਦੇ ਦੋ 'ਨਿਸ਼ਾਨ ਸਾਹਿਬ' ਝੁਲਾਉਣੇ ਅਤੇ ਉਤੇ ਉੱਘੀਆਂ ਸ਼ਖ਼ਸੀਅਤਾਂ ਦਾ ਮਿਲਣ ਆਉਣਾ, ਸਿੱਖਾਂ ਦੇ ਮਸਲਿਆਂ ਦੇ ਫੈਸਲੇ ਕਰਨਾ, ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਣੀਆਂ, ਸ਼ਸਤਰਾਂ ਦੇ ਅਭਿਆਸ ਹੋਣੇ, ਫ਼ੌਜਾਂ ਤਿਆਰ ਕਰਨਾ, ਸ਼ਿਕਾਰ ਖੇਡਣ ਜਾਣਾ..... ਆਦਿ ਮੀਰੀ ਤੇ ਪੀਰੀ ਦੇ ਪ੍ਰਤੱਖ ਸੁਮੇਲ ਦੀਆਂ ਉਦਾਹਰਣਾਂ ਹਨ।

ਗੁਰੂ-ਮੀਰ ਨੇ ਵੇਲੇ ਦੀ ਹਕੂਮਤ ਵਲੋਂ ਠੋਸੇ ਸਾਰੇ ਯੁੱਧ ਜਿੱਤ ਲਏ, ਇਹ ਮੀਰੀ ਤੇ ਪੀਰੀ ਦੇ ਸੁਮੇਲ ਦਾ ਸਿੱਟਾ ਸੀ।

ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਨੂੰ ਵੇਖ ਕੇ ਵਿਰੋਧੀਆਂ ਨੇ ਇਹ ਪ੍ਰਚਾਰ ਕਰਨਾ ਅਰੰਭ ਕਰ ਦਿੱਤਾ ਕਿ ਉਨ੍ਹਾਂ ਪਹਿਲੇ ਗੁਰੂ-ਸਾਹਿਬਾਨ ਵਾਲਾ ਰਸਤਾ ਛੱਡ ਕੇ ਨਵਾਂ ਰਸਤਾ ਅਪਨਾਅ ਲਿਆ ਹੈ। ਅਜਿਹੇ ਪ੍ਰਚਾਰ ਦਾ ਭਾਈ ਗੁਰਦਾਸ ਜੀ ਨੇ ਢੁਕਵਾਂ ਜਵਾਬ ਦਿੰਦਿਆਂ ਆਖਿਆ ਕਿ ਕਈ ਵਾਰ ਅਧਰਮੀਆਂ (ਬੇਮੁਖਾਂ) ਨੂੰ ਠੀਕ ਰਸਤੇ ਤੇ ਲਿਆਉਣ ਲਈ ਸ਼ਕਤੀ ਦੀ ਵਰਤੋਂ ਕਰਨੀ ਹੀ ਪੈਂਦੀ ਹੈ :

ਜਿਉਂ ਕਰਿ ਖੂਹਹੁ ਨਿਕਲੈ, ਗਲਿ ਬਧੇ ਪਾਣੀ।
ਜਿਉ ਮਣਿ ਕਾਲੇ ਸਪ ਸਿਰਿ, ਹਸਿ ਦੇਇ ਨ ਜਾਣੀ।
ਜਾਣ ਕਥੂਰੀ ਮਿਰਗ ਤਨਿ, ਮਰਿ ਮੁਕੈ ਆਣੀ।
ਤੇਲ ਤਿਲਹੁ ਕਿਉ ਨਿਕਲੈ, ਵਿਣੁ ਪੀੜੇ ਘਾਣੀ।

ਜਿਉ ਮੁਹੁ ਭੰਨੇ ਗਰੀ ਦੇ, ਨਲੀਏਰੁ ਨਿਸਾਣੀ।
ਬੇਮੁਖ ਲੋਹਾ ਸਾਧੀਐ, ਵਗਦੀ ਵਾਦਾਣੀ।

(ਵਾਰ ੩੪/੧੩)

[ਭਾਵ : ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ ਘੜੇ ਦਾ ਮੂੰਹ ਬੰਨ੍ਹਣਾ ਪੈਂਦਾ ਹੈ, ਕਾਲੇ ਸੱਪ ਨੂੰ ਮਾਰ ਕੇ ਹੀ ਮਣੀ ਪ੍ਰਾਪਤ ਕੀਤੀ ਜਾ ਸਕਦੀ ਹੈ, ਹਿਰਨ ਦੀ ਨਾਭੀ (ਧੁੰਨੀ) ਵਿਚੋਂ ਕਸਤੂਰੀ ਕੱਢਣ ਲਈ ਹਿਰਨ ਨੂੰ ਮਾਰਨਾ ਪੈਂਦਾ ਹੈ, ਤਿਲਾਂ ਵਿਚੋਂ ਤੇਲ ਕੋਹਲੂ ਵਿਚ ਪੀੜੇ ਜਾਣ ਮਗਰੋਂ ਹੀ ਨਿਕਲਦਾ ਹੈ, ਨਾਰੀਅਲ ਭੰਨਣ ਮਗਰੋਂ ਹੀ ਉਸ ਵਿਚੋਂ ਗਰੀ (ਗਿਰੀ) ਨਿਕਲਦੀ ਹੈ; ਤਿਵੇਂ, ਗੁਰੂ ਤੋਂ ਬੇਮੁਖ, ਜੋ ਲੋਹੇ ਸਮਾਨ ਸਖਤ ਹਨ, ਜੇ ਉਨ੍ਹਾਂ ਦੇ ਸਿਰ ਤੇ ਹਥੌੜੇ ਦੀਆਂ ਸੱਟਾਂ ਪੈਂਦੀਆਂ ਰਹਿਣ ਤਾਂ ਹੀ ਉਹ ਸਿੱਧੇ ਕੀਤੇ ਜਾ ਸਕਦੇ ਹਨ।]

ਵਿਰੋਧੀਆਂ ਵਰਗੇ ਵਿਚਾਰ ਹੀ ਪਿਛਲੀ ਸਦੀ ਦੇ ਕੁਝ ਇਤਿਹਾਸਕਾਰਾਂ, ਸਰ ਜਾਦੂਨਾਥ ਸਰਕਾਰ, ਟਰੰਪ, ਲਤੀਫ਼, ਗਾਰਡਨ, ਕਨਿੰਘਮ, ਇੰਦੂ ਭੂਸ਼ਨ ਬੈਨਰਜੀ ਤੇ ਗੋਕਲ ਚੰਦ ਨਾਰੰਗ ਆਦਿ ਨੇ ਦਿੱਤੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਨੂੰ 'ਸਿੱਖ ਇਤਿਹਾਸ ਵਿਚ ਮੋੜ' (Turning Point) ਆਖਿਆ ਹੈ। ਜਾਦੂ ਨਾਥ ਸਰਕਾਰ ਲਿਖਦਾ ਹੈ :

"ਗੁਰੂ ਨਾਨਕ ਜੀ ਦੀ ਫ਼ਕੀਰੀ ਦਾ ਸੀਤਲ ਸੋਮਾ ਫ਼ੌਜੀ ਛਾਉਣੀ ਦੇ ਮਾਰੂਥਲ ਵਿਚ ਜਾ ਕੇ ਸੁੱਕ ਗਿਆ।"

ਇਸ ਤਰ੍ਹਾਂ ਦੇ ਭੁਲੇਖਿਆਂ ਤੇ ਊਜਾਂ ਦਾ ਉੱਤਰ ਭਾਈ ਗੁਰਦਾਸ ਜੀ ਨੇ ਹੀ ਦਿੱਤਾ ਹੈ ਅਤੇ ਗੁਰੂ ਸਾਹਿਬ ਦੀ ਸ਼ਖਸੀਅਤ (ਦੀਨ ਦੁਨੀ ਦਾ ਪਾਤਸ਼ਾਹ ਵਾਲੇ ਅਧਿਆਇ) ਅਤੇ ਇਸ ਅਧਿਆਇ ਵਿਚ ਵਿਸਥਾਰ ਸਹਿਤ ਦਿੱਤਾ ਜਾ ਚੁੱਕਾ ਹੈ। ਇਹ ਗੱਲ ਨਿਰ-ਵਿਵਾਦ ਸਿੱਧ ਹੋ ਚੁੱਕੀ ਹੈ ਕਿ ਧਰਮ ਦੀ ਰਾਖੀ ਲਈ ਉਸ ਨੂੰ ਸ਼ਕਤੀ/ਸਿਆਸਤ ਦੀ ਵਾੜ ਲਾਉਣੀ ਪੈਂਦੀ ਹੈ। ਸਿੱਖ ਲਹਿਰ ਦੇ ਆਸ਼ਿਆਂ ਦੀ ਪੂਰਤੀ ਮੀਰੀ ਤੇ ਪੀਰੀ ਦੇ ਜੋੜ ਤੋਂ ਬਿਨਾਂ ਹੋ ਹੀ ਨਹੀਂ ਸੀ ਸਕਦੀ। ਪ੍ਰਿੰਸੀਪਲ ਸਤਿਬੀਰ ਸਿੰਘ ਦੇ ਇਹ ਸ਼ਬਦ ਬੜੇ ਭਾਵਪੂਰਤ ਹਨ :

"ਜਾਦੂਨਾਥ ਇਹ ਨਾ ਜਾਣ ਸਕੇ ਕਿ ਜੇ ਗੁਰੂ ਹਰਿਗੋਬਿੰਦ ਜੀ ਤਲਵਾਰਾਂ ਨਾ ਪਹਿਨਦੇ, ਫ਼ੌਜੀ ਛਾਉਣੀ ਨਾ ਬੰਨ੍ਹਦੇ, ਕਿਲ੍ਹੇਬੰਦੀ ਨਾ ਬਣਾਉਂਦੇ, ਪਨਾਹਗਾਰਾਂ ਨਾ ਉਸਾਰਦੇ ਤਾਂ ਇਹ ਸੋਮਾ 1606 ਈ: ਦੀ 30 ਮਈ ਤੋਂ ਬਾਅਦ ਵਗਣਾ ਹੀ ਨਹੀਂ ਸੀ। ਜੇ ਵਗਦਾ ਵੀ ਰਹਿੰਦਾ ਤਾਂ ਇਸ ਦੀ ਇਤਿਹਾਸ ਵਿਚ ਕੋਈ ਖਾਸ ਕਦਰ ਨਹੀਂ ਹੋਣੀ ਸੀ। ਇਹ ਤਲਵਾਰਾਂ ਤਾਂ ਸਗੋਂ ਮਾਰੂਥਲ ਵਿਚ ਉਤਸ਼ਾਹ ਦਾ ਜਲ ਬਣ ਆਈਆਂ। ਜਨਤਾ ਨੂੰ ਪਹਿਲੀ ਵਾਰ ਉਤਸ਼ਾਹ ਦੀ ਝਲਕ ਦਿੱਸੀ। ਸਹੀ ਅਰਥਾਂ ਵਿਚ ਗੁਰੂ ਨਾਨਕ ਦਾ ਘਰ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਧਿਰਿਆਂ ਦੀ ਧਿਰ ਬਣ ਗਿਆ। ਧਰਮ ਦੀ ਰਖਿਆ ਲਈ ਇਹ ਕਦਮ ਆਵੱਸ਼ਕ ਸੀ।"[66]

### ਛੇਵੀਂ ਪਾਤਸ਼ਾਹੀ ਦੇ ਮਗਰੋਂ

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਵੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਧ ਅਨੁਸਾਰ ਚੱਲੇ। ਉਨ੍ਹਾਂ ਦੋ ਹਜ਼ਾਰ ਘੋੜ ਸਵਾਰਾਂ ਦੀ ਫ਼ੌਜ ਕਾਇਮ ਰੱਖੀ। ਦਾਰਾ ਸ਼ਿਕੋਹ ਦੀ ਬੇਨਤੀ ਤੇ ਆਪ ਨੇਂ ਸਿੱਖ ਫ਼ੌਜ ਦੀ ਵਰਤੋਂ ਕਰ ਕੇ ਸ਼ਾਹ ਜਹਾਨ ਦੀ ਫ਼ੌਜ ਨੂੰ ਦਰਿਆ ਬਿਆਸ ਦੇ ਪੱਤਣ 'ਤੇ ਕਾਫ਼ੀ ਸਮੇਂ ਲਈ ਰੋਕੀ ਰਖਿਆ।

ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਨੇ ਬੜੀ ਦ੍ਰਿੜ੍ਹਤਾ ਨਾਲ 'ਨਹਿ ਮਲੇਛ ਕੋ ਦਰਸ਼ਨ ਦੇ ਹੈਂ' ਆਖ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਇਨਕਾਰ ਕਰ ਦਿੱਤਾ ਸੀ।

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਨੂੰ ਔਰੰਗਜ਼ੇਬ ਦੀਆਂ ਨੀਤੀਆਂ ਤੇ ਜ਼ੁਲਮਾਂ ਵਿਰੁੱਧ ਲਾਮਬੰਦ ਕਰਨ ਲਈ ਦੋ ਵੱਡੀਆਂ ਪ੍ਰਚਾਰ-ਯਾਤਰਾਵਾਂ ਕੀਤੀਆਂ। ਉਨ੍ਹਾਂ ਨੇ ਲੋਕਾਂ ਨੂੰ ਸਮਝਾਇਆ ਕਿ ਅਸਲੀ ਗਿਆਨਵਾਨ (ਧਰਮੀ) ਵਿਅਕਤੀ ਉਹ ਹੀ ਹੈ ਜੋ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ :

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥ ੧੬ ॥

*(ਸਲੋਕ ਮ: ੯–੧੪੨੭)*

ਗੁਰੂ ਤੇਗ ਬਹਾਦਰ ਜੀ ਨੇ ਦੂਜਿਆਂ ਦੇ ਧਰਮ ਲਈ ਜਾਨ ਵਾਰ ਕੇ ਸੱਚਾ ਪੀਰ ਤੇ ਸੱਚਾ ਮੀਰ ਬਣਨ ਦੀ ਜਾਚ ਸਿਖਾਈ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਨਾ ਕਰਕੇ, ਅਕਾਲ ਪੁਰਖ ਦੀ ਫ਼ੌਜ ਦੀ ਸਥਾਪਨਾ ਕਰ ਕੇ, ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਸਦੀਵਤਾ ਬਖ਼ਸ਼ੀ। ਖਾਲਸਾ ਪੰਥ ਦੀ ਰਚਨਾ ਬਾਰੇ ਗੁਰੂ ਸਾਹਿਬ ਦਾ ਹਜ਼ੂਰੀ ਕਵੀ ਸੈਣਾ ਸਿੰਘ ਸੈਨਾਪਤੀ ਲਿਖਦਾ ਹੈ :

ਅਸੁਰ ਸੰਘਾਰਬੇ ਕੋ, ਦੁਰਜਨ ਕੇ ਮਾਰਬੇ ਕੋ,
ਸੰਕਟ ਨਿਵਾਰਬੇ ਕੋ, ਖਾਲਸਾ ਬਨਾਯੋ ਹੈ। *(ਗੁਰ ਸੋਭਾ ਗ੍ਰੰਥ)*

ਗੁਰੂ ਸਾਹਿਬ ਨੇ 'ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ' ਲਈ ਆਪਣੇ ਜੀਵਨ ਕਾਲ ਵਿਚ 14 ਤੋਂ 18 ਜੰਗ ਕੀਤੇ ਅਤੇ ਬਹੁਤੇ ਜੰਗਾਂ ਵਿਚ ਜਿੱਤ ਪ੍ਰਾਪਤ ਕੀਤੀ।

ਆਪ ਜੀ ਦਾ ਔਰੰਗਜ਼ੇਬ ਨੂੰ ਲਿਖਿਆ ਜਗਤ-ਪ੍ਰਸਿੱਧ ਵਿਜੈ-ਪੱਤਰ 'ਜ਼ਫ਼ਰਨਾਮਾ' ਵੇਲੇ ਦੇ ਪੀਰ (ਦਸਮ ਪਿਤਾ) ਵਲੋਂ ਵੇਲੇ ਦੇ ਮੀਰ (ਔਰੰਗਜ਼ੇਬ) ਨੂੰ ਰੋਹ ਭਰੀ ਲਲਕਾਰ ਹੈ, ਜਿਸ ਨੂੰ ਸੁਣ ਕੇ ਮੀਰ ਦੇ ਮਨ ਵਿਚ ਇਨਸਾਨੀਅਤ ਜਾਗ ਉਠੀ। ਏਸੇ ਹੀ ਪ੍ਰਸਿੱਧ ਪੱਤਰ ਵਿਚ ਗੁਰੂ ਜੀ ਨੇ 'ਸ਼ਕਤੀ ਦੀ ਵਰਤੋਂ ਦਾ ਸਿਧਾਂਤ' ਉਲੀਕਿਆ ਕਿ 'ਜਦੋਂ ਸਾਰੇ ਹੀਲੇ-ਉਪਾਅ ਅਸਫ਼ਲ ਹੋ ਜਾਣ ਤਾਂ ਮਰਦ ਦਾ ਫ਼ਰਜ਼ ਬਣਦਾ ਹੈ ਕਿ ਉਹ ਤਲਵਾਰ ਦੀ ਮੁੱਠ ਨੂੰ ਹੱਥ ਪਾਵੇ' :

ਚੁ-ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਦਸਮ ਪਾਤਸ਼ਾਹ ਦੇ ਮਗਰੋਂ ਸਿੱਖ-ਪੰਥ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਅਨੇਕਾਂ ਸ਼ਹੀਦੀਆਂ ਦਿੱਤੀਆਂ; ਦੋ ਘੱਲੂਘਾਰਿਆਂ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋਏ, ਪਰ ਸਿੱਖਾਂ ਨੇ ਹਾਰ ਨਹੀਂ ਮੰਨੀ। ਲਗਪਗ ਇਕ ਸਦੀ ਦੇ ਲੰਮੇ ਸੰਘਰਸ਼ ਮਗਰੋਂ, ਮੀਰੀ ਤੇ ਪੀਰੀ ਦੇ ਸੁਮੇਲ ਸਦਕਾ, ਸਿੱਖ ਆਪਣਾ ਰਾਜ-ਭਾਗ ਸਥਾਪਤ ਕਰਨ ਵਿਚ ਸਫ਼ਲ ਹੋ ਗਏ ਅਤੇ ਦਸਮ ਪਿਤਾ ਦੇ ਇਹ ਵਾਕ ਸਤਿ ਹੋਏ :

ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ॥
ਖ੍ਵਾਰ ਹੋਇ ਸਭ ਮਿਲੈਂਗੇ, ਬਚੇ ਸ਼ਰਨ ਜੋ ਹੋਇ॥